SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 34
November 30, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## FLORAL TRIBUTE TO BIJI BISHAN KAUR CHUMBER


Late Smt. Bishan Kaur Chumber

My floral tribute to Biji Bishan Kaur Chumber (W/o Late Sh. Punjab Rai Chumber, mother of Late C. L. Chumber, Tarsem Lal Chumber, Resham Kaur Mehmi, Balwinder Devi Badhan, Naranjan Kaur Ladhar and Prem Kumar Chumber, Editor - in - Chief, "Ambedkar Times" & "Desh Doaba" Weeklies, Sacramento, CA), on her first anniversary.

Biji left for her eternal abode on November 29, 2021. After the early passing of her husband, Biji took the whole responsibility of raising her children single handedly. Her hard work fructified; all her children became well-educated, got respectable jobs and two of them Late C. L. Chumber and Prem Kumar Chumber devoted themselves to the missionary cause of community development in their own humble way.

I have had the honor of meeting Biji during my visits at their residence in Jalandhar (Punjab) India a couple of times and received her blessings. I fondly remember Biji today on her first death anniversary and pay my floral tribute to her!

**Ronki Ram,**
Shaheed Bhagat Singh Chair
Professor of Political Science,
Panjab University, Chandigarh (India)

# ਅਮਰੀਕੀ ਸੈਨੇਟ 'ਚ ਸਮਲਿੰਗੀ ਵਿਆਹ ਨਾਲ ਸਬੰਧਤ ਇਤਿਹਾਸਕ ਬਿੱਲ ਪਾਸ



**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਸੈਨੇਟ ਨੇ ਦੇਸ਼ ਵਿਚ ਸਮਲਿੰਗੀ ਵਿਆਹਾਂ ਨੂੰ ਮਾਨਤਾ ਦੇਣ ਲਈ ਬਿੱਲ ਪਾਸ ਕਰ ਦਿੱਤਾ। ਇਹ ਕਦਮ ਇਸ ਮੁੱਦੇ 'ਤੇ ਰਾਸ਼ਟਰੀ ਰਾਜਨੀਤੀ ਵਿੱਚ ਬਦਲਾਅ ਦਾ ਸੰਕੇਤ ਦਿੰਦਾ ਹੈ। ਸੁਪਰੀਮ ਕੋਰਟ ਦੇ 2015 ਦੇ ਫੈਸਲੇ ਤੋਂ ਬਾਅਦ ਵਿਆਹ ਕਰਵਾਉਣ ਵਾਲੇ ਹਜ਼ਾਰਾਂ ਸਮਲਿੰਗੀ ਜੋੜਿਆਂ ਨੂੰ ਇਹ ਰਾਹਤ ਮਿਲੀ ਹੈ। ਇਸ ਫੈਸਲੇ ਤਹਿਤ ਦੇਸ਼ ਭਰ ਵਿੱਚ ਸਮਲਿੰਗੀ ਵਿਆਹਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਸੀ। ਬਿੱਲ ਨੂੰ 36 ਦੇ ਮੁਕਾਬਲੇ 61 ਵੋਟਾਂ ਨਾਲ ਪਾਸ ਕੀਤਾ ਗਿਆ।

ਰਿਪਬਲਿਕਨ ਪਾਰਟੀ ਦੇ 12 ਮੈਂਬਰਾਂ ਨੇ ਵੀ ਇਸ ਦਾ ਸਮਰਥਨ ਕੀਤਾ ਹੈ। ਸੈਨੇਟ ਦੇ ਬਹੁਗਿਣਤੀ ਨੇਤਾ ਚੱਕ ਸ਼ੂਮਰ ਨੇ ਕਿਹਾ ਕਿ ਬਿਲ ਲੰਮੇ ਸਮੇਂ ਤੋਂ ਲਟਕ ਰਿਹਾ ਸੀ ਅਤੇ ਵਧੇਰੇ ਸਮਾਨਤਾ ਵੱਲ ਅਮਰੀਕਾ ਦੇ ਮੁਸ਼ਕਿਲ ਪਰ ਸਥਿਰ ਮਾਰਗ ਦਾ ਹਿੱਸਾ ਹੈ। ਰਾਸ਼ਟਰਪਤੀ ਜੋਅ ਬਾਈਡਨ ਨੇ ਦੋਵਾਂ ਪਾਰਟੀਆਂ ਦੇ ਮੈਂਬਰਾਂ ਦੁਆਰਾ ਬਿਲ ਦੇ ਸਮਰਥਨ ਦੀ ਸ਼ਲਾਘਾ ਕੀਤੀ ਹੈ। ਉਹਨਾਂ ਕਿਹਾ ਕਿ ਉਹ ਬਹੁਤ ਜਲਦੀ ਬਿਲ ਤੇ ਦਸਤਖਤ ਕਰ ਦੇਣਗੇ, ਜੇਕਰ ਇਹ ਪ੍ਰਤੀਨਿਧ ਸਭਾ ਵਿਚ ਪਾਸ ਹੋ ਜਾਂਦਾ ਹੈ। ਸ੍ਰੀ ਬਾਈਡਨ ਨੇ ਕਿਹਾ ਕਿ ਇਹ ਯਕੀਨੀ ਬਣਾਏਗਾ ਕਿ ਲੈਸਬੀਨ ਭਾਈਚਾਰ ਦੇ ਲੋਕ ਇਹ ਜਾਣ ਕੇ ਖੁਸ਼ ਹੋਣਗੇ ਕਿ ਉਹ ਪੂਰੀ ਤਰ੍ਹਾਂ ਖੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਨ ਅਤੇ ਆਪਣਾ ਪਰਿਵਾਰ ਕਾਇਮ ਕਰ ਸਕਦੇ ਹਨ।

# ਗੁਜਰਾਤ ਚੋਣਾਂ– 1 ਦਸੰਬਰ ਨੂੰ ਪਹਿਲੇ ਗੇੜ ਦੀਆਂ ਪੈਣਗੀਆਂ ਵੋਟਾਂ

**ਅਹਿਮਦਾਬਾਦ (ਬਿਊਰੋ)–** ਗੁਜਰਾਤ ਵਿਚ ਪਹਿਲੇ ਗੇੜ ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਖ਼ਤਮ ਹੋ ਗਿਆ। ਕੁੱਲ 182 ਵਿਚੋਂ 89 ਸੀਟਾਂ ਉਤੇ ਵੋਟਾਂ ਪਹਿਲੇ ਗੇੜ 'ਚ ਪਹਿਲੀ ਦਸੰਬਰ (ਵੀਰਵਾਰ) ਨੂੰ ਪੈਣਗੀਆਂ। ਬਾਕੀ 93 ਸੀਟਾਂ ਲਈ ਚੋਣਾਂ ਪੰਜ ਦਸੰਬਰ ਨੂੰ ਹੋਣਗੀਆਂ। ਭਾਜਪਾ ਪ੍ਰਧਾਨ ਜੇ.ਪੀ. ਨੱਢਾ ਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਅੱਜ ਭਾਵਨਗਰ ਤੇ ਗਾਂਧੀਧਾਮ (ਕੱਛ ਜ਼ਿਲ੍ਹੇ) ਦੇ ਪਹਿਲੇ ਗੇੜ ਵਿਚ ਚੋਣ ਲੜ ਰਹੇ ਪਾਰਟੀ ਉਮੀਦਵਾਰਾਂ ਲਈ ਪ੍ਰਚਾਰ ਕੀਤਾ। ਪਹਿਲੇ ਗੇੜ ਵਿਚ ਚੋਣ ਲੜ ਰਹੇ ਅਹਿਮ ਉਮੀਦਵਾਰਾਂ 'ਚ 'ਆਪ' ਦਾ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਇਸੂਦਾਨ ਗੜਵੀ ਵੀ ਸ਼ਾਮਲ ਹੈ। ਉਹ ਦੇਵਭੂਮੀ ਦਵਾਰਕਾ ਜ਼ਿਲ੍ਹੇ ਦੀ ਖੰਭਾਲੀਆ ਸੀਟ ਤੋਂ ਚੋਣ ਲੜ ਰਹੇ ਹਨ। ਗੁਜਰਾਤ ਦੇ ਸਾਬਕਾ ਮੰਤਰੀ ਪ੍ਰਸ਼ੋਤਮ ਸੋਲੰਕੀ, ਛੇ ਵਾਰ ਵਿਧਾਇਕ ਰਹੇ ਕੁੰਵਰਜੀ ਬਾਵਲੀਆ, ਮੋਰਬੀ ਦੇ 'ਨਾਇਕ' ਕਾਂਤੀਲਾਲ ਅਮਰੁਤੀਆ, ਭਾਰਤੀ ਕ੍ਰਿਕਟਰ ਰਵਿੰਦਰ ਜਡੇਜਾ ਦੀ ਪਤਨੀ ਰਿਵਾਬਾ ਤੇ ਗੁਜਰਾਤ 'ਆਪ' ਦੇ ਪ੍ਰਧਾਨ ਗੋਪਾਲ ਇਟਾਲੀਆ ਵੀ ਪਹਿਲ ਗੇੜ ਵਿਚ ਚੋਣ ਲੜ ਰਹੇ ਅਹਿਮ ਚਿਹਰਿਆਂ ਵਿਚ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਹੋਰ ਭਾਜਪਾ ਆਗੂ ਪਹਿਲਾਂ ਹੀ ਪਾਰਟੀ ਉਮੀਦਵਾਰਾਂ ਲਈ ਪ੍ਰਚਾਰ ਕਰ ਚੁੱਕੇ ਹਨ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੇ ਵੀ ਆਪਣੇ ਪਾਰਟੀ ਉਮੀਦਵਾਰਾਂ ਲਈ ਵੱਡੇ ਪੱਧਰ ਉਤੇ ਪ੍ਰਚਾਰ ਕੀਤਾ ਹੈ ਤੇ ਗੁਜਰਾਤ ਦੇ ਲੋਕਾਂ ਨਾਲ ਕਈ ਵਾਅਦੇ ਕੀਤੇ ਹਨ। ਜ਼ਿਕਰਯੋਗ ਹੈ ਕਿ ਗੁਜਰਾਤ ਸੂਬੇ 'ਤੇ 27 ਸਾਲਾਂ ਤੋਂ ਭਾਜਪਾ ਕਾਬਜ਼ ਹੈ। ਕਾਂਗਰਸ ਵੱਲੋਂ ਪਾਰਟੀ ਪ੍ਰਧਾਨ ਮਲਿਕ-ਾਰਜੁਨ ਖੜਗੇ ਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਪਾਰਟੀ ਉਮੀਦਵਾਰਾਂ ਲਈ ਪ੍ਰਚਾਰ ਕੀਤਾ ਹੈ। ਅੱਜ ਕੇਂਦਰੀ ਮੰਤਰੀ ਅਮਿਤ ਸ਼ਾਹ ਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ 5 ਦਸੰਬਰ ਨੂੰ ਦੂਜੇ ਗੇੜ ਵਿਚ ਚੋਣ ਲੜ ਰਹੇ ਭਾਜਪਾ ਉਮੀਦਵਾਰਾਂ ਲਈ ਪ੍ਰਚਾਰ ਕੀਤਾ। ਚੋਣਾਂ ਦੇ ਨਤੀਜੇ 8 ਦਸੰਬਰ ਨੂੰ ਆਉਣਗੇ।



ਸਿਆਸੀ ਤੌਰ 'ਤੇ ਬੇਹੱਦ ਮਹੱਤਵਪੂਰਨ ਗੁਜਰਾਤ ਚੋਣਾਂ ਜਿੱਤਣ ਲਈ ਵੱਖ-ਵੱਖ ਪਾਰਟੀਆਂ ਨੇ ਪੂਰਾ ਜ਼ੋਰ ਲਾਇਆ ਹੈ ਤੇ ਹਰ ਪੈਂਤੜਾ ਅਪਣਾਇਆ ਹੈ। ਸੱਤਾਧਾਰੀ ਭਾਜਪਾ ਅਤੇ ਨਵੀਂ ਧਿਰ 'ਆਪ' ਨੇ ਵੋਟਰਾਂ ਤੱਕ ਪਹੁੰਚ ਲਈ ਆਨਲਾਈਨ ਪ੍ਰਚਾਰ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਚੋਣ ਪ੍ਰਚਾਰ ਲਈ ਫੇਸਬੁੱਕ ਤੇ ਟਵਿੱਟਰ ਦੀ ਦੱਬ ਕੇ ਵਰਤੋਂ ਕੀਤੀ ਹੈ। ਜਦਕਿ ਕਾਂਗਰਸ ਦੇ ਮੁੱਖ ਸੋਸ਼ਲ ਮੀਡੀਆ ਹੈਂਡਲਾਂ ਨੇ ਚੋਣ ਪ੍ਰਚਾਰ ਲਈ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਨੂੰ ਮੁੱਖ ਤੌਰ 'ਤੇ ਉਭਾਰਿਆ ਹੈ। ਪਿਛਲੇ ਹਫ਼ਤੇ ਦੌਰਾਨ ਕਾਂਗਰਸ ਦੀਆਂ ਜ਼ਿਆਦਾਤਰ ਫੇਸਬੁੱਕ ਤੇ ਟਵਿੱਟਰ ਪੋਸਟਾਂ ਰਾਹੁਲ ਗਾਂਧੀ ਦੀ ਯਾਤਰਾ 'ਤੇ ਕੇਂਦਰਿਤ ਰਹੀਆਂ। ਇਸੇ ਦੌਰਾਨ ਭਾਜਪਾ ਦੇ ਮੁੱਖ ਫੇਸਬੁੱਕ ਪੇਜ ਤੇ ਟਵਿੱਟਰ ਹੈਂਡਲ ਉਤੇ 40 ਪ੍ਰਤੀਸ਼ਤ ਪੋਸਟਾਂ ਗੁਜਰਾਤ ਚੋਣਾਂ ਨਾਲ ਸਬੰਧਤ ਰਹੀਆਂ ਹਨ। ਜਦਕਿ ਆਮ ਆਦਮੀ ਪਾਰਟੀ ਦੇ ਹੈਂਡਲਾਂ 'ਤੇ ਹਰ ਦੂਜੀ ਪੋਸਟ ਗੁਜਰਾਤ ਚੋਣਾਂ ਨਾਲ ਜੁੜੀ ਹੋਈ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ऊना के सलोह स्कूल में एन एस एस के शिविर का आयोजन

## अगर इच्छा बलवती है तो जीवन के दुष्कर लक्ष्यों को प्राप्त करना भी आसान है –पामस राय भट्टी




















Former college principal Dr. HL Dhiman and Mr. Pamas Bhatti addressed the NSS cadets at the Sr. Sec. School Saloh (Una) Himachal Pradesh

सलोह (ऊना) मनुष्य की इच्छा अगर बलवती है तो जीवन के दुष्कर लक्ष्यों को भी आसानी से प्राप्त किया जा सकता है। जीवन के इन लक्ष्यों को पाने के लिए मनुष्य को नियतवान, धैर्यवान, निष्ठावान, लगनशील व परिश्रमशील होना जरूरी है। यह बात श्री पामस राय भट्टी ने राजकीय वरिष्ठ माध्यमिक पाठशाला सलोह (ऊना) के परिसर में स्थानीय स्कूल के बच्चों के लिए आयोजित एनएसएस कैंप में कही। अमेरिकी राज्य के डिपार्टमेंट ऑफ जस्टिस से एक उच्च अधिकारी के रूप में सेवानिवृत्त श्री पामस राय भट्टी कभी इसी स्कूल के छात्र रहे हैं। स्कूल से लेकर कैलिफोर्निया तक तय की गई अपनी जीवन यात्रा की कठिनाईयों व तत्कालीन असुविधाओं को बच्चों से सांझा करते हुए श्री पामस राय ने बच्चों को जीवन में सफल होने के लिए कठिन से कठिन परिस्थितियों का सामना करने के लिए तैयार रहने को कहा ।

बीसवीं शताब्दी के सातवें दशक में इसी स्कूल मेंअपने विद्यार्थी जीवन के बिताए हुए लम्हों को याद करते हुए श्री पामस राय भट्टी अत्यंत भावुक हो उठे। उन्होंने कहा कि जीवन में तुम्हारा उद्देश्य बड़ा होना चाहिए जिसको पाने की ललक में आसमान की ऊंचाइयों भी कम होती हैं। इससे पूर्व राजकीय महाविद्यालय ऊना में सेवारत रहे डॉ एचएल धीमान ने भी बच्चों को संबोधित कर उनमें नई ऊर्जा व चेतना का संदेश संचारित कर उनको मोटिवेट किया।

इस अवसर पर उनके साथ पड़ोसी स्कूल के केंद्रीय मुख्य शिक्षक श्री संदेश कुमार भी साथ थे। स्कूल के उप प्राचार्य श्री सुदर्शन कुमार कौशल, एनएसएस प्रभारी श्री सतपाल व अन्य स्टाफगण ने अमेरिका से आए अपने पूर्व–छात्र व प्रवासी भारतीय श्री पामस राय भट्टी का अपने स्कूल में पहुंचने पर अभिनंदन व धन्यवाद किया। प्राचार्य श्री कौशल ने विद्यालय की सात दिवसीय एनएसएस कैंप में इस उप. स्थिति को अत्यधिक गौरवमय व बच्चों के लिए प्रेरणादायक बताया।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਰਤ ਦੀ ਵੱਧ ਰਹੀ ਅਰਥਵਿਵਸਥਾ ਪਿੱਛੇ ਸੰਵਿਧਾਨ ਦੀ ਤਾਕਤ-ਪੀਐੱਮ ਮੋਦੀ

**ਨਵੀਂ ਦਿੱਲੀ–** ਅੱਜ ਸੰਵਿਧਾਨ ਦਿਵਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੁਪਰੀਮ ਕੋਰਟ ਪੁੱਜੇ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੇਸ਼ ਦੇ ਗਰੀਬ ਅਤੇ ਔਰਤਾਂ ਸੰਵਿਧਾਨ ਦੇ ਕਾਰਨ ਹੀ ਸਸ਼ਕਤ ਹਨ। ਉਨ੍ਹਾਂ ਕਿਹਾ ਕਿ ਅੱਜ ਭਾਰਤ ਸਾਰੀਆਂ ਮੁਸ਼ਕਿਲਾਂ ਨੂੰ ਪਿੱਛੇ ਛੱਡ ਕੇ ਅੱਗੇ ਵੱਧ ਰਿਹਾ ਹੈ। ਪੀਐੱਮ ਨੇ ਕਿਹਾ ਕਿ ਨੌਜਵਾਨਾਂ ਲਈ ਦੇਸ਼ ਦੇ ਸੰਵਿਧਾਨ ਨੂੰ ਜਾਣਨਾ ਜ਼ਰੂਰੀ ਹੈ, ਜਦੋਂ ਉਨ੍ਹਾਂ ਨੂੰ ਇਹ ਪਤਾ ਹੋਵੇਗਾ ਤਾਂ ਉਨ੍ਹਾਂ ਨੂੰ ਕਈ ਸਵਾਲਾਂ ਦੇ ਜਵਾਬ ਆਪਣੇ ਆਪ ਮਿਲ ਜਾਣਗੇ।

ਦੁਨੀਆ ਦੀਆਂ ਨਜ਼ਰਾਂ ਭਾਰਤ ’ਤੇ ਟਿਕੀਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੇ ਗਲੋਬਲ ਹਾਲਾਤ ’ਚ ਪੂਰੀ ਦੁਨੀਆ ਦੀਆਂ ਨਜ਼ਰਾਂ ਭਾਰਤ ’ਤੇ ਟਿਕੀਆਂ ਹੋਈਆਂ ਹਨ। ਭਾਰਤ ਦੀ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਅਤੇ ਇਸ ਦੇ ਮਜ਼ਬੂਤ ਗਲੋਬਲ ਅਕਸ ਕਾਰਨ ਦੁਨੀਆ ਸਾਡੇ ਵੱਲ ਵੱਡੀਆਂ ਉਮੀਦਾਂ ਨਾਲ ਦੇਖ ਰਹੀ ਹੈ। ਪੀਐੱਮ ਨੇ ਕਿਹਾ ਕਿ ਇਸ ਦੇ ਪਿੱਛੇ ਸਭ ਤੋਂ ਵੱਡੀ ਤਾਕਤ ਸਾਡਾ ਸੰਵਿਧਾਨ ਹੈ।



**26/11 ਦੇ ਅੱਤਵਾਦੀ ਹਮਲੇ ਵਿੱਚ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਦਿਨ ਮੁੰਬਈ ਵਿੱਚ 26/11 ਦਾ ਅੱਤਵਾਦੀ ਹਮਲਾ ਹੋਇਆ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ 14 ਸਾਲ ਪਹਿਲਾਂ, ਜਦੋਂ ਭਾਰਤ ਆਪਣੇ ਸੰਵਿਧਾਨ ਅਤੇ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਦਾ ਜਸ਼ਨ ਮਨਾ ਰਿਹਾ ਸੀ, ਭਾਰਤ ’ਤੇ ਸਭ ਤੋਂ ਵੱਡਾ ਅੱਤਵਾਦੀ ਹਮਲਾ ਮਨੁੱਖਤਾ ਦੇ ਦੁਸ਼ਮਣਾਂ ਦੁਆਰਾ ਕੀਤਾ ਗਿਆ ਸੀ। ਮੈਂ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਜਿਨ੍ਹਾਂ ਨੇ ਹਮਲੇ ਵਿੱਚ ਆਪਣੀ ਜਾਨ ਗਵਾਈ। ਦੇਸ਼ ਨੂੰ ਸੰਵਿਧਾਨ ਦੇਣ ਵਾਲੀਆਂ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਤੋਂ ਪਹਿਲਾਂ ਇੱਕ ਟਵੀਟ ਵਿੱਚ ਸੰਵਿਧਾਨ ਦੇਣ ਵਾਲੇ ਮਹਾਨ ਨੇਤਾਵਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਰਾਸ਼ਟਰ ਲਈ ਉਨ੍ਹਾਂ ਦੇ ਵਿਜ਼ਨ ਨੂੰ ਪੂਰਾ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। 2015 ਤੋਂ, ਸੰਵਿਧਾਨ ਸਭਾ ਦੁਆਰਾ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਵਿੱਚ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲਾਂ ਇਸ ਦਿਨ ਨੂੰ ਕਾਨੂੰਨ ਦਿਵਸ ਵਜੋਂ ਮਨਾਇਆ ਜਾਂਦਾ ਸੀ। ਸਮਾਜਿਕ ਵੰਡ ਨੂੰ ਖ਼ਤਮ ਕਰਨ ਦੀ ਲੋੜ ਐਡਵੋਕੇਟ ਆਰ ਵੈਂਕਟਾਰਮਣੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਾਤ-ਪਾਤ ਅਤੇ ਹੋਰ ਸਮਾਜਿਕ ਵੰਡੀਆਂ ਦੀਆਂ ਕੁਝ ਨੁਕਸਾਨਦੇਹ ਸਮੱਸਿਆਵਾਂ ਨੂੰ ਖ਼ਤਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਰਾਬਰੀ ਦਾ ਦਾਅਵਾ ਗੁੰਝਲਦਾਰ ਹੈ ਅਤੇ ਨਵੀਂ ਵੰਡ ਪੈਦਾ ਕੀਤੇ ਬਿਨਾਂ ਕਾਨੂੰਨ, ਸਮਾਜ ਅਤੇ ਅਦਾਲਤਾਂ ਵਿਚਕਾਰ ਤਾਲਮੇਲ ਲਈ ਅਨੁਕੂਲਤਾ ਹੋਣੀ ਚਾਹੀਦੀ ਹੈ।

ਆਜ਼ਾਦੀ ਨੇ ਸਾਡੇ ’ਤੇ ਵੱਡੀਆਂ ਜ਼ਿੰਮੇਵਾਰੀਆਂ ਪਾਈਆਂ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਡਾ.ਬੀ.ਆਰ.ਅੰਬੇਦਕਰ ਨੇ ਕਿਹਾ ਸੀ ਕਿ ਇਸ ਆਜ਼ਾਦੀ ਨੇ ਸਾਡੇ ’ਤੇ ਵੱਡੀਆਂ ਜ਼ਿੰਮੇਵਾਰੀਆਂ ਪਾ ਦਿੱਤੀਆਂ ਹਨ, ਜਿਨ੍ਹਾਂ ਨੂੰ ਸਾਨੂੰ ਅੱਜ ਵੀ ਯਾਦ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਕਈ ਮੌਕਿਆਂ ’ਤੇ ਅਦਾਲਤਾਂ ਵਿੱਚ ਸਥਾਨਕ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਨੂੰ ਉਜਾਗਰ ਕੀਤਾ ਹੈ ਤਾਂ ਜੋ ਸਾਡੇ ਦੇਸ਼ ਦੇ ਆਮ ਲੋਕਾਂ ਦਾ ਨਿਆਂ ਪ੍ਰਣਾਲੀ ਵਿੱਚ ਵਿਸ਼ਵਾਸ ਵਧਾਇਆ ਜਾ ਸਕੇ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਜੋੜਿਆ ਜਾ ਸਕੇ।

ਇਸੇ ਲਈ ਸੰਵਿਧਾਨ ਦਿਵਸ ਮਨਾਇਆ ਜਾਂਦਾ ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ ਡਾ ਬੀ ਆਰ ਅੰਬੇਡਕਰ ਨੂੰ ਸ਼ਰਧਾਂਜਲੀ ਦੇਣ ਲਈ, ਸਮਾਜਿਕ ਨਿਆਂ ਮੰਤਰਾਲੇ ਨੇ 19 ਨਵੰਬਰ 2015 ਨੂੰ 26 ਨਵੰਬਰ ਨੂੰ ਦੇਸ਼ ਦੇ ਸੰਵਿਧਾਨ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ। ਇਸ ਦਾ ਮਕਸਦ ਦੇਸ਼ ਦੇ ਲੋਕਾਂ ਨੂੰ ਸੰਵਿਧਾਨ ਪ੍ਰਤੀ ਜਾਗਰੂਕ ਕਰਨਾ ਵੀ ਹੈ। ਸੰਵਿਧਾਨ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਤਾਂ ਜੋ ਦੇਸ਼ ਦੇ ਹਰ ਨਾਗਰਿਕ ਨੂੰ ਸੰਵਿਧਾਨਕ ਕਦਰਾਂ-ਕੀਮਤਾਂ ਬਾਰੇ ਪਤਾ ਲੱਗ ਸਕੇ।

**ਈ-ਕੋਰਟ ਪ੍ਰੋਜੈਕਟ ਸ਼ੁਰੂ**

ਇਸ ਪ੍ਰੋਗਰਾਮ ਵਿੱਚ ਪੀਐੱਮ ਮੋਦੀ ਨੇ ਸਭ ਤੋਂ ਪਹਿਲਾਂ ਈ-ਕੋਰਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਤਹਿਤ ਵਰਚੁਅਲ ਜਸਟਿਸ ਕਲਾਕ, ਡਿਜੀਟਲ ਕੋਰਟ ਅਤੇ ਜਸਟਿਸ ਮੋਬਾਈਲ ਐਪ 2.0 ਲਾਂਚ ਕੀਤੇ ਜਾਣਗੇ।

ਲਾਂਚ ਕਰਨ ਤੋਂ ਬਾਅਦ ਪੀਐੱਮ ਨੇ ਕਿਹਾ ਕਿ 1949 ਵਿੱਚ ਅੱਜ ਦੇ ਦਿਨ ਆਜ਼ਾਦ ਭਾਰਤ ਨੇ ਆਪਣੇ ਲਈ ਇੱਕ ਨਵੇਂ ਭਵਿੱਖ ਦੀ ਨੀਂਹ ਰੱਖੀ ਸੀ। ਇਸ ਵਾਰ ਦਾ ਸੰਵਿਧਾਨ ਦਿਵਸ ਇਸ ਲਈ ਵੀ ਖਾਸ ਹੈ ਕਿਉਂਕਿ ਭਾਰਤ ਨੇ ਆਪਣੀ ਆਜ਼ਾਦੀ ਦੇ 75 ਸਾਲ ਪੂਰੇ ਕਰ ਲਏ ਹਨ।

# ਮਹਿੰਗਾਈ ਨੂੰ ਲੈ ਕੇ ਸਰਕਾਰ ਦੀ ਚੁੱਪੀ ਨਿਰਾਸ਼ਾਜਨਕ-ਮਾਇਆਵਤੀ

**ਲਖਨਊ–** ਭਾਰਤ ਵਿਚ ਵੱਧ ਰਹੀ ਮਹਿੰਗਾਈ ਨੂੰ ਲੈ ਕੇ ਬਸਪਾ ਸੁਪਰੀਮੋ ਮਾਇਆਵਤੀ ਨੇ ਖਾਧ ਪਦਾਰਥਾਂ ਨੂੰ ਲੈ ਕੇ ਸਰਕਾਰ ਨੂੰ ਕਿਹਾ ਇਸ ਦਾ ਜਵਾਬ ਦੇਣ ਅਤੇ ਉਪਾਅ ਲੱਭਣ ਦੀ ਬਜਾਏ ਜ਼ਿਆਦਾਤਰ ਖਾਮੋਸ਼ ਬਣੀ ਰਹਿੰਦੀ ਹੈ।



ਮਾਇਆਵਤੀ ਨੇ ਟਵੀਟ ਕੀਤਾ, ‘‘ਦੇਸ਼ ’ਚ ਗਰੀਬੀ ਅਤੇ ਪਿਛੜੇਪਨ ਦੇ ਲਾਚਾਰ ਜੀਵਨ ’ਚ ਮਹਿੰਗਾਈ ਦੀ ਮਾਰ ਅਤੇ ਬੇਰੁਜ਼ਗਾਰੀ ਨਾਲ ਪੀੜਤ ਮਿਹਨਤੀ ਲੋਕ ਹਰ ਦਿਨ ਆਟਾ, ਦਾਲ-ਚੌਲ ਅਤੇ ਲੂਣ-ਤੇਲ ਆਦਿ ਦੀ ਮਹਿੰਗੀ ਕੀਮਤ ਨੂੰ ਲੈ ਕੇ ਸਰਕਾਰ ਨੂੰ ਕੋਸਦੇ ਰਹਿੰਦੇ ਹਨ ਪਰ ਉਹ ਇਸ ਦਾ ਜਵਾਬ ਦੇਣ ਅਤੇ ਉਪਾਅ ਲੱਭਣ ਦੀ ਬਜਾਏ ਜ਼ਿਆਤਰ ਖਾਮੋਸ਼ ਬਣੀ ਰਹਿੰਦੀ ਹੈ, ਅਜਿਹਾ ਕਿਉਂ?

ਉਨ੍ਹਾਂ ਕਿਹਾ, ‘‘ਹੁਣ ਆਟੇ ਦੀ ਕੀਮਤ ਵੀ ਇਕ ਸਾਲ ’ਚ ਕਾਫ਼ੀ ਮਹਿੰਗੀ ਹੋ ਕੇ ਲਗਭਗ 37 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਪਹੁੰਚਣ ਨਾਲ ਲੋਕਾਂ ’ਚ ਬੇਚੈਨੀ ਅਤੇ ਨਿਰਾਸ਼ਾ ਹੈ। ਅਜਿਹੇ ’ਚ ਸਰਕਾਰ ਨੂੰ ਆਪਣੀ ਲਾਪਰਵਾਹੀ ਆਦਿ ਤਿਆਗ ਕੇ ਇਸ ਦੇ ਹੱਲ ਲਈ ਗੰਭੀਰ ਉਪਾਅ ’ਚ ਜੁਟ ਜਾਣਾ ਹੀ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ।’’ ਮਾਇਆਵਤੀ ਨੇ ਕਿਹਾ, ‘‘ਭਾਰਤ ਵਰਗੇ ਵਿਸ਼ਾਲ ਆਬਾਦੀ ਵਾਲੇ ਦੇਸ਼ ’ਚ ਇੱਥੇ ਸਾਲਾਂ ਤੋਂ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਹੁਣ ਅਸਲੀ ਰਾਜਨੀਤਕ ਅਤੇ ਚੋਣ ਚਿੰਤਾ ਨਹੀਂ ਰਹੀ, ਉਦੋਂ ਵੀ ਸਾਰੀਆਂ ਸਰਕਾਰਾਂ ਦਾ ਇਨ੍ਹਾਂ ਦੇ ਪ੍ਰਤੀ ਉਦਾਸੀਨ ਬਣ ਰਹਿ ਕੇ ਦੇਸ਼ ਦੀ ਤਰੱਕੀ ਅਤੇ ਜਨਤਾ ਦੀ ਉੱਨਤੀ ’ਚ ਰੋੜ੍ਹਾ ਬਣੇ ਰਹਿਣਾ ਦੁਖ਼ਦ ਹੈ।’’


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਆਮ ਨਾਲੋਂ ਵੱਖਰੇ ਉਦਘਾਟਨੀ ਸਮਾਰੋਹ ਨਾਲ ਕਤਰ ਵਿਚ ਫੀਫਾ ਵਰਲਡ ਕੱਪ ਦਿਲਚਸਪ ਬਣਿਆ

ਕਤਰ ਵਿਚ ਚੱਲ ਰਹੇ ਫੀਫਾ ਵਰਲਡ ਕੱਪ ਦਾ ਉਦਘਾਟਨੀ ਸਮਾਰੋਹ ਪਹਿਲਾਂ ਹੁੰਦੇ ਸਮਾਗਮਾਂ ਨਾਲੋਂ ਨਵੇਕਲਾ ਤੇ ਵੱਖਰਾ ਨਜ਼ਰ ਆਇਆ। ਸਾਰੀਆਂ ਚੁਣੌਤੀਆਂ, ਇਲਜ਼ਾਮਾਂ ਤੇ ਸ਼ੱਕਾਂ ਨੂੰ ਮਾਤ ਪਾਉਣ ਤੋਂ ਬਾਅਦ ਕਤਰ ਕੋਲ ਇਹ ਇੱਕ ਮੌਕਾ ਸੀ ਕਿ ਉਹ ਦੁਨੀਆਂ ਤੇ ਅਰਬਾਂ ਦੇਖਣ ਵਾਲਿਆਂ ਸਾਹਮਣੇ ਆਪਣੇ ਹੁਨਰ ਤੇ ਸਮਰੱਥਾਂ ਨੂੰ ਪੇਸ਼ ਕਰ ਸਕਦਾ। ਦੂਰ ਬੰਜਰ ਮਾਰੂਥਲ ਦੀ ਬੇਅਬਾਦ ਜ਼ਮੀਨ ਵਿੱਚ ਉਸਾਰੇ ਗਏ ਅਲ-ਬਾਇਤ ਸਟੇਡੀਅਮ ਵਿੱਚ ਇਤਿਹਾਸ ਦੇ ਸਭ ਤੋਂ ਵਿਵਾਦਪੂਰਨ ਵਿਸ਼ਵ ਕੱਪ ਦਾ ਉਦਘਾਟਨ ਹੋਇਆ। ਸੌਖਿਆਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਜਗ੍ਹਾ ਕਿਉਂ ਚੁਣੀ ਗਈ ਇੱਕ ਵਿਸ਼ਾਲ ਵੱਖ-ਵੱਖ ਰੰਗਾਂ ਨਾਲ ਡਿਜ਼ਾਈਨ ਕੀਤਾ ਟੈਂਟ। ਜੋ ਖਾਨਾਬਦੋਸ਼ਾਂ ਦੀ ਜ਼ਿੰਦਗੀ ਦੀ ਯਾਦ ਦਵਾਉਂਦਾ ਸੀ, ਨਿਰਮਾਣ ਕਲਾ ਦਾ ਇੱਕ ਅਦਭੁੱਤ ਨਮੂਨਾ ਸੀ। ਮੁੱਖ ਪ੍ਰੋਗਰਾਮ ਤੋਂ ਪਹਿਲਾਂ ਹੋਣ ਵਾਲੀਆਂ ਸ਼ੁਰੂਆਤੀ ਰਸਮਾਂ ਬੇਲੋੜੀਆਂ ਜਾਪਦੀਆਂ ਸਨ ਪਰ ਇਹ ਅਹਿਮ ਤੇ ਵੱਖਰੀਆਂ ਸਨ। ਜੋ ਕੁਝ ਪਹਿਲਾਂ ਵਾਪਰਿਆ ਕਤਰ ਵਾਸੀ ਉਸ ਤੋਂ ਬਾਅਦ ਕੋਈ ਵੀ ਗੜਬੜ ਨਹੀਂ ਕਰਨਾ ਚਾਹੁੰਦੇ।



ਦੱਖਣ ਏਸ਼ੀਆ ਦੇ ਗਾਇਕ ਜੰਗ ਕੁਕ ਦੀ ਸ਼ਾਮੂਲੀਅਤ ਨੌਜਵਾਨਾਂ ਨੂੰ ਪੱਬਾਂ ਭਾਰ ਲੈ ਆਈ ਉਸ ਦੇ ਆਉਂਦਿਆਂ ਹੀ ਸਟੇਡੀਅਮ ਤਾੜੀਆਂ ਨਾਲ ਗੂੰਜ ਉੱਠਿਆ। ਕਤਰ ਵਾਸੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਸੇ ਵੀ ਨਕਾਰਾਤਮਕ ਵਿਸ਼ੇ 'ਤੇ ਗੱਲ ਕਰਨ ਤੋਂ ਗੁਰੇਜ਼ ਕੀਤਾ। ਉਹ ਉਤਸ਼ਾਹਿਤ ਤੇ ਮਾਣਮੱਤੇ ਨਜ਼ਰ ਆਏ। ਉਦਘਾਟਨ ਤੋਂ ਬਾਅਦ ਮੈਚਾਂ ਦਾ ਸ਼ੁਰੂ ਹੋਣਾ ਸੰਚਾਲਕਾਂ ਲਈ ਇੱਕ ਸੁੱਖ ਦਾ ਸਾਹ ਲੈਣ ਵਰਗਾ ਸੀ।

**ਕਤਰ ਪਹਿਲਾ ਮੈਚ ਹਾਰਿਆ**

ਫੀਫਾ ਵਿਸ਼ਵ ਕੱਪ ਦਾ ਪਹਿਲਾ ਮੈਚ ਕਤਰ ਤੇ ਈਕਵਾਡੋਰ ਦਰਮਿਆਨ ਹੋਇਆ। ਕਤਰ ਦੇ ਅਲ-ਬਿਆਤ ਸਟੇਡੀਅਮ ਵਿੱਚ ਇੱਕ ਸ਼ਾਨਦਾਰ ਸਮਾਹੋਰ ਨਾਲ ਫੀਫਾ ਵਿਸ਼ਵ ਕੱਪ ਸ਼ੁਰੂ ਹੋ ਗਿਆ। ਪਹਿਲਾ ਮੈਚ ਕਤਰ ਤੇ ਈਕਵਾਡੋਰ ਦਰਮਿਆਨ ਹੋਇਆ। ਇ ਹ ਪਹਿਲੀ ਵਾਰ ਸੀ ਕਿ ਕੋਈ ਮੇਜ਼ਬਾਨ ਦੇਸ ਪਹਿਲਾਂ ਮੈਚ ਹਾਰ ਜਾਵੇ।ਈ ਕਵਾਡੋਰਨ ਨੇ ਇਹ ਮੈਚ 2-0 ਨਾਲ ਜਿੱਤਿਆ। ਜੇਤੂ ਟੀਮ ਨੇ ਪਹਿਲੇ ਅੱਧ ਦੇ 16ਵੇਂ ਤੇ 31ਵੇਂ ਮਿੰਟ ਵਿੱਚ ਗੋਲ ਦਾਗੇ ਤੇ ਪੂਰੇ ਮੈਚ ਦੌਰਾਨ ਕਤਰ ਦੀ ਟੀਮ 'ਤੇ ਹਾਵੀ ਰਹੀ।

**ਡਰਾਅ ਨਾਲ ਵੀ ਨਾਕਆਊਟ 'ਚ ਪੁੱਜੇਗਾ ਇੰਗਲੈਂਡ**

ਇੰਗਲੈਂਡ ਦਾ ਮੰਗਲਵਾਰ ਨੂੰ ਗਰੁੱਪ ਸਟੇਜ ਦੇ ਆਖ਼ਰੀ ਮੁਕਾਬਲੇ ਵਿਚ ਵੇਲਜ਼ ਨਾਲ ਮੁਕਾਬਲਾ ਹੋਵੇਗਾ। ਇਸ ਮੈਚ ਨੂੰ ਡਰਾਅ ਕਰ ਕੇ ਵੀ ਇੰਗਲੈਂਡ ਨਾਕਆਊਟ ਵਿਚ ਪੁੱਜ ਜਾਵੇਗਾ। ਇੰਗਲੈਂਡ ਨੂੰ ਆਖ਼ਰੀ ਗਰੁੱਪ ਮੈਚ ਵਿਚ ਜੇ ਵਾਧੂ ਪ੍ਰੇਰਨਾ ਦੀ ਲੋੜ ਹੈ ਤਾਂ ਉਸ ਨੂੰ ਸਿਰਫ਼ 2016 ਵਿਚ ਜਾਰੀ ਹੋਇਆ ਵੀਡੀਓ ਦੇਖਣ ਦੀ ਲੋੜ ਹੈ। ਇੰਗਲੈਂਡ ਦੇ ਉਸ ਸਮੇਂ ਯੂਰਪੀ ਚੈਂਪੀਅਨਸ਼ਿਪ ਵਿਚ ਆਈਸਲੈਂਡ ਖ਼ਿਲਾਫ਼ ਹਾਰ ਦੇ ਨਾਲ ਟੂਰਨਾਮੈਂਟ ਤੋਂ ਬਾਹਰ ਹੋਣ 'ਤੇ ਵੇਲਜ਼ ਦੇ ਖਿਡਾਰੀਆਂ ਦਾ ਜਸ਼ਨ ਮਨਾਉਣ ਦਾ ਵੀਡੀਓ ਜਾਰੀ ਹੋਇਆ ਹੈ। ਇੰਗਲੈਂਡ ਉਸ ਸਮੇਂ ਸ਼ਰਮਸਾਰ ਹੋਇਆ ਸੀ। ਗਰੁੱਪ ਗੇੜ ਵਿਚ ਇੰਗਲੈਂਡ ਹੱਥੋਂ ਹਾਰਨ ਵਾਲੀ ਵੇਲਜ਼ ਦੀ ਟੀਮ ਹਾਲਾਂਕਿ ਸੈਮੀਫਾਈਨਲ ਵਿਚ ਪੁੱਜਣ ਵਿਚ ਕਾਮਯਾਬ ਰਹੀ ਸੀ। ਤਦ ਤੋਂ ਹਾਲਾਂਕਿ ਕਾਫੀ ਕੁਝ ਬਦਲ ਗਿਆ ਹੈ ਤੇ ਇੰਗਲੈਂਡ ਦੀ ਟੀਮ ਵਿਚ ਕਾਫੀ ਸੁਧਾਰ ਹੋਇਆ ਹੈ। ਟੀਮ 2018 ਵਿਸ਼ਵ ਕੱਪ ਦੇ ਸੈਮੀਫਾਈਨਲ ਤੇ ਪਿਛਲੇ ਸਾਲ ਯੂਰਪੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਪੁੱਜੀ ਜਿੱਥੇ ਉਸ ਨੂੰ ਇਟਲੀ ਖ਼ਿਲਾਫ਼ ਪੈਨਲਟੀ ਸ਼ੂਟਆਊਟ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਕਤਰ ਵਿਚ ਖ਼ਿਤਾਬ ਦੇ ਦਾਅਵੇਦਾਰਾਂ ਵਿਚ ਸ਼ਾਮਲ ਇੰਗਲੈਂਡ ਦੀ ਟੀਮ ਨੂੰ ਨਾਕਆਊਟ ਵਿਚ ਥਾਂ ਯਕੀਨੀ ਬਣਾਉਣ ਲਈ ਵੇਲਜ਼ ਖ਼ਿਲਾਫ਼ ਸਿਰਫ਼ ਇਕ ਅੰਕ ਹਾਸਲ ਕਰਨ ਦੀ ਲੋੜ ਹੈ। ਇੰਗਲੈਂਡ ਦੀ ਟੀਮ ਹਾਲਾਂਕਿ ਹਾਰ ਦੇ ਬਾਵਜੂਦ ਅਗਲੇ ਗੇੜ ਵਿਚ ਥਾਂ ਬਣਾ ਸਕਦੀ ਹੈ ਪਰ ਇਸ ਲਈ ਉਸ ਨੂੰ ਆਪਣਾ ਗੋਲ ਦਾ ਫ਼ਰਕ ਬਿਹਤਰ ਰੱਖਣਾ ਪਵੇਗਾ। ਵੇਲਜ਼ ਦੀ ਟੀਮ ਅੰਕ ਸੂਚੀ ਵਿਚ ਆਖ਼ਰੀ ਸਥਾਨ 'ਤੇ ਚੱਲ ਰਹੀ ਹੈ ਤੇ ਉਸ ਨੇ ਦੋ ਮੈਚਾਂ ਵਿਚ ਸਿਰਫ਼ ਇਕ ਅੰਕ ਹਾਸਲ ਕੀਤਾ ਹੈ। ਵਿਸ਼ਵ ਕੱਪ ਵਿਚ 1958 ਤੋਂ ਬਾਅਦ ਖੇਡ ਰਹੀ ਵੇਲਜ਼ ਦੀ ਟੀਮ ਨੂੰ ਨਾਕਆਊਟ ਦੀ ਉਮੀਦ ਜਿਉਂਦੀ ਰੱਖਣ ਲਈ ਇੰਗਲੈਂਡ ਖ਼ਿਲਾਫ਼ ਹਰ ਹਾਲ ਵਿਚ ਜਿੱਤ ਦਰਜ ਕਰਨੀ ਪਵੇਗੀ। ਵੇਲਜ਼ ਨੇ ਹਾਲਾਂਕਿ 1984 ਤੋਂ ਬਾਅਦ ਇੰਗਲੈਂਡ ਖ਼ਿਲਾਫ਼ ਪਹਿਲੀ ਜਿੱਤ ਦਰਜ ਕਰਨੀ ਹੈ ਤੇ ਉਸ ਨੂੰ ਗੇਰੇਥ ਬੇਲ ਤੋਂ ਪ੍ਰੇਰਣਾ ਲੈਣੀ ਪਵੇਗੀ। ਇੰਗਲੈਂਡ ਦੇ ਹੈਰੀ ਕੇਨ ਮੌਜੂਦਾ ਟੂਰਨਾਮੈਂਟ ਵਿਚ ਇਕ ਵੀ ਗੋਲ ਨਹੀਂ ਕਰ ਸਕੇ ਹਨ। ਈਰਾਨ ਖ਼ਿਲਾਫ਼ ਪਹਿਲੇ ਮੈਚ ਵਿਚ ਗਿੱਟੇ ਵਿਚ ਸੱਟ ਲੱਗਣ ਤੋਂ ਬਾਅਦ ਉਹ ਅਮਰੀਕਾ ਖ਼ਿਲਾਫ ਗੋਲਰਹਿਤ ਡਰਾਅ ਦੌਰਾਨ ਲੈਅ ਵਿਚ ਨਹੀਂ ਦਿਖੇ ਸਨ।

**ਬ੍ਰਾਜੀਲ ਨੇ ਸਰਬੀਆ ਨੂੰ 2-0 ਨਾਲ ਹਰਾਇਆ**

ਆਪਣਾ ਪਹਿਲਾ ਵਿਸ਼ਵ ਕੱਪ ਖੇਡ ਰਹੇ ਰਿਚਾਰਲਿਸਨ ਦੇ ਦੂਜੇ ਅੱਧ ਵਿਚ ਕੀਤੇ ਗਏ ਦੋ ਗੋਲਾਂ ਦੀ ਮਦਦ ਨਾਲ ਪੰਜ ਵਾਰ ਦੇ ਚੈਂਪੀਅਨ ਬ੍ਰਾਜ਼ੀਲ ਨੇ ਫੀਫਾ ਵਿਸ਼ਵ ਕੱਪ ਵਿਚ ਸਰਬੀਆ ਖ਼ਿਲਾਫ਼ 2-0 ਦੀ ਜਿੱਤ ਦੇ ਨਾਲ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਰਿਚਾਰਲਿਸਨ ਨੇ ਮੈਚ ਦੇ 62ਵੇਂ ਤੇ 73ਵੇਂ ਮਿੰਟ ਵਿਚ ਗੋਲ ਕੀਤੇ। ਬ੍ਰਾਜ਼ੀਲ ਲਈ ਹਾਲਾਂਕਿ ਉਸ ਦੇ ਸਟਾਰ ਸਟ੍ਰਾਈਕਰ ਨੇਮਾਰ ਦਾ ਜ਼ਖ਼ਮੀ ਹੋਣਾ ਚਿੰਤਾ ਦਾ ਵਿਸ਼ਾ ਬਣ ਗਿਆ। ਬ੍ਰਾਜ਼ੀਲ ਦੇ ਕੋਚ ਟਿਟੇ ਨੇ ਮੈਚ ਲਈ ਹਮਲਾਵਰ ਰੁਖ਼ ਅਪਣਾਉਂਦੇ ਹੋਏ ਚਾਰ ਫਾਰਵਰਡ ਖਿਡਾਰੀਆਂ ਦੇ ਨਾਲ ਸ਼ੁਰੂਆਤ ਕੀਤੀ। ਇਸ ਵਿਚ ਨੇਮਾਰ, ਵਿਨੀਸੀਅਸ ਤੇ ਰਿਚਾਰਲਿਸਨ ਨਾਲ ਰਾਫਿਨਹਾ ਸ਼ਾਮਲ ਸਨ। ਨੇਮਾਰ 'ਤੇ ਜ਼ਿਆਦਾ ਧਿਆਨ ਦੇਣ ਕਾਰਨ ਸਰਬੀਆ ਦੀ ਰੱਖਿਆ ਕਤਾਰ ਰਿਚਾਰਲਿਸਨ ਨੂੰ ਨਹੀਂ ਰੋਕ ਸਕੀ ਤੇ 25 ਸਾਲਾ ਰਿਚਾਰਲਿਸਨ ਨੇ ਮੌਕੇ ਦਾ ਪੂਰਾ ਫ਼ਾਇਦਾ ਉਠਾਇਆ। ਰਿਚਾਰਲਿਸਨ ਨੇ ਦੂਜੇ ਅੱਧ ਵਿਚ ਬਾਕਸ ਕੋਲ ਵਿਨੀਸੀਅਸ ਜੂਨੀਅਰ ਤੋਂ ਮਿਲੇ ਪਾਸ 'ਤੇ ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਸਾਹਮਣੇ ਤੋਂ ਸ਼ਾਟ ਮਾਰਿਆ ਜੋ ਗੋਲ ਪੋਸਟ ਨੂੰ ਪਾਰ ਕਰ ਗਿਆ। ਇਸ ਤੋਂ ਬਾਅਦ ਨੇਮਾਰ ਨੇ ਵਿਰੋਧੀ ਟੀਮ ਦੀ ਰੱਖਿਆ ਕਤਾਰ ਨੂੰ ਭੁਲੇਖਾ ਪਾਉਂਦੇ ਹੋਏ ਗੇਂਦ ਵਿਨੀਸੀਅਸ ਨੂੰ ਪਾਸ ਕੀਤੀ ਜਿਨ੍ਹਾਂ ਨੇ ਇਸ ਨੂੰ ਰਿਚਾਰਲਿਸਨ ਵੱਲ ਵਧਾਅ ਦਿੱਤਾ ਤੇ ਆਪਣਾ ਪਹਿਲਾ ਵਿਸ਼ਵ ਕੱਪ ਖੇਡ ਰਹੇ ਰਿਚਾਲਿਸਨ ਨੇ ਬਾਈਸਾਈਕਿਲ ਕਿੱਕ ਲਾਉਂਦੇ ਹੋਏ ਗੋਲਕੀਪਰ ਨੂੰ ਭੁਲੇਖਾ ਪਾਉਣ ਵਿਚ ਕੋਈ ਗ਼ਲਤੀ ਨਹੀਂ ਕੀਤੀ। ਨੇਮਾਰ ਨੂੰ ਮੈਚ ਵਿਚ ਕਈ ਵਾਰ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨ ਪਿਆ ਤੇ ਦੂਜੇ ਅੱਧ ਵਿਚ ਉਨ੍ਹਾਂ ਦੇ ਸੱਜੇ ਗਿੱਟੇ ਵਿਚ ਮੋਚ ਆ ਗਈ। 79ਵੇਂ ਮਿੰਟ ਵਿਚ ਉਨ੍ਹਾਂ ਦੀ ਥਾਂ ਦੂਜੇ ਖਿਡਾਰੀ ਨੂੰ ਮੈਦਾਨ 'ਤੇ ਉਤਾਰਿਆ ਗਿਆ। ਲੁਸੈਲ ਸਟੇਡੀਅਮ ਵਿਚ ਖੇਡ ਦੇ ਆਖ਼ਰੀ ਮਿੰਟਾਂ ਵਿਚ ਜਦ ਡਾਕਟਰਾਂ ਨੇ ਨੇਮਾਰ ਦਾ ਇਲਾਜ ਸ਼ੁਰੂ ਕੀਤਾ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਸਨ। ਮੈਚ ਦੌਰਾਨ ਸਰਬੀਆ ਦੇ ਕਈ ਖਿਡਾਰੀ ਵੀ ਜ਼ਖ਼ਮੀ ਹੋਏ। ਬ੍ਰਾਜ਼ੀਲ ਦੀ ਟੀਮ ਦੇ ਡਾਕਟਰ ਲੈਸਮਰ ਨੇ ਕਿਹਾ ਕਿ ਨੇਮਾਰ ਦੇ ਸੱਜੇ ਗਿੱਟੇ ਵਿਚ ਮੋਚ ਆ ਗਈ ਹੈ। ਉਨ੍ਹਾਂ ਨੇ ਹਾਲਾਂਕਿ ਇਸ ਬਾਰੇ ਕੁਝ ਨਹੀਂ ਦੱਸਿਆ ਕਿ ਉਹ ਸੋਮਵਾਰ ਨੂੰ ਸਵਿਟਜ਼ਰਲੈਂਡ ਖ਼ਿਲਾਫ਼ ਟੀਮ ਦੇ ਅਗਲੇ ਮੈਚ ਵਿਚ ਖੇਡਣ ਲਈ ਉਪਲੱਬਧ ਰਹਿਣਗੇ ਜਾਂ ਨਹੀਂ।


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK


1003 Moffat Blvd, Manteca CA 95336
209-239-1551

# ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂ ਵਾਲੀ ਵੱਲੋਂ ਕਵੀ ਦਰਬਾਰ ਬਠਿੰਡਾ ਵਿਖੇ

ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂ ਵਾਲੀ ਵੱਲੋਂ ਪੰਜਾਬੀ ਮਾਹ ਲੜੀ ਅਧੀਨ ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਇਕ ਕਵੀ ਦਰਬਾਰ ਬਠਿੰਡਾ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕ੍ਰਿਪਾਲ ਤੇ ਸਭਾ ਦੇ ਜਨਰਲ ਸਕੱਤਰ ਸੁਖਦਰਸ਼ਨ ਗਰਗ ਵੱਲੋਂ ਕੀਤੀ ਗਈ। ਪ੍ਰਧਾਨਗੀ ਮੰਡਲ ਅਤੇ ਸਤਿਕਾਰਿਤ ਸਖਸ਼ੀਅਤਾਂ ਵੱਲੋਂ ਸ਼ਮਾ ਰੋਸ਼ਨ ਕੀਤੀ ਗਈ। ਪ੍ਰਧਾਨ ਜੀ ਦੀ ਆਗਿਆ ਨਾਲ ਮੰਚ ਸੰਚਾਲਕ ਨੇ ਹਾਜ਼ਰ ਕਵੀਆਂ ਨੂੰ ਸੱਦਾ ਦਿੱਤਾ ਜਿਸ ਵਿੱਚ ਦਿਲਜੀਤ ਬੰਗੀ ਨੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਜੀਵਨੀ ਨਾਲ ਸਬੰਧਤ ਗੀਤ ਪੇਸ਼ ਕਰਕੇ ਸ਼ੁਰੂਆਤ ਕੀਤੀ। ਉਪਰੰਤ ਹਾਜ਼ਰ ਕਵੀਆਂ-ਕਵਿੱਤਰੀਆਂ ਅਮਰਜੀਤ ਕੌਰ ਹਰੜ, ਵੀਰਪਾਲ ਕੌਰ ਮੋਹਲ, ਦਵੀ ਸਿਧੂ, ਗੁਰਸੇਵਕ ਬੀੜ, ਰਮੇਸ਼ ਗਰਗ, ਪੋਰਿੰਦਰ ਸਿੰਗਲਾ, ਅਮਰਜੀਤ ਪੇਂਟਰ, ਪੱਤਰਕਾਰ ਗੁਰਨੈਬ ਸਾਜਨ, ਗੁਰਸੇਵਕ ਚੁੱਘੇ ਖੁਰਦ, ਸੁਖਦਰਸ਼ਨ ਗਰਗ, ਸੁਰਿੰਦਰ ਪ੍ਰੀਤ ਘਣੀਆ, ਜਗਨ ਨਾਥ, ਮੰਗਤ ਕੁਲਜਿੰਦ ਆਦਿ ਨੇ ਸਮਾਜ ਦੇ ਵੱਖ ਵੱਖ ਸਰੋਕਾਰਾਂ ਨੂੰ ਆਪਣੇ ਗੀਤਾਂ, ਕਵਿਤਾਵਾਂ ਦਾ ਵਿਸ਼ਾ ਬਣਾਕੇ ਸਰੋਤਿਆਂ ਦਿਆਂ ਜ਼ਜਬਾਤਾਂ 'ਚ ਹਿਲਚੁੱਲ ਪੈਦਾ ਕੀਤੀ। ਲਾਲ ਚੰਦ ਸਿੰਘ ਨੇ ਵੀ ਆਪਣੇ ਵਿਚਾਰ ਖੂਬਸੂਰਤ ਸ਼ਬਦਾਂ ਵਿੱਚ ਪੇਸ਼ ਕੀਤ।ਚਿੱਟੇ ਨਾਲ ਹੋ ਰਹੇ ਜਵਾਨੀ ਦੇ ਘਾਣ, ਐਤਵਾਰ ਦੀ ਮਹੱਤਤਾ, ਵਿਅੰਗ ਫੁੱਫੜ ਗੁਆਚ ਗਿਆ, ਕਿਸਾਨੀ ਸੰਘਰਸ਼ ਨਾਲ ਸਬੰਧਤ ਰੁਬਾਈਆਂ, ਮਾਂ ਪਿਉ ਦੀ ਜ਼ਿੰਦਗੀ 'ਚ ਮਹੱਤਤਾ, ਆਮ ਲੋਕਾਂ ਨੂੰ ਦਰਪੇਸ਼ ਮਸਲੇ, ਸਮਾਜ ਵਿੱਚ ਆ ਰਹੀਆਂ ਦਿਨੋ ਦਿਨ ਤਬਦੀਲੀਆ ਆਦਿ ਦਾ ਜ਼ਿਕਰ ਤਾਂ ਸੀ ਨਾਲ ਦੀ ਨਾਲ ਅੱਜ ਦੇ ਕਾਵਿ ਵਿੱਚ ਦਾਰਸ਼ਨਿਕਤਾ ਵੀ ਝਲਕ ਰਹੀ ਸੀ। ਕਾਵਿ ਦੇ ਵੱਖ ਵੱਖ ਰੂਪਾਂ ਕਵਿਤਾਵਾਂ, ਗੀਤ, ਗ਼ਜ਼ਲ, ਰੁਬਾਈ, ਹਾਸ ਵਿਅੰਗ, ਖੁਲੀ ਕਵਿਤਾ ਦਾ ਰੰਗ ਵੇਖਣ ਨੂੰ ਮਿਲਿਆ। ਕਵੀ ਦਰਬਾਰ ਵਿੱਚ ਤਰੰਨਮ ਵੀ ਸੀ ਅਤੇ ਕਵਿਤਾ ਉਚਾਰਣ ਵੀ।





ਪ੍ਰੋਗਰਾਮ ਨੂੰ ਚਾਰ ਚੰਨ ਲੱਗ ਗਏ ਜਦ ਇਸ ਵਿੱਚ ਲੈਅ ਤੇ ਸੁਰ ਵੀ ਆ ਸ਼ਾਮਿਲ ਹੋਇਆ, ਬਠਿੰਡਾ ਦੀ ਉਘੀ ਗਾਇਕਾ ਰੋਜ਼ੀ ਬਾਵਾ ਨੇ ਕੁਲਜਿੰਦ ਦੇ ਲਿਖੇ ਗੀਤ ਆਪਣੀ ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤੇ। ਕੀਰਤੀ ਕ੍ਰਿਪਾਲ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਨਾਏ ਜਾ ਰਹੇ ਪੰਜਾਬੀ-ਮਾਹ ਲੜੀ ਅਧੀਨ ,ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂਵਾਲੀ ਵੱਲੋਂ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸਭਾ ਇਸ ਲਈ ਵਧਾਈ ਦੀ ਪਾਤਰ ਹੈ ਅਤੇ ਕਵੀ ਦਰਬਾਰ ਬਹੁਤ ਸਫ਼ਲ ਰਿਹਾ। ਉਹਨਾਂ ਵਿਭਾਗ ਵੱਲੋਂ ਕਰਵਾਏ ਜਾ ਪ੍ਰੋਗਰਾਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਵਾਕਿਆ ਹੀ ਇਹ ਸਫਲਤਾ ਦਾ ਸਿਹਰਾ ਮਿਹਨਤੀ, ਸੁਹਿਰਦ, ਦੂਰ-ਅੰਦੇਸ਼ੀ ਭਾਸ਼ਾ ਅਫਸਰ ਦੀ ਰਹਿਨੁਮਾਈ ਦਾ ਨਤੀਜਾ ਹੈ। ਪ੍ਰੋਗਰਾਮ ਵਿੱਚ ਲਖਵਿੰਦਰ ਸਿੱਧੂ, ਪੰਜਾਬ ਕੇਸਰੀ ਅਖਬਾਰ ਦੇ ਪੱਤਰਕਾਰ ਤਿਲਕ ਨਾਗਪਾਲ ਅਤੇ ਦੋ ਬੱਚੀਆਂ ਵੀ ਸ਼ਾਮਲ ਸਨ। ਅੰਤ ਵਿੱਚ ਅਮਰਜੀਤ ਸਿੰਘ ਪੇਂਟਰ ਨੇ ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ।ਸਟੇਜ ਦਾ ਸੰਚਾਲਨ ਮੰਗਤ ਕੁਲਜਿੰਦ ਵੱਲੋਂ ਬਾਖੂਬੀ ਨਿਭਾਇਆ ਗਿਆ।

- ਸੁਖਦਰਸ਼ਨ ਗਰਗ +91 93560-60980 ਮੰਗਤ ਕੁਲਜਿੰਦ, ਕੌਮਾਂਤਰੀ ਪ੍ਰਤੀਨਿਧ +91 94177-53892

# ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਲਈ ਮਜ਼ਦੂਰ ਹੋਏ ਇਕੱਠੇ

**ਚੰਡੀਗੜ੍ਹ-** ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਮੰਗਾਂ ਦੇ ਠੋਸ ਨਿਪਟਾਰੇ ਲਈ ਸੰਗਰੂਰ ਸਥਿਤ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜ੍ਹਕਾਉਣ ਵਾਲੇ ਐਕਸ਼ਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਸ ਐਕਸ਼ਨ ਵਿਚ ਪੰਜਾਬ ਭਰ ਤੋਂ ਕਾਫ਼ਲਿਆਂ ਦੇ ਰੂਪ ਵਿਚ ਹਜ਼ਾਰਾਂ ਬੇਜ਼ਮੀਨੇ ਮਜ਼ਦੂਰ ਸ਼ਮੂਲੀਅਤ ਕਰਨਗੇ।

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਦੱਸਿਆ ਕਿ 30 ਨਵੰਬਰ ਨੂੰ ਹਰ ਹਾਲ ਸੰਗਰੂਰ ਸਥਿਤ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜ੍ਹਕਾਇਆ ਜਾਵੇਗਾ। ਕੁੰਡਾ ਖੜ੍ਹਕਾਉਣ ਲਈ ਪੰਜਾਬ ਭਰ ਦੇ ਹਜ਼ਾਰਾਂ ਮਜ਼ਦੂਰ ਪੱਬਾਂ ਭਾਰ ਹਨ।

ਉਨ੍ਹਾਂ ਦੱਸਿਆ ਕਿ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਭਗਵੰਤ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਮਜ਼ਦੂਰ ਵਿਰੋਧੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਮੰਗਾਂ ਵਿਚ ਉਹ ਮੰਗਾਂ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਲਾਗੂ ਕਰਨ 'ਤੇ ਨਿੱਕਾ ਧੇਲਾ ਤਕ ਖ਼ਰਚ ਨਹੀਂ ਆਉਣਾ। ਫਿਰ ਸਰਕਾਰ ਦੀ ਨੀਅਤ ਤੇ ਨੀਤੀ ਮਜ਼ਦੂਰ ਵਿਰੋਧੀ ਹੋਣ ਕਾਰਨ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਗਿਆ।

ਉਨ੍ਹਜਾਂ ਦੱਸਿਆ ਕਿ ਮਜ਼ਦੂਰਾਂ ਦੇ ਸਾਲ ਭਰ ਦੇ ਰੁਜ਼ਗਾਰ ਦੀ ਗਰੰਟੀ ਤੇ ਦਿਹਾੜੀ 700 ਰੁਪਏ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਸਸਤੇ ਭਾਅ ਮਜ਼ਦੂਰਾਂ ਨੂੰ ਦੇਣ, ਗੁਲਾਬੀ ਸੁੰਡੀ ਕਾਰਨ ਖ਼ਰਾਬ ਨਰਮੇ ਦਾ ਮਜ਼ਦੂਰਾਂ ਨੂੰ ਤਹਿ ਕੀਤਾ ਮੁਆਵਜ਼ਾ ਦੇਣ, ਬੇਘਰਿਆਂ ਤੇ ਲੋੜਵੰਦਾਂ ਪਲਾਟ ਦੇਣ, ਕੱਟੇ ਪਲਾਟਾਂ ਦਾ ਕਬਜ਼ਾ ਦੇਣ, ਕਰਜ਼ੇ ਮੁਆਫ਼ ਕਰਨ, ਖ਼ੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਦੇਣ, ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨਾਂ ਦੀ ਰਕਮ ਪੰਜ ਹਜ਼ਾਰ ਰੁਪਏ ਕਰਨ, ਬੁਢਾਪਾ ਪੈਨਸ਼ਨ ਲਈ ਉਮਰ ਹੱਦ ਘਟਾਉਣ ਅਤੇ ਦਲਿਤਾਂ 'ਤੇ ਜਬਰ ਬੰਦ ਕਰਨ ਅਤੇ ਸੰਘਰਸ਼ਾਂ ਦੌਰਾਨ ਦਰਜ ਕੇਸ ਰੱਦ ਕਰਨ ਆਦਿ ਸ਼ਾਮਲ ਹਨ।

****


# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

## 31252 Veasy street Union City (CA)

## ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਨੂੰ ਮਨਾਇਆ ਜਾਵੇਗਾ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਦਿਨ ਐਤਵਾਰ ਨੂੰ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਤੱਕ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਰਾਗੀ/ਢਾਡੀ ਜਥੇ ਸ਼ਬਦ ਗਾਇਨ ਨਾਲ ਸੰਗਤ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬੁਲਾਰੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਕਲਪਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਨੂੰ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਬਾਬਾ ਸਾਹਿਬ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰੀਏ ਜੀ।

**For Langar Sewa please contact any of the committee members**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਵਿਨੋਦ ਕੁਮਾਰ (ਚੇਅਰਮੈਨ) 510-953-9800, ਰਾਮ ਲੁਬਾਇਆ (ਪ੍ਰਧਾਨ) 408-449-1105

ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ) 510-857-4551, ਸੋਹਣ ਸਿੰਘ ਢੰਡਾ (ਕੈਸ਼ੀਅਰ) 510-200-6649

ਦੇਸ਼ ਦੁਆਬਾ

## 6 ਦਸੰਬਰ ’ਤੇ

# ਭਾਰਤ ਰਤਨ ਬਾਬਾ ਸਾਹਿਬ ਅੰਬੇਦਕਰ ਨੂੰ ਯਾਦ ਕਰਦਿਆਂ

6 ਦਸੰਬਰ ਨੂੰ ਹਰ ਸਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਵਜੋਂ ਦੁਨੀਆਂ ਭਰ ਵਿਚ ਵੱਸੇ ਉਹਨਾਂ ਦੇ ਪ੍ਰਸੰਸਕ ਮਨਾਉਂਦੇ ਹਨ। ਇਸ ਦਿਨ ਨੂੰ ਇਸ ਕਰਕੇ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਦਿਨ ਸਾਡੇ ਕੋਲੋਂ ਦੁਨੀਆਂ ਦੇ ਮਹਾਨ ਵਿਦਵਾਨ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਦੇ ਸੰਵਿਧਾਨ ਦੇ ਰਚੇਤਾ ਅਤੇ ਸਮਾਜਿਕ ਕ੍ਰਾਂਤੀ ਲਿਆਉਣ ਵਾਲੇ ਡਾ. ਅੰਬੇਡਕਰ ਸਾਡੇ ਕੋਲੋਂ ਵਿੱਛੜ ਗਏ। ਭਾਰਤੀ ਸੰਵਿਧਾਨ ਦੇ ਨਿਰਮਾਣ ਤੋਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਕ ਵੱਡਾ ਸਮਾਜਿਕ ਸੰਘਰਸ਼ ਵਿੱਢਿਆ ਅਤੇ ਭਾਰਤ ਵਿਚ ਨਸਲਵਾਦ ਵਾਂਗ ਪਾਈ ਜਾਂਦੀ ਸਦੀਆਂ ਪੁਰਾਣੀ ਜਾਤ-ਪਾਤੀ, ਛੂਤ-ਛਾਤ ਦੀ ਮਾੜੀ ਸਮਾਜਿਕ ਪ੍ਰਵਿਰਤੀ ਦੇ ਖਿਲਾਫ ਇਕ ਲੰਮਾ ਸੰਘਰਸ਼ ਕੀਤਾ, ਦੱਬੇ-ਕੁਚਲੇ ਲੋਕਾਂ ਨੂੰ ਜਾਗਰਿਤ ਕੀਤਾ ਅਤੇ ਉਹਨਾਂ ਨੂੰ ਬਰਾਬਰ ਦੇ ਅਧਿਕਾਰ ਦਿਵਾਏ, ਆਰਥਿਕ ਤੌਰ ਤੇ ਚੁੱਕਣ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕਰਵਾਈ ਅਤੇ ਉਹਨਾਂ ਦਾ ਸ਼ਾਸਨ ਪ੍ਰਣਾਲੀ ਨਾਲ ਜੁੜਨ ਦਾ ਰਾਹ ਪੱਧਰਾ ਕੀਤਾ। ਭਾਰਤੀ ਸੰਵਿਧਾਨ ਵਿਚ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਆਧਾਰ ਤੇ ਦਿੱਤਾ ਗਿਆ ਹੈ। ਇਸ ਅਧਿਕਾਰ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਵੋਟ ਪ੍ਰਣਾਲੀ ਆਰੰਭ ਕੀਤੀ ਸੀ ਪਰ ਉਹ ਵੋਟ ਪ੍ਰਣਾਲੀ ਸਮਾਜਿਕ, ਆਰਥਿਕ ਰੁਤਬੇ ਤੇ ਆਧਾਰਿਤ ਸੀ, ਇਸ ਕਰਕੇ ਉਸ ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਭਾਰਤ ਵਿਚ ਸਭ ਲਈ ਬਰਾਬਰ ਦੇ ਅਧਿਕਾਰ ਅਤੇ ਸਭ ਲਈ ਵੋਟ ਦੇ ਅਧਿਕਾਰ ਦੀ ਵਿਵਸਥਾ ਕੀਤੀ ਗਈ। ਇਹਨਾਂ ਅਧਿਕਾਰਾਂ ਨੇ ਭਾਰਤ ਵਿਚ ਸਭ ਤੋਂ ਵੱਡੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਲਿਆਂਦੀ ਕਿ ਹਰ ਨਾਗਰਿਕ ਨੂੰ ਬਰਾਬਰ ਕਰ ਦਿੱਤਾ ਅਤੇ ਸੱਤਾ ਤੱਕ ਹਰੇਕ ਨਾਗਰਿਕ ਦੀ ਪਹੁੰਚ ਲਈ ਬਰਾਬਰ ਦਾ ਰਸਤਾ ਪੱਧਰਾ ਕਰ ਦਿੱਤਾ। ਭਾਰਤ ਵਿਚ ਵੋਟਾਂ ਵਾਲੇ ਦਿਨ ਰਾਜਾ-ਰੰਕ ਇਕ ਬਰਾਬਰ ਹੁੰਦਾ ਹੈ। ਬਾਬਾ ਸਾਹਿਬ ਨੇ ਖੁਦ ਕਿਹਾ ਸੀ ਕਿ ਉਹ ਭਾਰਤ ਵਿਚੋਂ ਸਦੀਆਂ ਪੁਰਾਣੀ ਰਾਜਾਸ਼ਾਹੀ ਵਿਵਸਥਾ ਦਾ ਬੀਜ ਨਾਸ਼ ਕਰ ਦੇਣਗੇ। ਉਹਨਾਂ ਨੇ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਦੇ ਕੇ ਇਹ ਕਰ ਦਿਖਾਇਆ। ਭਾਰਤ ਵਿਚ ਬੇਸ਼ੱਕ ਹਾਲੇ ਵੀ ਸੱਤਾ ਤੇ ਕਾਬਜ ਲੀਡਰਾਂ ਦੇ ਬੱਚੇ ਅੱਗੇ ਸੱਤਾ ਤੇ ਆਪਣਾ ਅਧਿਕਾਰ ਸਮਝਦੇ ਸਨ ਪਰ ਬਾਬਾ ਸਾਹਿਬ ਦੀ ਸੋਚ ਨੇ ਰਾਜਾ ਅਤੇ ਰੰਕ ਵਿਚਲਾ ਫਰਕ ਮਿਟਾਉਂਦਿਆਂ ਇਕ ਆਮ ਆਦਮੀ ਦੇ ਲਈ ਵੀ ਸੱਤਾ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵੋਟ ਦਾ ਅਧਿਕਾਰ ਮਿਲਣ ਤੋਂ ਬਾਅਦ ਭਾਰਤ ਦੇ ਵੱਖ-ਵੱਖ ਖਿੱਤਿਆਂ ਤੋਂ ਅਜਿਹੇ ਪ੍ਰਤੀਨਿਧੀ ਵੀ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਪਹੁੰਚਦੇ ਹਨ, ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ, ਜਿਹੜੇ ਦੱਬੇ-ਕੁਚਲੇ ਲਤਾੜੇ ਵਰਗਾਂ ਨਾਲ ਸਬੰਧਤ ਹਨ ਅਤੇ ਜਿਹੜੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਅਣਵੰਡੇ ਪੰਜਾਬ ’ਚ ਦਲਿਤ ਵਰਗ ਦੀ ਰਾਜਨੀਤੀ ਦੇ ਪਿਤਾਮਾ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਰਾਸ਼ਟਰੀ ਪੱਧਰ ’ਤੇ ਬਾਬਾ ਸਾਹਿਬ ਦੀ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਲਹਿਰ ਨੂੰ, ਉਹਨਾਂ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਅੱਗੇ ਵਧਾਇਆ। ਅੱਜ ਬੇਸ਼ੱਕ ਭਾਰਤ ਵਿਚ ਬਹੁਤ ਸਾਰੇ ਵਰਗ ਹਾਲੇ ਵੀ ਵਾਂਝੇ ਹਨ ਪਰ ਭਾਰਤੀ ਸੰਵਿਧਾਨ ਕਿਸੇ ਨਾਲ ਕੋਈ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਕਰਕੇ ਜ਼ਰੂਰੀ ਹੈ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਅੱਗੇ ਵਧਾਈਏ, ਇਹਨਾਂ ਦਾ ਪ੍ਰਚਾਰ ਕਰੀਏ ਅਤੇ ਜਨਤਾ ਤੱਕ ਇਹ ਸੰਦੇਸ਼ ਪਹੁੰਚਾਈਏ ਕਿ ਭਾਰਤ ਤੇ ਸ਼ਾਸ਼ਨ ਉਹਨਾਂ ਦੀ ਇੱਛਾ ਅਤੇ ਮਰਜੀ ਨਾਲ ਹੀ ਕਿਸੇ ਦੁਆਰਾ ਕੀਤਾ ਜਾ ਸਕਦਾ ਹੈ। ਵੋਟਾਂ ਵਾਲੇ ਦਿਨ ਛੋਟੇ-ਮੋਟੇ ਲਾਲਚਾਂ ਨੂੰ ਤਿਆਗ ਕੇ ਇਹ ਵਿਚਾਰ ਕਰਕੇ ਵੋਟ ਦਈਏ ਕਿ ਭਾਰਤ ਦੇ ਬਿਹਤਰੀਨ ਭਵਿੱਖ ਲਈ ਕਿਹੜਾ ਉਮੀਦਵਾਰ ਅਤੇ ਕਿਹੜੀ ਪਾਰਟੀ ਵਧੀਆ ਕੰਮ ਕਰ ਸਕਦੀ ਹੈ।


ਅਦਾਰਾ ‘ਅੰਬੇਦਕਰ ਟਾਈਮਜ਼’ ਅਤੇ ‘ਦੇਸ਼ ਦੁਆਬਾ’ ਬਾਬਾ ਸਾਹਿਬ ਨੂੰ ਉਹਨਾਂ ਦੇ 66ਵੇਂ ਪ੍ਰੀਨਿਰਵਾਨ ਦਿਵਸ ’ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ।

# ਦੁਨੀਆਂ ਵਿੱਚ ਲੱਗਭੱਗ 3 ਕਰੋੜ ਲੋਕ ਗੁਲਾਮੀ ਵਿੱਚ ਫਸੇ ਹੋਏ ਹਨ



ਕੁਲਦੀਪ ਚੰਦ
91-9417563054

2 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਗੁਲਾਮੀ ਪ੍ਰਥਾ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਮਨੁਖੀ ਸਭਿੱਅਤਾ ਸ਼ੁਰੂ ਵਿੱਚ ਬਿਲਕੁੱਲ ਅਜਾਦ ਸੀ ਪਰੰਤੂ ਹੋਲੀ ਹੋਲੀ ਕੁੱਝ ਲੋਕਾਂ ਨੇ ਬਾਕੀਆਂ ਨੂੰ ਗੁਲਾਮ ਬਣਾਉਣਾ ਸ਼ੁਰੂ ਕਰ ਦਿਤਾ। ਸਮੇਂ ਸਮੇਂ ਤੇ ਗੁਲਾਮੀ ਪ੍ਰਥਾ ਨੂੰ ਰੋਕਣ ਲਈ ਅਵਾਜ਼ ਬੁਲੰਦ ਕੀਤੀ ਗਈ ਹੈ ਅਤੇ ਇਸਨੂੰ ਖਤਮ ਕਰਨ ਲਈ ਕਨੂੰਨ ਬਣਾਏ ਗਏ ਹਨ। ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪ੍ਰੰਤੂ ਗੁਲਾਮੀ ਵਰਗੀ ਪ੍ਰਥਾ ਅਜੇ ਵੀ ਕਾਇਮ ਹੈ। ਲੱਗਭੱਗ 3000 ਸਾਲ ਪਹਿਲਾਂ ਗੁਲਾਮੀ ਦੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਜਿਸ ਅਨੁਸਾਰ ਗੁਲਾਮ ਔਰਤ ਤੋਂ ਪੈਦਾ ਹੋਇਆ ਬੱਚਾ ਗੁਲਾਮ ਰਹੇਗਾ, ਤੋਹਫੇ ਵਿੱਚ ਮਿਲਿਆ ਗੁਲਾਮ ਵਿਅੱਕਤੀ ਗੁਲਾਮ ਹੀ ਰਹੇਗਾ, ਖ੍ਰੀਦਿਆ ਗਿਆ ਗੁਲਾਮ ਵਿਅਕਤੀ ਗੁਲਾਮ ਹੀ ਹੋਵੇਗਾ, ਜਿਸ ਵਿਅਕਤੀ ਨੇ ਭੁੱਖ ਤੋਂ ਬਚਣ ਲਈ ਮਜ਼ਬੂਰੀਵਸ ਗੁਲਾਮੀ ਸਵਿਕਾਰ ਕੀਤੀ ਹੋਵੇ, ਜਿਸ ਵਿਅਕਤੀ ਨੂੰ ਜੰਗ ਵਿੱਚ ਗ੍ਰਿਫਤਾਰ ਕੀਤਾ ਹੋਵੇ, ਜਿਸ ਵਿਅਕਤੀ ਨੇ ਪੈਸੇ ਲੈਕੇ ਗੁਲਾਮੀ ਸਵਿਕਾਰ ਕੀਤੀ ਹੋਵੇ, ਕਿਸੇ ਵਿਸੇਸ਼ ਜਾਤ, ਨਸਲ ਆਦਿ ਨਾਲ ਸਬੰਧਿਤ ਵਿਅਕਤੀ ਗੁਲਾਮ ਹੋਵੇਗਾ। 02 ਦਸੰਬਰ, 1949 ਨੂੰ ਇਸ ਸਬੰਧੀ ਯੂਨਾਇਟਡ ਨੇਸ਼ਨਜ ਦੀ ਜਨਰਲ ਅਸੈਂਬਲੀ ਵਲੋਂ ਮਤਾ ਨੰਬਰ 317-(4) ਪਾਸ ਕੀਤਾ ਗਿਆ ਸੀ। 02 ਦਸੰਬਰ, 1985 ਨੂੰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕਰਨ ਵਾਲੇ ਸਮੂਹ ਨੇ ਯੂਨਾਇਟਡ ਨੇਸ਼ਨਜ਼ ਵਿੱਚ ਅਪਣੀ ਰਿਪੋਰਟ ਪੇਸ ਕੀਤੀ ਅਤੇ 02 ਦਸੰਬਰ ਦਾ ਦਿਨ ਵਿਸ਼ਵ ਪੱਧਰ ਤੇ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਉਣ ਲਈ ਸੁਝਾਓ ਦਿਤਾ। 1995 ਤੋਂ ਇਹ 02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਜਾਣਿਆਂ ਜਾਂਦਾ ਹੈ। 18 ਦਸੰਬਰ, 2002 ਨੂੰ ਯੂਨਾਇਟਡ ਨੇਸ਼ਨਜ਼ ਦੀ ਜਨਰਲ ਅਸੈਂਬਲੀ ਨੇ ਸਾਲ 2004 ਨੂੰ ਗੁਲਾਮੀ ਵਿਰੋਧੀ ਅਤੇ ਗੁਲਾਮੀ ਖਾਤਮਾ ਦਿਵਸ ਵਜੋਂ ਘੋਸਿਤ ਕੀਤਾ ਸੀ। ਗੁਲਾਮੀ ਨੂੰ ਖਤਮ ਕਰਨ ਲਈ ਚੁੱਕੇ ਗਏ ਕਦਮਾਂ ਦੇ ਬਾਬਜੂਦ ਵਿਸ਼ਵ ਵਿੱਚ ਲੱਗਭੱਗ 03 ਕਰੋੜ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ ਅਤੇ ਦੁਨੀਆਂ ਦੇ ਲੱਗਭੱਗ ਅੱਧੇ ਗੁਲਾਮ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਦੇਸ਼ ਵਿੱਚ ਰਹਿੰਦੇ ਹਨ। ਅਸਟ੍ਰੇਲੀਆ ਦੇ ਮਨੁਖੀ ਅਧਿਕਾਰ ਸੰਗਠਨ ਵਾਕ ਫਰੀ ਫਾਊਂਡੇਸ਼ਨ ਵਲੋਂ ਵਿਸ਼ਵ ਗੁਲਾਮੀ ਸੂਚਕਾਂਕ ਸਬੰਧੀ ਜਾਰੀ ਕੀਤੀ ਗਈ ਰਿਪੋਰਟ ਵਿੱਚ ਹੈਰਾਨੀਜਨਕ ਸੱਚ ਸਾਹਮਣੇ ਆਇਆ ਹੈ। ਗੁਲਾਮੀ ਵਿੱਚ ਫਸੇ ਵਿਅਕਤੀਆਂ ਦੀ ਗਿਣਤੀ ਵਿੱਚ ਭਾਰਤ ਦਾ ਨਾਮ ਸਭ ਤੋਂ ਉਪਰ ਹੈ ਅਤੇ ਗਲੋਬਲ ਸਲੇਵਰੀ ਸੂਚਕਾਂਕ ਅਨੁਸਾਰ ਦੁਨੀਆਂ ਭਰ ਵਿੱਚ 3.60 ਕਰੋੜ ਲੋਕ ਗੁਲਾਮੀ ਦਾ ਜੀਵਨ ਗੁਜ਼ਾਰ ਰਹੇ ਹਨ। ਇਸ ਰਿਪੋਰਟ ਵਿੱਚ ਵਿਸ਼ਵ ਦੇ 167 ਦੇਸ਼ਾਂ ਵਿੱਚ ਨਾਗਰਿਕ ਪੱਧਰ ਤੇ ਸਰਵੇਖਣ ਅਤੇ ਖੋਜ ਕੀਤੀ ਗਈ ਹੈ ਜਿਸ ਅਨੁਸਾਰ ਭਾਰਤ ਗੁਲਾਮੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਤੇ ਹੈ ਅਤੇ ਇੱਥੇ ਲੱਗਭੱਗ 1.43 ਕਰੋੜ ਵਿਅਕਤੀ, ਜਦਕਿ ਚੀਨ ਦੂਸਰੇ ਸਥਾਨ ਤੇ ਜਿੱਥੇ 3240000 ਵਿਅਕਤੀ ਅਤੇ ਪਾਕਿਸਤਾਨ ਤੀਸਰੇ ਸਥਾਨ ਤੇ ਹੈ ਜਿੱਥੇ 2060000 ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ। ਰਿਪੋਰਟ ਦੇ ਮੁਤਾਬਿਕ, ਭਾਰਤ ਅਤੇ ਪਾਕਿਸਤਾਨ ਵਿੱਚ ਇਸ ਤਰ੍ਹਾਂ ਦੇ ਲੋਕਾਂ ਦੀ ਸੰਖਿਆ ਵਿਸ਼ਵ ਦੇ 45 ਫੀਸਦੀ ਲੋਕਾਂ ਦੇ ਬਰਾਬਰ ਹੈ। 2.35 ਕਰੋੜ ਲੋਕ ਏਸ਼ੀਆ ਵਿੱਚ ਗੁਲਾਮੀ ਦਾ ਜੀਵਨ ਜੀਅ ਰਹੇ ਹਨ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਉਜ਼ਬੇਕਿਸਤਾਨ ਵਿੱਚ 12 ਲੱਖ ਅਤੇ ਰੂਸ ਵਿੱਚ 1050000 ਲੋਕ ਗੁਲਾਮੀ ਵਿੱਚ ਰਹਿ ਰਹੇ ਹਨ। ਇਸ ਰਿਪੋਰਟ ਵਿੱਚ ਗੁਲਾਮੀ ਨੂੰ ਆਧੁਨਿਕ ਅਰਥਾਂ ਵਿੱਚ ਦੱਸਿਆ ਗਿਆ ਹੈ ਨਾ ਕਿ ਪਰੰਪਰਿਕ ਅਰਥਾਂ ਵਿੱਚ ਜਿੱਥੇ ਸਿਰਫ ਉਹਨਾਂ ਲੋਕਾਂ ਨੂੰ ਹੀ ਗੁਲਾਮ ਮੰਨਿਆ ਜਾਂਦਾ ਸੀ, ਜੋ ਕਿਸੇ ਦੀ ਕੈਦ ਵਿੱਚ ਰਹਿੰਦੇ ਸੀ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਦੇ ਅਨੁਸਾਰ ਹੀ ਤਕਰੀਬਨ 2 ਕਰੋੜ ਲੋਕਾਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਹਰ ਦੇਸ਼ ਵਿੱਚ ਗੁਲਾਮੀ ਨਾਲ ਜੁੜ੍ਹੀਆਂ ਸਮੱਸਿਆਵਾਂ ਹਨ। ਇਸ ਰਿਪੋਰਟ ਅਨੁਸਾਰ ਏਸ਼ੀਆ ਅਤੇ ਅਫਰੀਕਾ ਵਿੱਚ ਗੁਲਾਮੀ ਨੂੰ ਖਤਮ ਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਭਾਰਤ ਦੀ ਇਸ ਮਾੜੀ ਹਾਲਾਤ ਲਈ ਦੇਸ਼ ਵਿੱਚ ਨਾਗਰਿਕਾਂ ਦੇ ਖਰਾਬ ਹਾਲਾਤ ਜਿੰਮੇਵਾਰ ਹਨ। ਸਰਕਾਰ ਦੁਆਰਾ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦੇਣ ਪ੍ਰਤੀ ਲਾਪਰਵਾਹੀ ਵਰਤੀ ਜਾ ਰਹੀ ਹੈ।




ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚਦੀਆਂ ਹਨ ਅਤੇ ਗਰੀਬਾਂ ਦੀ ਹਾਲਤ ਅਤਿ ਖਸਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਆਪਣੀ 2018 ਦੀ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਤੇਜ਼ ਆਰਥਿਕ ਵਿਕਾਸ ਦਾ ਦਾਅਵਾ ਕਰਨ ਵਾਲਾ ਭਾਰਤ ਅੱਜ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿਜਿਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ ਸਭ ਤੋਂ ਗਰੀਬ 20ਗ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਸਾਰਾ ਪੈਸਾ ਅਤੇ ਸਾਧਨ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰ੍ਹਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ। ਇਹੀ ਅਮੀਰ ਲੋਕ ਹੀ ਇਸ ਦੇਸ਼ ਦੇ ਨੀਤੀ ਨਿਰਮਾਤਾ ਹਨ। ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ। ਗਰੀਬ ਸਿਰਫ ਅੰਕੜੇ ਬਣਾਉਣ ਜਾਂ ਬਣਨ ਦੇ ਲਈ ਹੀ ਹਨ। ਦੇਸ਼ ਦੀਆਂ ਸੜਕਾਂ ਤੇ ਨਵੀਆਂ ਨਵੀਆਂ ਦੋੜਦੀਆਂ ਲਗਜ਼ਰੀ ਕਾਰਾਂ, ਲਗਾਤਾਰ ਖੁੱਲਦੇ ਮਾਲ ਅਤੇ ਅਜਹੀਆਂ ਹੀ ਹੋਰ ਗਤੀਵਿਧੀਆਂ ਨਿਸ਼ਚਿਤ ਤੌਰ ਤੇ ਵਿਕਾਸ ਦੀਆਂ ਸੂਚਕ ਹਨ, ਪਰ ਇਹ ਵੀ ਸੱਚ ਹੈ ਕਿ ਦੇਸ ਵਿੱਚ ਬਹੁਤੇ ਲੋਕਾਂ ਲਈ ਦੋ ਜੂਨ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਵਿਸ਼ਵ ਬੈਂਕ ਨੇ ਭਾਰਤ ਵਿੱਚ ਗਰੀਬੀ ਦੇ ਬਾਰੇ ਜੋ ਅੰਕੜੇ ਪੇਸ਼ ਕੀਤੇ ਹਨ ਉਹ ਵੀ ਹੈਰਾਨੀਜਨਕ ਹਨ। ਇਸ ਸੰਸਥਾ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਸਿਰਫ ਨਾਰਿਆਂ ਅਤੇ ਭਾਸ਼ਣਾਂ ਵਿੱਚ ਵਿਕਾਸ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਦੇ ਲਈ ਵਿਸ਼ਵ ਗੁਲਾਮੀ ਸੂਚਕਾਂਕ ਦੀ ਇਹ ਰਿਪੋਰਟ ਅੱਖਾਂ ਖੋਲਣ ਵਾਲੀ ਹੈ। ਅੱਜ ਦੇਸ਼ ਵਿੱਚ ਹਾਲਾਤ ਅਜਿਹੇ ਹਨ ਕਿ ਆਮ ਆਦਮੀ ਦੀ ਸੁਣਨ ਵਾਲਾ ਕੋਈ ਨਹੀਂ ਹੈ ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ। ਦੇਸ਼ ਵਿੱਚ ਦਿਖ ਰਿਹਾ ਕਾਗਜ਼ੀ ਵਿਕਾਸ ਕਿਸਦੇ ਲਈ ਹੈ ਅਤੇ ਕਿਸਨੂੰ ਲਾਭ ਪਹੁੰਚਾ ਰਿਹਾ ਹੈ, ਇਹ ਇੱਕ ਵੱਡਾ ਪ੍ਰਸ਼ਨ ਹੈ।

ਦੇਸ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸ਼ੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ। ਵਿਸ਼ਵ ਦੇ ਸਭਤੋਂ ਵੱਡੇ ਲੋਕਤੰਤਰ ਵਿੱਚ ਵਿਸ਼ਵ ਦੇ ਸਭਤੋਂ ਵੱਧ ਗੁਲਾਮ ਹੋਣਾ ਅਤਿ ਚਿੰਤਾ ਦਾ ਵਿਸ਼ਾ ਹੈ।

ਸਾਡੇ ਦੇਸ ਵਿੱਚ ਸਮੇਂ ਸਮੇਂ ਤੇ ਸਮਾਜ ਦੇ ਚਿੰਤਕਾਂ ਅਤੇ ਸੁਧਾਰਕਾਂ ਨੇ ਗੁਲਾਮੀ ਦੇ ਇਸ ਚੁੰਗਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਚਲਾਈ ਹੈ ਪਰ ਦੇਸ ਵਿੱਚ ਸਭਤੋਂ ਵੱਡੀ ਗੁਲਾਮਾਂ ਦੀ ਗਿਣਤੀ ਇਹ ਸਾਬਿਤ ਕਰਦੀ ਹੈ ਕਿ ਉਹ ਮੁਹਿੰਮ ਸਫਲ ਨਹੀਂ ਹੋ ਸਕੀ ਹੈ। ਭਾਰਤੀ ਦੰਡ ਸਹਿੰਤਾ 1860 ਦੀ ਧਾਰਾ 374 ਅਨੁਸਾਰ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਕਿਸੇ ਵਿਅਕਤੀ ਨੂੰ ਉਸਦੀ ਮਰਜ਼ੀ ਤੋਂ ਬਿਨ੍ਹਾਂ ਕੰਮ ਕਰਨ ਲਈ ਕਨੂੰਨ ਵਿਰੁੱਧ ਮਜ਼ਬੂਰ ਕਰੇਗਾ ਤਾਂ ਉਸਨੂੰ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ। ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 23 ਅਨੁਸਾਰ ਵੀ ਮਨੁਖੀ ਵਪਾਰ, ਜਬਰੀ ਮਜਦੂਰੀ ਅਤੇ ਬੇਗਾਰ ਤੇ ਪਬੰਦੀ ਲਗਾਈ ਗਈ ਹੈ। ਕਨੂੰਨ ਹੋਣ ਦੇ ਬਾਬਜੂਦ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਸਭਤੋਂ ਵੱਧ ਗੁਲਾਮਾਂ ਦੀ ਗਿਣਤੀ ਸਾਡੀਆਂ ਸਰਕਾਰਾਂ ਲਈ ਸ਼ਰਮਨਾਕ ਹੈ ਅਤੇ ਦੇਸ ਨੂੰ ਇਸ ਕਲੰਕ ਤੋਂ ਮੁਕੱਤ ਕਰਨ ਲਈ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ। ਦੇਸ਼ ਦੇ ਸਾਧਨਾ ਵਿਸ਼ੇਸ ਤੋਰ ਤੇ ਜੀਵਨ ਜਿਉਣ ਲਈ ਜਰੂਰੀ ਸਾਧਨਾਂ ਦੀ ਸਹੀ ਵੰਡ ਕਰਨੀ ਪਵੇਗੀ ਤਾਂ ਜੋ ਕੋਈ ਸਾਧਨਹੀਣ ਨਾਂ ਰਹੇ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਵੀਂ ਤਕਨੀਕ ਡਰੋਨ ਹਥਿਆਰ ਤੇ ਨਸ਼ੇ ਸਮੱਗਲਰਾਂ ਲਈ ਬਣੀ ਵਰਦਾਨ

## ਡਰੋਨ ਰਾਹੀਂ ਭਾਰਤ ਪੁੱਜ ਰਹੇ ਹਥਿਆਰ ਤੇ ਨਸ਼ੇ, ਸੁਰੱਖਿਆ ਦਸਤਿਆਂ ਲਈ ਬਣਿਆ ਵੱਡੀ ਚੁਣੌਤੀ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਨਵੀਂ ਤਕਨੀਕ ਡਰੋਨ ਸਮੱਗਲਰਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਇਸ ਸਾਲ ਪੰਜਾਬ ਵਿਚ ਭਾਰਤ-ਪਾਕਿਸਤਾਨ ਸਰਹੱਦ 'ਤੇ ਡਰੋਨ ਰਾਹੀਂ ਨਸ਼ਾ ਤੇ ਹਥਿਆਰ ਸਮੱਗਲਿੰਗ ਦੇ ਮਾਮਲਿਆਂ ਵਿਚ ਚੋਖਾ ਵਾਧਾ ਹੋਇਆ ਹੈ। ਸੂਬੇ ਵਿਚ ਹੁਣ ਤਕ 150 ਤੋਂ ਜ਼ਿਆਦਾ ਗਤੀਵਿਧੀਆਂ ਫੜੀਆਂ ਗਈਆਂ ਹਨ। ਡਰੋਨ ਦੀਆਂ ਵਧਦੀਆਂ ਗਤੀਵਿਧੀਆਂ ਨੇ ਸੁਰੱਖਿਆ ਏਜੰਸੀਆਂ ਨੂੰ ਮੁਸ਼ਕਲ ਵਿਚ ਪਾ ਦਿੱਤਾ ਹੈ।

**ਕਦੋਂ ਹੋਇਆ ਡਰੋਨ ਦਾ ਇਸਤੇਮਾਲ**

ਬੀਐੱਸਐੱਫ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ, ਹਥਿਆਰਾਂ ਤੇ ਗੋਲਾ-ਬਾਰੂਦ ਦੀ ਸਮੱਗਲਿੰਗ ਲਈ ਡਰੋਨ ਦਾ ਇਸਤੇਮਾਲ ਪਹਿਲੀ ਵਾਰ 2019 ਵਿਚ ਪੰਜਾਬ ਵਿਚ ਸਾਹਮਣੇ ਆਇਆ ਸੀ। ਬਾਰਡਰ ਸਕਿਓਰਿਟੀ ਫੋਰਸ ਪਾਕਿਸਤਾਨ ਨਾਲ ਸਰਹੱਦ ਦੇ 553 ਕਿੱਲੋਮੀਟਰ ਦੇ ਹਿੱਸੇ ਦੀ ਰੱਖਿਆ ਕਰ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਜ਼ਿਆਦਾਤਰ ਡਰੋਨ ਗਤੀਵਿਧੀਆਂ ਅੰਮ੍ਰਿਤਸਰ ਤੇ ਤਰਨਤਾਰਨ ਜ਼ਿਲ੍ਹਿਆਂ ਵਿਚ ਕੌਮਾਂਤਰੀ ਸਰਹੱਦ ਨਾਲ ਲੱਗੇ ਖੇਤਰਾਂ ਵਿਚ ਕੇਂਦ੍ਰਿਤ ਹਨ।

**ਕੰਢਿਆਲੀ ਤਾਰ ਤਸਕਰਾਂ ਦੇ ਰਾਹ 'ਚ ਵੱਡਾ ਰੋੜਾ**

ਅੱਤਵਾਦ ਦੇ ਕਾਲੇ ਦੌਰ ਕਾਰਨ 90 ਦੇ ਦਹਾਕੇ 'ਚ ਪੰਜਾਬ ਨਾਲ ਲਗਦੀ ਭਾਰਤ-ਪਾਕਿ ਸਰਹੱਦ 'ਤੇ ਕੰਢਿਆਲੀ ਤਾਰ ਲਾ ਦਿੱਤੀ ਗਈ ਜਿਸ ਦੇ ਲੱਗਣ ਨਾਲ ਦੇਸ਼ ਦੀ ਸੁਰੱਖਿਆ ਵਧੀ ਅਤੇ ਸਮੱਗਲਿੰਗ 'ਤੇ ਵੀ ਰੋਕ ਲੱਗੀ। ਪਰ ਇਹ ਤਾਰ ਲਾਉਣ ਨਾਲ ਪੰਜਾਬ ਦੇ ਛੇ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਲਿਕਾ ਦੇ 220 ਪਿੰਡਾਂ ਦੀ 21 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਭਾਰਤੀ ਖੇਤਰ ਵਿਚ ਕਰੀਬ ਸਵਾ 500 ਕਿੱਲੋਮੀਟਰ ਸਰਹੱਦ 'ਤੇ ਲੱਗੀ ਤਾਰ ਦੇ ਪਾਰ ਚਲੀ ਗਈ ਜਿਸ 'ਤੇ ਕਾਸ਼ਤ ਕਰਨ ਲਈ ਕਿਸਾਨਾਂ ਨੂੰ ਸਮਾਂਬੱਧ ਹੋਣਾ ਪੈ ਗਿਆ। ਤਾਰ ਲੱਗਣ ਤੋਂ ਬਾਅਦ ਵੀ ਪਾਕਿਸਤਾਨੀ ਸਮੱਗਲਰਾਂ ਦੀ ਅੱਖ ਭਾਰਤ ਵੱਲ ਰਹੀ ਅਤੇ ਢੰਗ-ਤਰੀਕੇ ਬਦਲ ਕੇ ਹੈਰੋਇਨ ਅਤੇ ਹਥਿਆਰਾਂ ਦੀਆਂ ਖੇਪਾਂ ਭਾਰਤ ਭੇਜੀਆਂ ਜਾਣ ਲੱਗੀਆਂ। ਹਾਲਾਂਕਿ ਕੰਡਿਆਲੀ ਤਾਰ ਇਨ੍ਹਾਂ ਤਸਕਰਾਂ ਦੇ ਰਾਹ 'ਚ ਵੱਡਾ ਰੋੜਾ ਸਾਬਤ ਹੋ ਰਹੀ ਸੀ। ਤਕਨੀਕ ਦੇ ਬਦਲਣ ਨਾਲ ਤਸਕਰਾਂ ਦੇ ਹੱਥ ਡਰੋਨ ਦੇ ਰੂਪ 'ਚ ਉਹ ਯੰਤਰ ਲੱਗ ਗਿਆ, ਜਿਸ ਨਾਲ ਤਾਰ ਰੂਪੀ ਰੋੜਾ ਉਨ੍ਹਾਂ ਦੇ ਰਾਹ 'ਚੋਂ ਦੂਰ ਹੁੰਦਾ ਨਜ਼ਰ ਆਇਆ ਅਤੇ ਲਗਾਤਾਰ ਡਰੋਨ ਭੇਜ ਕੇ ਹੈਰੋਇਨ ਤੇ ਹਥਿਆਰਾਂ ਦੀ ਤਸਕਰੀ ਸ਼ੁਰੂ ਹੋ ਗਈ। ਹੁਣ



ਸ਼ਾਇਦ ਕੋਈ ਦਿਨ ਅਜਿਹਾ ਹੋਵੇ ਜਦੋਂ ਡਰੋਨ ਦੀ ਸਰਗਰਮੀ ਸਰਹੱਦੀ ਖੇਤਰ 'ਚ ਦਰਜ ਨਾ ਹੋਈ ਹੋਵੇ। ਦੂਜੇ ਪਾਸੇ ਸਰਹੱਦ 'ਤੇ ਤਾਇਨਾਤ ਬੀਐੱਸਐੱਫ ਵੱਲੋਂ ਵਧੇਰੇ ਡਰੋਨਾਂ ਨੂੰ ਖਦੇੜਨ ਦਿੱਤਾ ਜਾਂਦਾ ਹੈ। ਪਰ ਕਿਤੇ ਨਾ ਕਿਤੇ ਡ੍ਰੋਨਾਂ ਰਾਹੀਂ ਪੁੱਜੇ ਹਥਿਆਰ ਤੇ ਨਸ਼ਾ ਭਾਰਤੀ ਤਸਕਰਾਂ ਤਕ ਪੁੱਜ ਹੀ ਜਾਂਦੇ ਹਨ। ਤਰਨਤਾਰਨ ਪੁਲਿਸ ਨੇ ਵੀ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਦੋ ਦਰਜਨ ਤੋਂ ਵੱਧ ਅਜਿਹੇ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤੇ ਹਨ, ਜਿਨ੍ਹਾਂ 'ਤੇ ਡਰੋਨ ਰਾਹੀਂ ਪਾਕਿਸਤਾਨ ਤਰਫੋਂ ਹਥਿਆਰ ਤੇ ਹੈਰੋਇਨ ਮੰਗਵਾਉਣ ਦਾ ਦੋਸ਼ ਹੈ। ਇਨ੍ਹਾਂ ਵਿਚੋਂ ਕਈਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਾ ਹੈ।

**ਬੀਐੱਸਐੱਫ ਨਾਲ ਤਾਲਮੇਲ ਰੱਖ ਰਹੀ ਪੰਜਾਬ ਪੁਲਿਸ - ਡੀਜੀਪੀ ਯਾਦਵ**

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਸਰਹੱਦ 'ਤੇ ਹੋਣ ਵਾਲੀਆਂ ਡਰੋਨ ਸਰਗਰਮੀਆਂ ਬਾਰੇ ਕਿਹਾ ਸੀ ਕਿ ਬੀਐੱਸਐੱਫ ਨਾਲ ਮੁਕੰਮਲ ਤਾਲਮੇਲ ਰੱਖ ਕੇ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਮੁਸਤੈਦ ਹੈ। ਉਨ੍ਹਾਂ ਇਹ ਵੀ ਦੱਸਿਆ ਸੀ ਕਿ ਸੈਕੰਡ ਲਾਈਨ ਡਿਫੈਂਸ ਨੂੰ ਮਜ਼ਬੂਤ ਕਰਦਿਆਂ ਬਾਰਡਰ ਵਾਲੀਆਂ ਸੜਕਾਂ 'ਤੇ ਵਿਸ਼ੇਸ਼ ਨਾਕੇਬੰਦੀਆਂ ਕੀਤੀਆਂ ਜਾ ਰਹੀਆਂ ਹਨ। ਬੀਐੱਸਐੱਫ ਦਾ ਜਾਂਚ ਘੇਰਾ ਵਧਣ ਸਬੰਧੀ ਡੀਜੀਪੀ ਨੇ ਕਿਹਾ ਕਿ ਬੀਐੱਸਐੱਫ ਦੇ ਸਰਹੱਦ ਨਾਲ ਸਬੰਧਤ ਤਜਰਬੇ ਦਾ ਲਾਭ ਹੀ ਹੋਵੇਗਾ ਅਤੇ ਇਸ ਨਾਲ ਸਮੱਗਲਿੰਗ ਰੋਕੀ ਜਾ ਸਕੇਗੀ।

**ਕਿਸਾਨਾਂ ਲਈ ਮੁਸੀਬਤ ਬਣੇ ਡਰੋਨ**

ਸਰਹੱਦੀ ਕਿਸਾਨਾਂ ਦਾ ਕਹਿਣਾ ਹੈ ਡ੍ਰੋਨ ਸਰਗਰਮੀਆਂ ਉਨ੍ਹਾਂ ਲਈ ਮੁਸੀਬਤ ਬਣ ਚੁੱਕੀਆਂ ਹਨ। ਡਰੋਨ ਨਾਲ ਆਈ ਕੋਈ ਵੀ ਵਸਤੂ ਉਨ੍ਹਾਂ ਦੇ ਖੇਤਾਂ 'ਚ ਅਚਾਨਕ ਵੀ ਡਿੱਗੀ ਮਿਲ ਜਾਵੇ ਤਾਂ ਉਨ੍ਹਾਂ ਵੱਲ ਬੀਐੱਸਐੱਫ ਤੋਂ ਲੈ ਕੇ ਪੁਲਿਸ ਤੇ ਹੋਰ ਏਜੰਸੀਆਂ ਦੀ ਨਜ਼ਰ ਹੋ ਜਾਂਦੀ ਹੈ। ਏਨਾ ਹੀ ਨਹੀਂ, ਇਹ ਡਰ ਵੀ ਬਣਿਆ ਰਹਿੰਦਾ ਹੈ ਕਿ ਰਾਤ ਸੌਣ ਤੋਂ ਬਾਅਦ ਸਵੇਰੇ ਉੱਠਣਗੇ ਤਾਂ ਪਤਾ ਨਹੀਂ ਉਨ੍ਹਾਂ ਨੂੰ ਕਿਸ ਮੁਸੀਬਤ ਦਾ ਸਾਹਮਣਾ ਕਰਨਾ ਪੈ ਜਾਵੇ। ਪਤਾ ਨਹੀਂ ਹੁੰਦਾ ਕਿ ਡਰੋਨ ਵੱਲੋਂ ਸੁੱਟੀ ਗਈ ਵਸਤੂ ਉਨ੍ਹਾਂ ਉੱਪਰ ਕਦੋਂ ਸਮੱਗਲਰ ਹੋਣ ਦਾ ਟੈਗ ਲੁਆ ਦੇਵੇ। ਕਿਸਾਨਾਂ ਦਾ ਮੰਨੀਏ ਤਾਂ ਪਹਿਲਾਂ ਕੰਡਿਆਲੀ ਤਾਰ ਉਨ੍ਹਾਂ ਲਈ ਪਰੇਸ਼ਾਨੀ ਸੀ ਤੇ ਹੁਣ ਨਵੀਂ ਤਕਨੀਕ ਡਰੋਨ ਸਮੱਗਲਰਾਂ ਲਈ ਵਰਦਾਨ ਸਾਬਤ ਹੋ ਰਹੇ ਹਨ ਪਰ ਕਿਸਾਨਾਂ ਲਈ ਮੁਸੀਬਤ।

# ਇਕ ਦਸੰਬਰ ਤੋਂ ਸ਼ੁਰੂ ਹੋਵੇਗੀ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤੀ ਮੁਹਿੰਮ

**ਅੰਮ੍ਰਿਤਸਰ-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਲੋਕ ਲਹਿਰ ਬਣਾਉਣ ਲਈ ਕੱਲ੍ਹ 1 ਦਸੰਬਰ ਨੂੰ ਦਸਤਖ਼ਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇਗੀ। ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਇਕ ਫਾਰਮ ਭਰ ਕੇ ਗਵਰਨਰ ਪੰਜਾਬ ਨੂੰ ਦਿੱਤੇ ਜਾਣਗੇ ਤਾਂ ਜੋ ਲੋਕਾਂ ਦੀ ਮੰਗ ਸਰਕਾਰ ਤੱਕ ਪਹੁੰਚਾਈ ਜਾ ਸਕੇ। ਪਰ ਕਿਤੇ ਨਾ ਕਿਤੇ ਇਸ ਮੁਹਿੰਮ ਨੂੰ ਰਾਜਨੀਤੀ ਨਾਲ ਵੀ ਜੋੜਿਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਸੀਲਿਆ ਨਾਲ ਇਕੱਤਰ ਕੀਤਾ ਡਾਟਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਲਈ ਵਰਤਨ ਦੀਆਂ ਚਰਚਾਵਾਂ ਵੀ ਸ਼ੁਰੂ ਹੋ ਗਈਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਓਐੱਸਡੀ ਸਤਬੀਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਹਰ ਹੀਲੇ ਯਤਨ ਕਰੇਗੀ। ਪ੍ਰਧਾਨ ਐਡਵੋਕੇਟ ਧਾਮੀ ਵੱਲੋਂ 1 ਦਸੰਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੋਂ ਸਵੇਰੇ ਅਤੇ



ਦੁਪਹਿਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਦਸਤਖਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਤੋਂ ਇਲਾਵਾ ਬਾਹਰਲੇ ਰਾਜਾਂ ਵਿੱਚ ਵੀ ਇਹ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਲੋਕ ਲਹਿਰ ਬਣਾ ਕੇ ਸਰਕਾਰ ਤੱਕ ਆਪਣੀ ਆਵਾਜ ਰੱਖੀ ਜਾ ਸਕੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ ਸਰਕਾਰ ਨੂੰ 9 ਸਿੱਖ ਕੈਦੀਆਂ ਦੀ ਸੂਚੀ ਭੇਜੀ ਗਈ ਹੈ ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋਈਆਂ ਨੂੰ ਵੀ ਲੰਮਾ ਸਮਾਂ ਬੀਤ ਚੁੱਕਾ ਹੈ। ਸਿੱਖਾ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾਟਾ ਵਰਤਣ ਸਬੰਧੀ ਉਨ੍ਹਾਂ ਕਿਹਾ ਕਿ ਇਹ ਸਭ ਝੂਠ ਹੈ। ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਜੋ ਡਾਟਾ ਇੱਕਠਾ ਕਰੇਗੀ ਉਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਪ੍ਰੋਗਰਾਮ ਉਲੀਕਿਆ ਜਾਵੇਗਾ ਇਕੱਤਰ ਕੀਤੇ ਡਾਟੇ ਅਨੁਸਾਰ ਹਰੇਕ ਤੱਕ ਪ੍ਰੋਗਰਾਮ ਪੁੱਜਦਾ ਕੀਤਾ ਜਾਵੇਗਾ, ਤਾਂ ਜੋ ਬੰਦੀ ਸਿੰਘਾਂ ਦੀ ਰਿਹਾਈ ਲਈ ਦਰਦ ਰੱਖਣ ਵਾਲੇ ਸਮੇਂ ਸਮੇਂ ਸਿਰ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਸਕਣ।







# ਊਨਾ ਦੇ ਸਲੋਹ ਸਕੂਲ ਵਿਚ ਐਨ. ਐਸ. ਐਸ. ਕੈਂਪ ਆਯੋਜਿਤ ਕੀਤਾ

## ਜੇਕਰ ਇੱਛਾ ਮਜ਼ਬੂਤ ਹੈ ਤਾਂ ਜੀਵਨ ਦੇ ਕਠਿਨ ਟੀਚਿਆਂ ਨੂੰ ਵੀ ਪ੍ਰਾਪਤ ਕਰਨਾ ਅਸਾਨ ਹੈ- ਪਾਮਸ ਰਾਏ ਭੱਟੀ





**ਸਲੋਹ (ਊਨਾ)–** ਮਨੁੱਖ ਦੀ ਇੱਛਾ ਜੇਕਰ ਬਲਵਾਨ ਹੈ ਤਾਂ ਜੀਵਨ ਦੇ ਮੁਸ਼ਕਿਲ ਟੀਚਿਆਂ ਨੂੰ ਵੀ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਜੀਵਨ ਦੇ ਇਹਨਾਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਅਨੁਸ਼ਾਸਨ ਵਾਲਾ, ਹੌਸਲੇਵਾਲਾ, ਸ਼ਰਧਾਵਾਨ, ਲਗਨਸ਼ੀਲ ਅਤੇ ਮਿਹਨਤੀ ਹੋਣਾ ਜ਼ਰੂਰੀ ਹੈ। ਇਹ ਗੱਲ ਸ੍ਰੀ ਪਾਮਸ ਰਾਏ ਭੱਟੀ ਨੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਸਲੋਹ (ਊਨਾ) ਦੇ ਮੈਦਾਨ ਵਿਚ ਸਥਾਨਕ ਸਕੂਲ ਦੇ ਬੱਚਿਆਂ ਲਈ ਆਯੋਜਿਤ ਐਨ. ਐਸ. ਐਸ. ਕੈਂਪ ਵਿਚ ਕਿਹਾ। ਅਮਰੀਕੀ ਰਾਜ ਦੇ ਡਿਪਾਰਟਮੈਂਟ ਆਫ ਜਸਟਿਸ ਤੋਂ ਇਕ ਉੱਚ ਅਧਿਕਾਰੀ ਦੇ ਰੂਪ ਵਿਚ ਰਿਟਾਇਰਡ ਸ੍ਰੀ ਪਾਮਸ ਰਾਏ ਭੱਟੀ ਕਦੀ ਇਸੇ ਸਕੂਲ ਦੇ ਵਿਦਿਆਰਥੀ ਰਹੇ ਹਨ। ਸਕੂਲ ਤੋਂ ਲੈ ਕੇ ਕੈਲੇਫੋਰਨੀਆ ਤੱਕ ਤਹਿ ਕੀਤੀ ਗਈ ਆਪਣੀ ਜੀਵਨ ਯਾਤਰਾ ਦੀਆਂ ਕਠਿਨਾਈਆਂ ਅਤੇ ਮੁਸ਼ਕਿਲਾਂ ਨੂੰ ਬੱਚਿਆਂ ਨਾਲ ਸਾਂਝਾ ਕਰਦੇ ਹੋਏ ਸ੍ਰੀ ਪਾਮਸ ਰਾਏ ਨੇ ਬੱਚਿਆਂ ਨੂੰ ਜੀਵਨ ਵਿਚ ਸਫਲ ਹੋਣ ਦੇ ਲਈ ਕਠਿਨ ਤੋਂ ਕਠਿਨ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਦੇ ਲਈ ਤਿਆਰ ਰਹਿਣ ਲਈ ਕਿਹਾ। ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਇਸੇ ਸਕੂਲ ਵਿਚ ਆਪਣੇ ਵਿਦਿਆਰਥੀ ਜੀਵਨ ਵਿਚ ਗੁਜ਼ਾਰੇ ਪਲਾਂ ਨੂੰ ਯਾਦ ਕਰਦਿਆਂ ਸ੍ਰੀ ਪਾਮਸ ਰਾਏ ਭੱਟੀ ਬਹੁਤ ਭਾਵੁਕ ਹੋ ਗਏ। ਉਹਨਾਂ ਕਿਹਾ ਕਿ ਜੀਵਨ ਵਿਚ ਤੁਹਾਡਾ ਉਦੇਸ਼ ਵੱਡਾ ਹੋਣਾ ਚਾਹੀਦਾ ਹੈ, ਜਿਸਨੂੰ ਪ੍ਰਾਪਤ ਕਰਨ ਦੀ ਇੱਛਾ ਵਿਚ ਅਸਮਾਨ ਦੀਆਂ ਉੱਚਾਈਆਂ ਵੀ ਘੱਟ ਹੁੰਦੀਆਂ ਹਨ।ਇਸ ਤੋਂ ਪਹਿਲਾਂ ਸਰਕਾਰੀ ਮਹਾਂਵਿਦਿਆਲਿਆ ਊਨਾ ਵਿਚ ਤਾਇਨਾਤ ਰਹੇ ਡਾ. ਐਚ. ਐਲ. ਧੀਮਾਨ ਨੇ ਵੀ ਬੱਚਿਆਂ ਨੂੰ ਸੰਬੋਧਿਤ ਕਰਕੇ ਉਹਨਾਂ ਵਿਚ ਨਵੀਂ ਊਰਜਾ ਅਤੇ ਚੇਤਨਾ ਦਾ ਸੰਦੇਸ਼ ਸੰਚਾਰਿਤ ਕਰਕੇ ਉਹਨਾਂ ਨੂੰ ਮੋਟੀਵੇਟ ਕੀਤਾ। ਇਸ ਮੌਕੇ ਤੇ ਉਹਨਾਂ ਦੇ ਨਾਲ ਪੜੌਸੀ ਸਕੂਲ ਦੇ ਕੇਂਦਰੀ ਮੁੱਖ ਅਧਿਆਪਕ ਸ੍ਰੀ ਸੰਦੇਸ਼ ਕੁਮਾਰ ਵੀ ਨਾਲ ਸਨ।

ਸਕੂਲ ਦੇ ਉਪ ਪ੍ਰਿੰਸੀਪਲ ਸ੍ਰੀ ਕੌਸ਼ਲ, ਐਨ. ਐਸ. ਐਸ. ਮੁਖੀ ਸ੍ਰੀ ਸਤਪਾਲ, ਸ੍ਰੀ ਸੁਰੇਸ਼ ਕੁਮਾਰ ਅਤੇ ਹੋਰ ਸਟਾਫ ਨੇ ਅਮਰੀਕਾ ਤੋਂ ਆਏ ਆਪਣੇ ਸਾਬਕਾ ਵਿਦਿਆਰਥੀ ਅਤੇ ਪ੍ਰਵਾਸੀ ਭਾਰਤੀ ਸ੍ਰੀ ਪਾਮਸ ਰਾਏ ਭੱਟੀ ਦਾ ਆਪਣੇ ਸਕੂਲ ਵਿਚ ਪਹੁੰਚਣ ਤੇ ਸਵਾਗਤ ਅਤੇ ਧੰਨਵਾਦ ਕੀਤਾ। ਪ੍ਰਿੰਸੀਪਲ ਸ੍ਰੀ ਕੌਸ਼ਲ ਨੇ ਸਕੂਲ ਦੀ ਸੱਤ ਦਿਨਾ ਐਨ. ਐਸ. ਐਸ. ਕੈਂਪ ਵਿਚ ਇਸ ਹਾਜ਼ਰੀ ਨੂੰ ਬਹੁਤ ਮਾਣ ਵਾਲਾ ਅਤੇ ਬੱਚਿਆਂ ਲਈ ਪ੍ਰੇਰਨਾਦਾਇਕ ਦੱਸਿਆ।

# ਅੰਬੇਡਕਰ ਭਵਨ ਟਰੱਸਟ ਨੇ ਕੀਤਾ ਐਨਆਰਆਈ ਸੁਜਾਤਾ ਸੱਲਣ ਦਾ ਸਨਮਾਨ

**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਵੱਲੋਂ ਪ੍ਰਵਾਸੀ ਭਾਰਤੀ ਸੁਜਾਤਾ ਸੱਲਣ ਨੂੰ ਉਨ੍ਹਾਂ ਦੀਆਂ ਮਿਸ਼ਨਰੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਨਮਾਨਿਤ ਕੀਤਾ ਗਿਆ। ਜਦੋਂ ਟਰੱਸਟ ਨੇ ਅੰਬੇਡਕਰ ਭਵਨ ਪਰਿਸਰ ਵਿੱਚ ਖੜੀ ਬੁੱਧ ਦੀ ਮੂਰਤੀ ਸਥਾਪਤ ਕੀਤੀ ਸੀ ਤਾਂ ਮੈਡਮ ਸੁਜਾਤਾ ਅਤੇ ਉਸਦੇ ਪਰਿਵਾਰ ਨੇ ਭਵਨ ਨੂੰ ਇੱਕ ਲੱਖ ਰੁਪਏ ਦਾ ਯੋਗਦਾਨ ਪਾਇਆ । ਉਨ੍ਹਾਂ ਨੇ ਤਕਸ਼ਿਲਾ ਮਹਾਬੁੱਧ ਵਿਹਾਰ, ਲੁਧਿਆਣਾ ਵਿਖੇ ਅਟੈਚ ਬਾਥ ਰੂਮ ਦੇ ਨਾਲ ਇੱਕ ਕਮਰੇ ਦਾ ਨਿਰਮਾਣ ਕਰਾਇਆ ਸੀ। ਮੈਡਮ ਸੁਜਾਤਾ ਅਤੇ ਉਨ੍ਹਾਂ ਦੇ ਪਤੀ ਮਹਿੰਦਰ ਸੱਲਣ ਨੇ ਅੰਬੇਡਕਰ ਭਾਵਾਂ ਵਿਖੇ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਰਾਹੀਂ ਕਈ ਵਾਰ ਮੁਫਤ ਮੈਡੀਕਲ ਕੈਂਪ ਲਗਾ ਕੇ ਲੋੜਵੰਦ ਲੋਕਾਂ ਨੂੰ ਮੁਫਤ ਦਵਾਈਆਂ ਵੰਡੀਆਂ। ਉਨ੍ਹਾਂ ਨੇ ਦੋ ਕਿਤਾਬਾਂ, ਇੱਕ ਐਚ ਐਲ ਵਿਰਦੀ ਯੂ. ਕੇ. ਦੁਆਰਾ ਲਿਖੀ



ਗਈ 'ਆਜ਼ਾਦੀ ਦਾ ਮਾਰਗ' ਅਤੇ ਦੂਜੀ ਐਲ ਆਰ ਬਾਲੀ ਦੁਆਰਾ ਲਿਖੀ ਗਈ 'ਅੰਬੇਡਕਰ ਮਿਸ਼ਨ ਪ੍ਰਤੀ ਸਾਡਾ ਫਰਜ਼,' ਪ੍ਰਕਾਸ਼ਿਤ ਕਰਨ ਲਈ ਵਿੱਤੀ ਸਹਾਇਤਾ ਦਿੱਤੀ, ਇਹ ਦੋਵੇਂ ਕਿਤਾਬਾਂ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਾਸਤੇ ਮੁਫਤ ਵੰਡੀਆਂ ਗਈਆਂ ਹਨ। ਪਿਛਲੇ ਦਿਨੀਂ ਮੈਡਮ ਸੁਜਾਤਾ ਨੇ ਪ੍ਰਸਿੱਧ ਅੰਬੇਡਕਰਵਾਦੀ ਸ਼੍ਰੀ ਐਲ ਆਰ ਬਾਲੀ ਦੁਆਰਾ ਲਿਖੀ ਕਿਤਾਬ 'ਡਾ ਅੰਬੇਡਕਰ ਦੇ ਕਾਰਜ' ਦੀਆਂ 300 ਕਾਪੀਆਂ 'ਪ੍ਰਬੁੱਧ ਭਾਰਤ ਫਾਊਂਡੇਸ਼ਨ' ਫਗਵਾੜਾ ਨੂੰ ਦਾਨ ਕੀਤੀਆਂ ਅਤੇ ਉਸਨੇ ਜਿਲਾ ਹੋਸ਼ਿਆਰਪੁਰ ਦੇ ਪਿੰਡ ਲਤੀਫਪੁਰ ਵਿਖੇ 'ਬਾਬਾ ਸਾਹਿਬ ਡਾਕਟਰ ਬੀਆਰ ਅੰਬੇਡਕਰ ਲਾਇਬ੍ਰੇਰੀ' ਦਾ ਉਦਘਾਟਨ ਕੀਤਾ ਅਤੇ ਨਵੀਂ ਖੁੱਲ੍ਹੀ ਲਾਇਬ੍ਰੇਰੀ ਨੂੰ ਪੁਸਤਕਾਂ ਦੀ ਸਾਂਭ ਸੰਭਾਲ ਵਾਸਤੇ ਅਲਮੀਰਾ ਵੀ ਦਾਨ ਕੀਤਾ।

ਇਸ ਮੌਕੇ ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ), ਜਨਰਲ ਸਕੱਤਰ ਡਾ: ਜੀਸੀ ਕੌਲ, ਐਲਆਰ ਬਾਲੀ ਫਾਊਂਡਰ ਟਰੱਸਟੀ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜੱਸਲ ਅਤੇ ਚਰਨਦਾਸ ਸੰਧੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਦੁਆਰਾ ਦਿੱਤੀ।

# ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ ਸਿੱਖ ਨੈਸ਼ਨਲ ਕਾਲਜ ਬੰਗਾ ’ਚ ਸਮਾਗਮ

**ਬੰਗਾ, 24 ਨਵੰਬਰ (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ‘ਸਾਹਿਤ ਉਚਾਰਨ ਮੁਕਾਬਲਾ’ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਗੀਤ, ਕਵਿਤਾ ਤੇ ਭਾਸ਼ਣ ਦੇ ਰੰਗ ’ਚ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਮੁਜਾਹਰਾ ਕੀਤਾ। ਇਸ ਮੁਕਾਬਲੇ ਚ ਬੀ ਕਾਮ ਦੀ ਵਿਦਿਆਰਥਣ ਅਰਸ਼ਦੀਪ ਕੌਰ ਤੇ ਐਮ ਕਾਮ ਜਮਾਤ ਦੀ ਵਿਦਿਆਰਥਣ ਜਸਦੀਪ ਕੌਰ ਨੇ ਸਾਂਝੇ ਤੌਰ ਤੇ ਪਹਿਲਾ ਸਥਾਨ ਹਾਸਲ ਕੀਤਾ। ਇਵੇਂ ਬੀ ਸੀ ਏ ਦੀ ਵਿਦਿਆਰਥਣ ਤਾਨੀਆਂ ਨੇ ਦੂਜੇ ਅਤੇ ਬੀ ਏ ਦੀ ਵਿਦਿਆਰਥਣ ਇੰਦਰਪ੍ਰੀਤ ਕੌਰ ਤੀਜੇ ਸਥਾਨ




’ਤੇ ਰਹੇ। ਜੇਤੂਆਂ ਨੂੰ ਇਨਾਮ ਤਕਸੀਮ ਕਰਨ ਦੀ ਰਸਮ ਡਾ. ਬਖਸ਼ੀਸ਼ ਸਿੰਘ ਕਰਨ ਹਸਪਤਾਲ ਬੰਗਾ ਅਤੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਸਿੱਖ ਨੈਸ਼ਨਲ ਕਾਲਜ ਬੰਗਾ ਨੇ ਸਾਂਝੇ ਤੌਰ ’ਤੇ ਕੀਤੀ। ਉਹਨਾਂ ਵਿਦਿਆਰਥੀ ਵਰਗ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਅਜਿਹੀਆਂ ਪ੍ਰਤੀਯੋਗਤਾਵਾਂ ’ਚ ਭਾਗ ਲੈਣ ਦੀ ਪ੍ਰੇਰਨਾ ਦਿੰਦਿਆਂ ਜ਼ਿੰਦਗੀ ’ਚ ਸਫ਼ਲਤਾ ਲਈ ਮਿਹਨਤ ਤੇ ਲਗਨ ਦਾ ਸੁਮੇਲ ਬਣਾਈ ਰੱਖਣ ਦਾ ਹੋਕਾ ਦਿੱਤਾ। ਸੰਸਥਾ ਵਲੋਂ ਜੇਤੂਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਮਾਣ ਪੱਤਰ ਪ੍ਰਦਾਨ ਕੀਤੇ ਗਏ। ਇਸ ਮੁਕਾਬਲੇ ਦੇ ਜੱਜਮੈਂਟ ਪੈਨਲ ’ਚ ਜੁਗਿੰਦਰ ਕੁੱਲੇਵਾਲ, ਰਜਨੀ ਸ਼ਰਮਾ ਤੇ ਨੀਰੂ ਜੱਸਲ ਸ਼ਾਮਲ ਸਨ। ਮੰਚ ਦਾ ਸੰਚਾਲਨ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਬਾਖ਼ੂਬੀ ਨਿਭਾਇਆ। ਸੰਸਥਾ ਤੇ ਪ੍ਰਧਾਨ ਸਤਪਾਲ ਸਾਹਲੋਂ ਨੇ ਸਮੂਹ ਹਾਜ਼ਰੀਨ ਦਾ ਨਿੱਘਾ ਸਵਾਗਤ ਕੀਤਾ ਗਿਆ। ਆ ਸਮਾਗਮ ਦੀ ਸਫਲਤਾ ਲਈ ਡਾ. ਨਿਰਮਲਜੀਤ ਕੌਰ ਅਤੇ ਪ੍ਰੋ. ਗੁਰਪ੍ਰੀਤ ਸਿੰਘ ਦਾ ਨਿੱਘਾ ਸਹਿਯੋਗ ਰਿਹਾ। ਇਸ ਮੌਕੇ ਇਹ ਵੀ ਜਾਣਕਾਰੀ ਵੀ ਸਾਂਝੀ ਕੀਤੀ ਗਈ ਕਿ ਨਵਜੋਤ ਸਾਹਿਤ ਸੰਸਥਾ ਔੜ ਦੇ ਬੈਨਰ ਹੇਠ ‘ਸਾਹਿਤ ਉਚਾਰਨ ਮੁਕਾਬਲਾ’ ਤੋਂ ਇਲਾਵਾ ‘ਸਾਹਿਤਕ ਸੱਥ’ ਅਤੇ ‘ਲੇਖਕ ਦੇ ਵਿਹੜੇ’ ਸਮਾਗਮਾਂ ਦੀ ਲੜੀਆਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸਮਾਗਮ ਦੇ ਪ੍ਰਬੰਧ ਹਿੱਤ ਕਾਲਜ ਦੀ ਪੰਜਾਬੀ ਵਿਭਾਗ ਦੇ ਨੁਮਾਇੰਦੇ ਗੁਰਪ੍ਰੀਤ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

# 7ਵਾਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਯਾਦਗਾਰੀ ਹੋ ਨਿਬੜਿਆ

## ਵਿਸ਼ਵ ਦੇ ਮਾਂ ਬੋਲੀ ਦੇ ਉਪਾਸਕ ਅਤੇ ਉੱਘੇ ਸਾਹਿਤਕਾਰਾਂ ਸਣੇ 5 ਦਰਜਨ ਦੇ ਕਰੀਬ ਪੰਜਾਬ ਦੇ ਸਾਹਿਤਕਾਰਾਂ ਨੇ ਲਿਆ ਹਿੱਸਾ

**ਰਾਜਪੁਰਾ, 21 ਨਵੰਬਰ (ਡਾ ਗੁਰਵਿੰਦਰ ਅਮਨ)–** ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਪ੍ਰਧਾਨ ਡਾ ਗੁਰਵਿੰਦਰ ਅਮਨ, ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਸੋਹਣਾ ਦੀ ਦੇਖ-ਰੇਖ ਵਿਚ 7ਵਾਂ ਅੰਤਰ-ਰਾਸ਼ਟਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਐਸ ਡੀ ਐਮ ਡਾ ਸੰਜੀਵ ਕੁਮਾਰ ਨੇ ਕਰਵਾਈ। ਇਸ ਦੋਰਾਨ ਉਹਨਾਂ ਕਿਹਾ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਦਾ ਦਿਲੋਂ ਸਤਕਾਰ ਕਰਦਾ ਹਾਂ ਤੇ ਉਹਨਾਂ ਦੇਸ਼ ਅਤੇ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਆਪਣੇ ਬੱਚਿਆਂ ਨਾਲ ਘਰ ਵਿਚ ਪੰਜਾਬੀ ਬੋਲਣ ਤੇ ਸਿਖਾਉਣ ਲਈ ਪ੍ਰੇਰਿਆ। ਸਮਾਗਮ 'ਚ ਵਿਸ਼ੇਸ਼ ਤੋਰ ਤੇ ਦੇਸ਼ ਅਤੇ ਵਿਦੇਸ਼ ਤੋਂ ਪਹੁੰਚੇ ਅਜਾਇਬ ਸਿੰਘ ਚੱਠਾ ਚੇਅਰਮੈਨ ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ, ਡਾ ਸਰਬਜੀਤ ਸਿੰਘ ਮੁਖੀ ਅਤੇ ਪ੍ਰੋਫੈਸਰ ਪੰਜਾਬੀ ਅਧਿਐਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਡਾ ਗੁਰਮਿੰਦਰ ਸਿੱਧੂ ਵਿਸ਼ਵ ਪ੍ਰਸਿੱਧ ਕਵਿੱਤਰੀ ਕੈਨੇਡਾ, ਪਰਮਿੰਦਰ ਪ੍ਰਵਾਨਾ ਪ੍ਰਧਾਨ ਸਾਂਝਾਂ ਸਭਿਆਚਾਰਕ ਮੰਚ ਅਮਰੀਕਾ, ਹਰਭਜਨ ਸਿੰਘ ਬਰਾੜ ਪ੍ਰਧਾਨ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਉਡੇਸ਼ਨ ਕੈਨੇਡਾ, ਪਵਨ ਹਰਚੰਦਪੁਰੀ ਪ੍ਰਧਾਨ ਕੈਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਅਜੈ ਭਟੇਜਾ ਪ੍ਰਧਾਨ ਰੋਟਰੀ ਕਲੱਬ ਸਮੇਤ 5 ਦਰਜਨ ਦੇ ਕਰੀਬ ਸਹਿਤਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ




ਗਿਆ। ਸਮਾਗਮ ਦਾ ਅਗਾਜ਼ ਕਰਮ ਸਿੰਘ ਹਕੀਰ ਨੇ ਆਪਣੇ ਗੀਤ ਨਾਲ ਕੀਤਾ ਤੇ ਫੇਰ ਇਕ ਤੋਂ ਬਾਅਦ ਇਕ ਕਰੀਬ 5 ਦਰਜਨ ਦੇ ਕਰੀਬ ਸਹਿਤਕਾਰਾਂ, ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਵਾਹ-ਵਾਹ ਖੱਟੀ ਤੇ ਦਰਸ਼ਕਾਂ ਨੂੰ ਕੀਲ ਕੇ ਰਖ ਦਿਤਾ । ਇਸ ਮੋਕੇ ਪ੍ਰਸਿੱਧ ਪੰਜਾਬੀ ਦੇ ਗਾਇਕ ਪਾਲੀ ਦੇਤਵਾਲੀਆ ਅਤੇ ਉੱਘੀ ਗਾਇਕਾ ਗੁਲਸ਼ਨ ਕੋਮਲ ਦਾ ਫੁੱਲਾਂ ਦੇ ਗੁਲਦਸਤੇ ਅਤੇ ਸ਼ਾਲ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਦੋਰਾਨ ਦੋਵੇਂ ਗਾਇਕਾਂ ਨੇ ਆਪਣੇ ਗੀਤ ਵੀ ਸੁਣਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ।ਇਸ ਮੋਕੇ ਸੁਰਿੰਦਰ ਗਿੱਲ ਚੰਡੀਗੜ੍ਹ, ਡਾ ਅਮਰਜੀਤ ਕੌਂਕੇ, ਗੁਰਦਰਸ਼ਨ ਗੁਸੀਲ, ਡਾ ਰਤਨ ਸਿੰਘ ਢਿੱਲੋਂ, ਡਾ ਸੁਰੇਸ਼ ਨਾਇਕ, ਹਰਜਿੰਦਰ ਕੌਰ ਸੱਧਰ, ਡਾ ਹਰਜੀਤ ਸਿੰਘ ਸੱਧਰ, ਦਰਸ਼ਨ ਸਿੰਘ ਆਸ਼ਟ, ਡਾ ਗੁਰਮਿੰਦਰ ਸਿੱਧੂ, ਸਰਬਜੀਤ ਸਿੰਘ ਵਿਰਦੀ,ਡਾ ਅਮਨਪ੍ਰੀਤ ਕੌਰ ਕੰਗ, ਸੁਰਿੰਦਰ ਕੌਰ ਬਾੜਾ, ਅਮਰਜੀਤ ਸਿੰਘ ਵੜੈਚ ਸਾਬਕਾ ਡਾਇਰੈਕਟਰ ਆਲ ਇੰਡੀਆ ਰੇਡੀਓ, ਕੀਰਤ ਸਿੰਘ ਤਪੀਆ, ਸੁਰਿੰਦਰ ਭੋਗਲ, ਸੰਤ ਸਿੰਘ ਸੋਹਲ, ਸੁਰਿੰਦਰ ਸੋਹਣਾ, ਅਮਰਜੀਤ ਸਿੰਘ ਮੋਰਿੰਡਾ, ਤੇ ਲੋਕ ਸਾਹਿਤ ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਸਮੇਤ 5 ਦਰਜਨ ਦੇ ਕਰੀਬ ਕਵੀਆਂ, ਗੀਤਕਾਰਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਲੋਕਾਂ ਨੂੰ ਕੀਲ ਕੇ ਰੱਖਿਆ। ਸਮਾਗਮ ਦੇ ਅੰਤ ਵਿਚ ਵਿਸ਼ਵ ਪੰਜਾਬੀ ਕਾਨਫਰੰਸ ਦੇ ਚੇਅਰਮੈਨ ਅਜਾਇਬ ਸਿੰਘ ਚੱਠਾ ਸਮੇਤ ਦੇਸ਼ ਵਿਦੇਸ਼ਾਂ ਤੋਂ ਆਏ ਪ੍ਰਧਾਨਗੀ ਮੰਡਲ ਤੇ ਉੱਘੇ ਸਾਹਿਤਕਾਰਾਂ ਨੇ ਇਸ ਸਮਾਗਮ ਦਾ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਜਿਹੇ ਸਮਾਗਮ ਦੇਸ਼ਾਂ-ਵਿਦੇਸ਼ਾਂ ਵਿਚ ਹੁੰਦੇ ਰਹਿਣੇ ਚਾਹੀਦੇ ਹਨ।

ਇਸ ਦੋਰਾਨ ਬਲਦੇਵ ਸਿੰਘ ਖੁਰਾਣਾ, ਜਿਨ੍ਹਾਂ ਨੇ ਸਮਾਗਮ ਦੇ ਸ਼ੁਰੂ ਤੋਂ ਅੰਤ ਤਕ ਸਟੇਜ ਸਕੱਤਰ ਦੀ ਸੇਵਾ ਆਪਣੀਆਂ ਉੱਚ ਮਿਆਰੀ ਰਚਨਾਵਾਂ ਤੇ ਟੋਟਕੇ ਸੁਣਾ ਕੇ ਨਿਭਾਈ। ਇਸ ਦੋਰਾਨ ਕੁਲਵੰਤ ਜੱਸਲ, ਅਵਤਾਰ ਪੁਆਰ, ਸ਼ਤਰੂਘਣ ਗੁਪਤਾ, ਸੁਨੀਤਾ ਰਾਣੀ, ਕੁਲਵੰਤ ਸ਼ਰਮਾ, ਕਰਨੈਲ ਸਿੰਘ ਪ੍ਰਵਾਨਾ, ਸੁਰੇਸ਼ ਕੱਕੜ ਸਮੇਤ ਹੋਰ ਸੰਗਮ ਦੇ ਮੈਂਬਰਾਂ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਵਿਚ ਪਰਿਵਾਰ ਦੇ 3 ਜੀਆਂ ਦੀ ਹੱਤਿਆ ਕਰਨ ਵਾਲਾ ਸ਼ੱਕੀ ਦੋਸ਼ੀ ਸਾਬਕਾ ਪੁਲਿਸ ਅਫਸਰ ਮੁਕਾਬਲੇ ਵਿਚ ਮਾਰਿਆ ਗਿਆ





**ਸੈਕਰਾਮੈਂਟੋ 29 ਨਵੰਬਰ–** ਰਿਵਰਸਾਈਡ, ਕੈਲੀਫੋਰਨੀਆ ਵਿਚ ਇਕ ਨਬਾਲਗ ਕੁੜੀ ਦੇ ਦਾਦਾ, ਦਾਦੀ ਤੇ ਮਾਂ ਦੀ ਹੱਤਿਆ ਕਰਨ ਵਾਲਾ ਸ਼ੱਕੀ ਦੋਸ਼ੀ ਵਿਰਜਨੀਆ ਦਾ ਸਾਬਕਾ ਪੁਲਿਸ ਅਫਸਰ ਉਸ ਵੇਲੇ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ ਜਦੋਂ ਉਹ ਨਬਾਲਗ ਕੁੜੀ ਨਾਲ ਭੱਜਣ ਦੀ ਕੋਸ਼ਿਸ਼ ਵਿਚ ਸੀ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸਾਬਕਾ ਪੁਲਿਸ ਅਫਸਰ ਦੀ ਪਛਾਣ ਆਸਟਿਨ ਲੀ ਐਡਵਰਡਜ (28) ਵਜੋਂ ਹੋਈ ਹੈ। ਉਸ ਨੇ ਨਬਾਲਗ ਕੁੜੀ ਨੂੰ ਆਨ ਲਾਈਨ ਆਪਣੇ ਜਾਲ ਵਿਚ ਫਸਾਇਆ। ਪੁਲਿਸ ਅਨੁਸਾਰ ਐਡਵਰਡਜ ਨੇ ਕੁੜੀ ਕੋਲੋਂ ਉਸ ਦੀ ਨਿੱਜੀ ਜਾਣਕਾਰੀ ਲਈ ਤੇ ਉਹ ਵਰਜੀਨੀਆ ਤੋਂ ਰਿਵਰਸਾਈਡ ਗਿਆ। ਜਿਥੇ ਉਸ ਨੇ ਇਕ ਪਾਸੇ ਗੱਡੀ ਖੜੀ ਕੀਤੀ ਤੇ ਪੈਦਲ ਹੀ ਕੁੜੀ ਦੇ ਘਰ ਗਿਆ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਉਸ ਨੇ ਕੁੜੀ ਦੇ ਦਾਦਾ ਦਾਦੀ ਮਾਰਕ ਵੀਨਾਇਕ (69) ਤੇ ਸ਼ਾਰੀ ਵਿਨਾਇਕ (65) ਤੇ ਉਸ ਦੀ ਮਾਂ ਬਰੁਕ ਵਿਨਾਇਕ (38) ਦੀ ਹੱਤਿਆ ਕੀਤੀ ਤੇ ਕੁੜੀ ਨਾਲ ਆਪਣੀ ਗੱਡੀ ਵਿਚ ਫਰਾਰ ਹੋ ਗਿਆ। ਪੁਲਿਸ ਨੇ ਘਰ ਵਿਚੋਂ ਲਾਸ਼ਾਂ ਬਰਾਮਦ ਕਰਨ ਉਪੰਰਤ ਐਡਵਰਡਜ ਦਾ ਪਿੱਛਾ ਕੀਤਾ ਜੋ ਕੁੜੀ ਨਾਲ ਸੈਨ ਬਰਨਰਡੀਨੋ ਕਾਊਂਟੀ ਵਿਚ ਜਾ ਰਿਹਾ ਸੀ। ਬਿਆਨ ਅਨੁਸਾਰ ਸੈਨ ਬਰਨਰਡੀਨੋ ਕਾਊਂਟੀ ਦੇ ਪੁਲਿਸ ਅਫਸਰਾਂ ਨੇ ਐਡਵਰਡਜ ਨੂੰ ਰੋਕਣ ਦਾ ਯਤਨ ਕੀਤਾ ਪਰ ਉਸ ਨੇ ਰੁਕਣ ਦੀ ਬਜਾਏ ਪੁਲਿਸ 'ਤੇ ਗੋਲੀਆਂ ਚਲਾਈਆਂ। ਪੁਲਿਸ ਅਫਸਰਾਂ ਦੀ ਜਵਾਬੀ ਕਾਰਵਾਈ ਵਿਚ ਐਡਵਰਡਜ ਮਾਰਿਆ ਗਿਆ। ਨਬਾਲਗ ਕੁੜੀ ਇਸ ਸਮੇ ਰਿਵਰਸਾਈਡ ਕਾਊਂਟੀ ਵਿਭਾਗ ਦੀ ਪਬਲਿਕ ਸੋਸਲ ਸਰਵਿਸ ਕੋਲ ਸੁਰੱਖਿਅਤ ਹੈ। ਪੁਲਿਸ ਨੇ ਪਰਿਵਾਰਕ ਮੈਂਬਰਾਂ ਦੀ ਮੌਤ ਦੇ ਅਸਲ ਕਾਰਨ ਤੇ ਢੰਗ-ਤਰੀਕੇ ਬਾਰੇ ਅਜੇ ਖੁਲਾਸਾ ਨਹੀਂ ਕੀਤਾ ਹੈ।

# ਮੈਨੂੰ 9 ਦਸੰਬਰ ਦੀ ਰੇਲ ਹੜਤਾਲ ਟਲ ਜਾਣ ਦੀ ਪੂਰੀ ਆਸ- ਬਾਈਡਨ

## ਕਾਂਗਰਸ ਦੇ 4 ਚੋਟੀ ਦੇ ਆਗੂਆਂ ਤੇ ਰਾਸ਼ਟਰਪਤੀ ਵਿਚਾਲੇ ਅਹਿਮ ਮੀਟਿੰਗ



**ਸੈਕਰਾਮੈਂਟੋ 30 ਨਵੰਬਰ–** ਰਾਸ਼ਟਰਪਤੀ ਜੋ ਬਾਈਡਨ ਨੇ ਆਸ ਪ੍ਰਗਟਾਈ ਹੈ ਕਿ 9 ਦਸੰਬਰ ਦੀ ਪ੍ਰਸਤਾਵਿਤ ਰੇਲ ਹੜਤਾਲ ਨੂੰ ਰੋਕਣ ਵਿਚ ਉਹ ਕਾਮਯਾਬ ਹੋ ਜਾਣਗੇ। ਰਾਸ਼ਟਰਪਤੀ ਨੇ ਰੇਲ ਹੜਤਾਲ ਰੋਕਣ ਲਈ ਕਾਂਗਰਸ ਦੇ 4 ਚੋਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਜਿਸ ਵਿਚ ਅਹਿਮ ਵਿਚਾਰਾਂ ਹੋਈਆਂ। ਬਾਈਡਨ ਨੇ ਸਦਨ ਦੇ ਸਪੀਕਰ ਨੈਨਸੀ ਪੋਲੇਸੀ, ਸੈਨਟ ਦੇ ਬਹੁਗਿਣਤੀ ਆਗੂ ਚੁਕ ਸ਼ੂਮਰ, ਸਦਨ ਦੇ ਘੱਟ ਗਿਣਤੀ ਆਗੂ ਕੈਵਿਨ ਮੈਕਰਥੀ ਤੇ ਸੈਨੇਟੇ ਦੇ ਘੱਟ ਗਿਣਤੀ ਆਗੂ ਮਿਚ ਮਕੋਨੈਲ ਨਾਲ ਕੀਤੀ ਮੀਟਿੰਗ ਵਿਚ ਰੇਲ ਹੜਤਾਲ ਰੋਕਣ ਲਈ ਸਤੰਬਰ ਵਿਚ ਯੂਨੀਅਨ ਆਗੂਆਂ ਤੇ ਮੈਨਜਮੈਂਟ ਵਿਚਾਲੇ ਹੋਏ ਆਰਜੀ ਸਮਝੌਤੇ ਨੂੰ ਪ੍ਰਵਾਨਗੀ ਦੇਣ ਲਈ ਬਿੱਲ ਪਾਸ ਕਰਨ ਵਾਸਤੇ ਅਗੇ ਆਉਣ ਦੀ ਅਪੀਲ ਕੀਤੀ। ਬਾਈਡਨ ਨੇ ਕਿਹਾ ਕਿ ਇਹ ਕੰਮ ਸੌਖਾ ਨਹੀਂ ਹੈ ਪਰੰਤੂ ਸਾਨੂੰ ਇਸ ਨੂੰ ਕਰਨਾ ਪਵੇਗਾ ਕਿਉਂਕਿ ਸਾਡੀ ਅਰਥਵਿਵਸਥਾ ਜੋਖਮ ਵਿਚ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਨੇ ਕਾਂਗਰਸ ਨੂੰ ਅਪੀਲ ਕੀਤੀ ਸੀ ਕਿ ਲੇਬਰ ਯੂਨੀਅਨਾਂ ਤੇ ਮੈਨੇਜਮੈਂਟ ਆਗੂਆਂ ਵੱਲੋਂ ਸਤੰਬਰ ਵਿਚ ਪ੍ਰਵਾਨ ਕੀਤੇ ਆਰਜੀ ਸਮਝੌਤੇ ਨੂੰ ਸਰਕਾਰੀ ਪੱਧਰ ਉਪਰ ਪ੍ਰਵਾਨਗੀ ਦੇਣ ਲਈ ਬਿੱਲ ਤੁਰੰਤ ਪਾਸ ਕੀਤਾ ਜਾਵੇ। ਹਾਲਾਂ ਕਿ 4 ਯੂਨੀਅਨਾਂ ਦੇ ਰੈਂਕ ਐਂਡ ਫਾਈਲ ਮੈਂਬਰ ਆਰਜੀ ਸਮਝੌਤੇ ਨੂੰ ਰੱਦ ਕਰ ਚੁੱਕੇ ਹਨ ਤੇ ਉਹ 9 ਦਸੰਬਰ ਨੂੰ ਹੜਤਾਲ 'ਤੇ ਜਾਣ ਲਈ ਬਜਿਦ ਹਨ ਪਰੰਤੂ ਬਾਈਡਨ ਨੂੰ ਪੂਰਾ ਭਰੋਸਾ ਹੈ ਕਿ ਬਿੱਲ ਪਾਸ ਹੋ ਜਾਣ 'ਤੇ ਹੜਤਾਲ ਨਹੀਂ ਹੋਵੇਗੀ।

ਇਥੇ ਵਰਣਨਯੋਗ ਹੈ ਕਿ ਜੇਕਰ ਰੇਲ ਹੜਤਾਲ ਨਹੀਂ ਰੋਕੀ ਜਾਂਦੀ ਤਾਂ ਗੈਸ ਤੇ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਵਿਚ ਉਛਾਲ ਆ ਸਕਦਾ ਹੈ ਜਿਸ ਕਾਰਨ ਪਹਿਲਾਂ ਤੋਂ ਹੀ ਮਹਿ-ਗਾਈ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਨਵੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਰਾਸ਼ਟਰਪਤੀ ਕਿਸੇ ਵੀ ਹਾਲਤ ਵਿਚ ਅਜਿਹਾ ਨਾ ਹੋਣ ਦੇਣ ਲਈ ਯਤਨਸ਼ੀਲ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਰਾਸ਼ਟਰਪਤੀ ਦੇ ਯਤਨਾਂ ਸਦਕਾ ਹੀ ਸਤੰਬਰ ਵਿਚ ਆਰਜੀ ਸਮਝੌਤਾ ਸਿਰੇ ਚੜਿਆ ਸੀ।

# ਨਬਾਲਗਾਂ ਦਰਮਿਆਨ ਹੋਏ ਝਗੜੇ ਉਪਰੰਤ ਹੋਈ ਗੋਲੀਬਾਰੀ ਦੌਰਾਨ ਇਕ ਦੀ ਮੌਤ ਤੇ 5 ਹੋਰ ਜ਼ਖਮੀ

**ਸੈਕਰਾਮੈਂਟੋ 29 ਨਵੰਬਰ–** ਡਾਊਨ ਟਾਊਨ ਐਟਲਾਂਟਾ ਨੇੜੇ ਸ਼ਾਪਿੰਗ ਡਿਸਟ੍ਰਿਕਟ ਵਿਖੇ ਨਬਾਲਗਾਂ ਦਰਮਿਆਨ ਹੋਏ ਝਗੜੇ ਉਪਰੰਤ ਹੋਈ ਗੋਲੀਬਾਰੀ ਵਿਚ ਇਕ ਦੀ ਮੌਤ ਹੋ ਗਈ ਤੇ 5 ਹੋਰ ਜ਼ਖਮੀ ਹੋ ਗਏ। ਮ੍ਰਿਤਕ ਨਬਾਲਗ ਦੀ ਉਮਰ 12 ਸਾਲ ਹੈ। ਐਟਲਾਂਟਾ ਦੇ ਮੇਅਰ ਆਂਦਰੇ ਡਿਕਨਜ ਨੇ ਕਿਹਾ ਹੈ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਨਾਜ਼ਕ ਹੈ। ਮੌਕੇ ਤੋਂ ਇਕ ਗੰਨ ਬਰਾਮਦ ਹੋਈ ਹੈ। ਪੁਲਿਸ ਮੁੱਖੀ ਡੈਰਿਨ ਚੀਰਬੌਮ ਨੇ ਕਿਹਾ ਹੈ ਕਿ ਨਬਾਲਗ ਇਕ ਦੂਸਰੇ ਨੂੰ ਜਾਣਦੇ ਸਨ। ਉਨਾਂ ਕਿਹਾ ਕਿ ਦੋਸ਼ੀਆਂ ਦੇ ਛੇਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਜਾਣਗੇ। ਪੁਲਿਸ ਨੇ ਮ੍ਰਿਤਕ ਦਾ ਨਾਂ ਨਹੀਂ ਜਾਰੀ ਕੀਤਾ ਹੈ।



# 19 ਸਾਲਾ ਔਰਤ ਨੇ ਆਪਣੇ ਪਿਤਾ ਨੂੰ ਮੌਤ ਦੀ ਸਜ਼ਾ ਦੇਣ ਵੇਲੇ ਹਾਜਰ ਰਹਿਣ ਦੀ ਇਜਾਜ਼ਤ ਮੰਗੀ

**ਸੈਕਰਾਮੈਂਟੋ 27 ਨਵੰਬਰ–** ਅਮਰੀਕਾ ਦੇ ਮਿਸੂਰੀ ਰਾਜ ਦੀ ਇਕ 19 ਸਾਲਾ ਔਰਤ ਨੇ ਇਕ ਸੰਘੀ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਸ ਨੂੰ ਆਪਣੇ ਪਿਤਾ ਨੂੰ ਦਿੱਤੀ ਜਾਣ ਵਾਲੀ ਮੌਤ ਦੀ ਸਜ਼ਾ ਵੇਲੇ ਹਾਜਰ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ। ਉਹ ਚਹੁੰਦੀ ਹੈ ਕਿ ਆਪਣੇ ਪਿਤਾ ਦੇ ਅੰਤਿਮ ਵੇਲੇ ਹਾਜਰ ਰਹੇ। ਮਿਸੂਰੀ ਦਾ ਕਾਨੂੰਨ 21 ਸਾਲ ਤੋਂ ਘੱਟ ਉਮਰ ਵਾਲੇ ਕਿਸੇ ਵੀ ਵਿਅਕਤੀ ਨੂੰ ਮੌਤ ਦੀ ਸਜ਼ਾ ਵੇਲੇ ਮੌਜੂਦ ਰਹਿਣ ਦੀ ਪ੍ਰਵਾਨਗੀ ਨਹੀਂ ਦਿੰਦਾ। ਕੈਵਿਨ ਜੌਹਨਸਨ ਨਾਮੀ ਵਿਅਕਤੀ ਨੂੰ 2005 ਵਿਚ ਕਿਰਕਵੁੱਡ (ਮਿਸੂਰੀ) ਦੇ ਪੁਲਿਸ ਅਫਸਰ ਵਿਲੀਅਮ ਮੈਕਨਟੀ ਦੀ ਹੱਤਿਆ ਦੇ ਮਾਮਲੇ ਵਿਚ 29 ਨਵੰਬਰ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਜਾਣੀ ਹੈ ਹਾਲਾਂ ਕਿ ਉਸ ਦੇ ਵਕੀਲਾਂ ਨੇ ਉਸ ਦੀ ਜਾਨ ਬਖਸ਼ ਦੇਣ ਦੀ ਅਪੀਲ ਕੀਤੀ ਹੈ। ਧੀ ਨੇ ਆਪਣੀ ਦਰਖਾਸਤ ਵਿਚ ਕਿਹਾ ਹੈ ਕਿ ਜੌਹਨਸਨ ਉਸ ਲਈ ਸਭ ਤੋਂ ਅਹਿਮ ਵਿਅਕਤੀ ਹੈ।



ਕੈਵਿਨ ਨੇ ਖੁਦ ਵੀ ਬੇਨਤੀ ਕੀਤੀ ਹੈ ਕਿ ਉਸ ਦੀ ਧੀ ਖੌਰੀ ਰਾਮੀ ਨੂੰ ਉਸ ਦੇ ਅੰਤਿਮ ਵੇਲੇ ਹਾਜਰ ਰਹਿਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਉਹ ਅਜਿਹਾ ਕਰਨਾ ਚਹੁੰਦੀ ਹੈ। ਇਸੇ ਦੌਰਾਨ ਅਮੈਰੀਕਨ ਸਿਵਲ ਲਿਬਰਟੀਜ ਯੂਨੀਅਨ ਨੇ ਕਨਸਾਸ ਸ਼ਹਿਰ ਦੀ ਸੰਘੀ ਅਦਾਲਤ ਵਿਚ ਦਾਇਰ ਹੰਗਾਮੀ ਅਪੀਲ ਵਿਚ ਕਿਹਾ ਹੈ ਕਿ ਖੌਰੀ ਰਾਮੀ ਨੂੰ ਇਜਾਜ਼ਤ ਨਾ ਦੇ ਕੇ ਉਸ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਰਾਮੀ ਉਸ ਸਮੇ 2 ਸਾਲ ਦੀ ਸੀ ਜਦੋਂ ਤੋਂ ਜੌਹਨਸਨ ਜੇਲ ਵਿਚ ਹੈ। ਇਸ ਸਮੇ ਜੌਹਨਸਨ ਦੀ ਉਮਰ 37 ਸਾਲ ਹੈ। ਦੋਨਾਂ ਵਿਚਾਲੇ ਚਿੱਠੀ ਪੱਤਰਾਂ ਤੇ ਫੋਨ ਰਾਹੀਂ ਨਿਰੰਤਰ ਸੰਪਰਕ ਰਿਹਾ ਹੈ। ਪਿਛਲੇ ਮਹੀਨੇ ਰਾਮੀ ਆਪਣੇ ਨਵਜੰਮੇ ਪੁੱਤਰ ਨੂੰ ਆਪਣੇ ਦਾਦਾ ਨਾਲ ਮਿਲਾਉਣ ਲਈ ਜੇਲ ਵਿਚ ਲੈ ਕੇ ਆਈ ਸੀ। ਮਿਸੂਰੀ ਦਾ ਕਾਨੂੰਨ 21 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਮੌਤ ਦੀ ਸਜ਼ਾ ਵੇਲੇ ਹਾਜਰ ਰਹਿਣ ਦੀ ਇਜਾਜ਼ਤ ਨਹੀਂ ਦਿੰਦਾ।

# ਸ਼ਿਕਾਗੋ ਵਿਚ ਗਲਤ ਪਾਸੇ ਤੋਂ ਆਈ ਤੇਜ ਰਫਤਾਰ ਕਾਰ ਨੇ ਹੋਰ ਵਾਹਣਾਂ ਵਿਚ ਮਾਰੀ ਜ਼ਬਰਦਸਤ ਟੱਕਰ, 2 ਮੌਤਾਂ, 16 ਜ਼ਖਮੀ

**ਸੈਕਰਾਮੈਂਟੋ 25 ਨਵੰਬਰ–** ਅਮਰੀਕਾ ਦੇ ਇਲੀਨੋਇਸ ਰਾਜ ਦੇ ਸ਼ਹਿਰ ਸ਼ਿਕਾਗੋ ਵਿਚ ਗਲਤ ਪਾਸੇ ਤੋਂ ਆਈ ਇਕ ਕਾਰ ਨੇ ਹੋਰ ਵਾਹਣਾਂ ਵਿਚ ਜਬਰਦਸਤ ਟੱਕਰ ਮਾਰ ਦਿੱਤੀ ਜਿਸ ਕਾਰਨ ਕਾਰ ਵਿਚ ਸਵਾਰ ਦੋਨਾਂ ਵਿਅਕਤੀਆਂ ਦੀ ਮੌਤ ਹੋ ਗਈ ਜਦ ਕਿ ਹੋਰ ਵਾਹਣਾਂ ਵਿਚ ਸਵਾਰ 7 ਬੱਚਿਆਂ ਸਮੇਤ 16 ਲੋਕ ਜ਼ਖਮੀ ਹੋ ਗਏ। ਸ਼ਿਕਾਗੋ ਪੁਲਿਸ ਸੁਪਰਡੈਂਟ ਡੇਵਿਡ ਬਰਾਊਨ ਨੇ ਕਿਹਾ ਹੈ ਕਿ ਡੌਜ ਚਾਰਜ਼ਰ ਕਾਰ ਬਹੁਤ ਹੀ ਤੇਜ ਰਫਤਾਰ ਨਾਲ ਗਲਤ ਪਾਸੇ ਤੋਂ ਆਈ ਤੇ ਉਹ ਬੇਕਾਬੂ ਹੋ ਕੇ ਸੜਕ ਉਪਰ ਜਾ ਰਹੇ ਹੋਰ 7 ਵਾਹਣਾਂ ਨਾਲ ਟਕਰਾ ਗਈ। ਟਕਰਾਉਣ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ ਤੇ ਇਸ ਵਿਚ ਸਵਾਰ 2 ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਏ। ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ 5 ਨੂੰ ਘਰ ਭੇਜ ਦਿੱਤਾ ਗਿਆ ਹੈ ਜਦ ਕਿ 11 ਅਜੇ ਵੀ ਹਸਪਤਾਲ ਵਿਚ ਇਲਾਜ਼ ਅਧੀਨ ਹਨ। ਬਰਾਊਨ ਅਨੁਸਾਰ ਕਾਰ ਨੂੰ ਸ਼ਿਕਾਗੋ ਦੇ ਦੱਖਣ ਵਿਚ ਮਰਖਮ ਤੋਂ ਚੋਰੀ ਕੀਤਾ ਗਿਆ ਸੀ। ਕਾਰ ਵਿਚੋਂ ਇਕ ਰਾਈਫਲ ਵੀ ਬਰਾਮਦ ਹੋਈ ਹੈ।



# ਕੋਲੋਰਾਡੋ ਪੁਲਿਸ ਦੇ ਦੋ ਡਿਪਟੀਆਂ ਵਿਰੁੱਧ ਹੱਤਿਆ ਦੇ ਦੋਸ਼ਾਂ ਤਹਿਤ ਚੱਲੇਗਾ ਮੁਕੱਦਮਾ

**ਸੈਕਰਾਮੈਂਟੋ 25 ਨਵੰਬਰ–** ਇਸ ਸਾਲ ਜੂਨ ਮਹੀਨੇ ਵਿਚ ਇਕ 22 ਸਾਲਾ ਕ੍ਰਿਸਟੀਅਨ ਗਲਾਸ ਨਾਮੀ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਦੋਸ਼ਾਂ ਤਹਿਤ ਕੋਲੋਰਾਡੋ ਪੁਲਿਸ ਦੇ ਦੋ ਡਿਪਟੀਆਂ ਵਿਰੁੱਧ ਹੱਤਿਆ ਦੇ ਦੋਸ਼ਾਂ ਤਹਿਤ ਮੁਕੱਦਮਾ ਚੱਲੇਗਾ। ਜਾਂਚ ਉਪਰੰਤ ਇਨਾਂ ਦੋਨਾਂ ਪੁਲਿਸ ਅਫਸਰਾਂ ਵਿਰੁੱਧ ਦੋਸ਼ ਆਇਦ ਕਰਨ ਦਾ ਨਿਰਨਾ ਲਿਆ ਗਿਆ ਹੈ ਤੇ ਇਨਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਜਿਸ ਸਮੇ ਨੌਜਵਾਨ ਉਪਰ ਗੋਲੀਆਂ ਚਲਾਈਆਂ ਗਈਆਂ ਉਸ ਕੋਲ ਕੇਵਲ ਇਕ ਚਾਕੂ ਸੀ। ਗਰੈਂਡ ਜਿਊਰੀ ਨੇ ਕਲੀਅਰ ਕਰੀਕ ਕਾਊਂਟੀ ਦੇ ਡਿਪਟੀ ਐਂਡਰੀਊ ਬੂਏਨ (29) ਤੇ ਕੀਲੇ ਗੋਲਡ (36) ਵਿਰੁੱਧ ਦੋਸ਼ ਆਇਦ ਕਰਨ ਦਾ ਨਿਰਨਾ ਲਿਆ। ਪੋਸਟ ਮਾਰਟਮ ਰਿਪੋਰਟ ਅਨੁਸਾਰ ਗਲਾਸ ਦੇ 6 ਗੋਲੀਆਂ ਮਾਰੀਆਂ ਗਈਆਂ ਸਨ।

# ਨਿਊਜ਼ੀਲੈਂਡ ਸਿੱਖ ਖੇਡਾਂ ਦੇ ਵਿਚ ਰੌਣਕਾਂ ਲਾਉਣ ਪਹੁੰਚੇ ਗਾਇਕ ਹਰਮਿੰਦਰ ਨੂਰਪੁਰੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਸਿੱਖ ਖੇਡਾਂ-2022 ਦਾ ਆਯੋਜਨ ਇਸੇ ਹਫਤੇ ਸ਼ਨੀਵਾਰ ਅਤੇ ਐਤਵਾਰ ਨੂੰ ਬਰੂਸ ਪੁਲਮਨ ਪਾਰਕ ਟਾਕਾਨੀਨੀ ਵਿਖੇ ਹੋ ਰਿਹਾ ਹੈ। ਖੇਡਾਂ ਤੋਂ ਇਲਾਵਾ ਵੱਡੀ ਸਭਿਆਚਾਰਕ ਸਟੇਜ ਲੱਗਣੀ ਹੈ ਜਿਸ ਦੇ ਵਿਚ 6 ਅੰਤਰਰਾਸ਼ਟਰੀ ਕਲਾਕਾਰ ਪਹੁੰਚ ਰਹੇ ਹਨ। ਅੱਜ ਸਵੇਰੇ 10 ਵਜੇ ਨਿਊਜ਼ੀਲੈਂਡ ਸਿੱਖ ਖੇਡਾਂ ਦਾ ਟਾਈਟਲ ਗੀਤ 'ਸਿੱਖ ਖੇਡਾਂ ਨਿਊਜ਼ੀਲੈਂਡ ਦੀਆਂ ਹਨ ਸ਼ਾਨ ਪੰਜਾਬੀਆਂ ਦੀ' ਦੇ ਚਰਚਿਤ ਗਾਈਕ ਹਰਮਿੰਦਰ ਨੂਰਪੁਰੀ ਔਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਪਹੁੰਚੇ। ਉਨ੍ਹਾਂ ਦਾ ਸਵਾਗਤ ਕਰਨ ਲਈ ਮੈਨੇਜਮੈਂਟ ਤੋਂ ਪ੍ਰਧਾਨ ਸ. ਦਲਜੀਤ ਸਿੰਘ ਸਿੱਧੂ, ਸਕੱਤਕ ਸ. ਗੁਰਵਿੰਦਰ ਸਿੰਘ ਔਲਖ, ਖਜ਼ਾਨਚੀ ਸ. ਗੁਰਜਿੰਦਰ ਸਿੰਘ ਘੁੰਮਣ ਅਤੇ ਚੇਅਰਮੈਨ ਸ. ਤਾਰਾ ਸਿੰਘ ਬੈਂਸ ਪਹੁੰਚੇ ਹੋਏ ਸਨ। ਹਰਮਿੰਦਰ ਨੂਰਪੁਰੀ ਸਿੱਖ ਖੇਡਾਂ ਦੌਰਾਨ ਸਭਿਆਚਾਰਕ ਅਖਾੜੇ ਦੇ ਵਿਚ ਆਪਣੇ ਚਰਚਿਤ ਸਭਿਆਚਾਰਕ ਗੀਤ ਪੇਸ਼ ਕਰਨਗੇ। ਦਰਸ਼ਕਾਂ ਨੂੰ ਖੇਡਾਂ ਦੇ ਨਾਲ-ਨਾਲ ਸਭਿਆਚਾਰਕ ਮੇਲੇ ਦਾ ਆਨੰਦ ਲੈਣ ਦੀ ਵੀ ਅਪੀਲ ਕੀਤੀ ਗਈ ਹੈ। ਨਿਊਜ਼ੀਲੈਂਡ ਵਸਦੇ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਜੀ ਆਇਆਂ!



# ਸਰਦਾਰ ਗੁਰਬਚਨ ਸਿੰਘ ਸੂਸ ਜੀ ਦੇ ਨਮਿੱਤ ਹੋਈ ਅੰਤਿਮ ਅਰਦਾਸ






**ਰਿਪੋਰਟ- ਚਰਨਜੀਤ ਸਿੰਘ ਬਿਨਪਾਲਕੇ (ਜਲੰਧਰ)**
**ਮਿਤੀ 27 ਨਵੰਬਰ 2022**

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਦੇ ਨਿਵਾਸੀ ਸਰਦਾਰ ਗੁਰਬਚਨ ਸਿੰਘ ਜੀ ਦੇ ਨਮਿੱਤ ਅੰਤਿਮ ਅਰਦਾਸ ਕੀਤੀ ਗਈ। ਉਹ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੇ ਗ੍ਰਹਿ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਭੋਗ ਤੋਂ ਉਪਰੰਤ ਕੀਰਤਨ ਅਤੇ ਅੰਤਮ ਅਰਦਾਸਿ ਪਿੰਡ ਦੇ ਜੰਝ ਘਰ ਵਿੱਖੇ ਕੀਤੀ ਗਈ। ਸਰਦਾਰ ਗੁਰਬਚਨ ਸਿੰਘ ਦਾ ਜਨਮ ਪਿੰਡ ਸੂਸ ਵਿਖੇ ਪਿਤਾ ਸਰਦਾਰ ਸੰਤਾ ਸਿੰਘ ਮਾਤਾ ਸ੍ਰੀਮਤੀ ਪੁੰਨਾ ਜੀ ਦੇ ਗ੍ਰਹਿ ਵਿਖੇ 25 ਨਵੰਬਰ 1937 ਨੂੰ ਹੋਇਆ। ਪਤਨੀ ਦਾ ਨਾਮ ਸ੍ਰੀਮਤੀ ਚਰਨ ਕੌਰ ਸੀ। ਉਹਨਾਂ ਦੇ ਪੰਜ ਪੁੱਤਰ ਅਤੇ ਇਕ ਪੁੱਤਰੀ ਅਤੇ ਪੋਤਰੇ-ਪੋਤਰੀਆਂ ਦੋਹਤੇ-ਦੋਹਤਰੀਆਂ ਹੱਸਦੀ ਖੇਡਦੀ ਫੁਲਵਾੜੀ ਹੈ। ਉਨ੍ਹਾਂ ਨੇ 17 ਸਾਲ ਫੌਜ ਵਿਚ ਸੇਵਾ ਕੀਤੀ ਅਤੇ 22 ਸਾਲ ਪੰਜਾਬ ਰੋਡਵੇਜ਼ ਵਿੱਚ ਨਵਾਂਸ਼ਹਿਰ ਡਿਪੂ ਵਿੱਚ ਡਰਾਇਵਰ ਦੀ ਨੌਕਰੀ ਕੀਤੀ। ਉਨ੍ਹਾਂ ਦੀ ਭੈਣ ਸ੍ਰੀਮਤੀ ਗੁਰ-ਬਖਸ਼ ਕੌਰ ਦੇ ਪਤੀ ਸੂਬੇਦਾਰ ਸ਼ੰਕਰ ਸਿੰਘ ਸੰਨ 1965 ਵਿੱਚ ਭਾਰਤ ਅਤੇ ਪਾਕਿ-ਸਤਾਨ ਦੀ ਲੜਾਈ ਵਿਚ ਸ਼ਹੀਦ ਹੋ ਗਏ ਸਨ। ਇਸ ਨਾਲ ਉਨ੍ਹਾਂ ਦੀ ਪਰਿਵਾਰਕ ਜ਼ਿੰ-ਮੇਵਾਰੀ ਹੋਰ ਵੀ ਵੱਧ ਗਈ ਜਿਸ ਨੂੰ ਉਨ੍ਹਾਂ ਨੇ ਬਾਖੂਬੀ ਨਿਭਾਇਆ। ਉਹ ਪਿੰਡ ਸੂਸ ਦੇ ਮਹਾਨ ਤਪੱਸਵੀ ਅਤੇ ਪਰ ਉਪਕਾਰੀ ਸੰਤ ਬਾਬਾ ਜਵਾਹਰ ਦਾਸ ਜੀ ਦੀ ਅਨਿਨ ਸ਼ਰਧਾਲੂ ਸਨ। ਸਰਦਾਰ ਗੁਰਬਚਨ ਸਿੰਘ ਬਹੁਤ ਨਿਮਰਤਾ ਵਾਲੇ ਅਤੇ ਨੇਕ ਇਨਸਾਨ ਸਨ। ਉਨ੍ਹਾਂ ਨੇ ਹਮੇਸ਼ਾਂ ਸੱਚ ਦਾ ਪੱਲਾ ਫੜ ਕੇ ਰੱਖਿਆ। ਉਨ੍ਹਾਂ ਵੱਲੋਂ ਪੰਜਾਬ ਰੋਡਵੇਜ਼ ਵਿੱਚ ਇਮਾਨਦਾਰ, ਨੇਕ ਦਿਲ ਅਤੇ ਸੂਝਵਾਨ ਡਰਾਇਵਰ ਹੋਣ ਦੀਆਂ ਸੇਵਾਵਾਂ ਨਿਭਾਉਣ ਵਜੋਂ ਉਨ੍ਹਾਂ ਨੂੰ ਐਵਾਰਡ ਵੀ ਪ੍ਰਦਾਨ ਕੀਤਾ ਗਿਆ। ਸਮਾਗਮ ਵਿੱਚ ਵੈਰ-ਾਗਮਈ ਕੀਰਤਨ ਭਾਈ ਹਰਜਿੰਦਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਜੀ ਦੇ ਜੱਥੇ ਨੇ ਕੀਤਾ। ਸ਼ਰਧਾਂਜਲੀਆਂ ਵਿਚ ਚਰਨਜੀਤ ਸਿੰਘ ਬਿਨਪਾਲਕੇ ਨੇ ਉਨ੍ਹਾਂ ਦੇ ਜੀਵਨ ਅਤੇ ਕਾਰਜਾਂ ਤੇ ਚਾਨਣਾ ਪਾਇਆ। ਸਰਪੰਚ ਗਰੀਬ ਦਾਸ ਪਿੰਡ ਭੋਜੋਵਾਲ ਨੇ ਕਿਹਾ ਕਿ ਉਹ ਹਰ ਪਹਿਲੂ ਤੋਂ ਇੱਕ ਸਫਲ ਇਨਸਾਨ ਸਨ। ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਜ਼ਰੂਰਤ ਹੈ। ਸਰਪੰਚ ਗਰੀਬ ਦਾਸ ਜੀ ਨੇ ਆਈਆਂ ਸਾਰੀਆਂ ਸੰਗਤਾਂ ਦਾ ਪਰਿਵਾਰ ਵੱਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ।

# ਨਵਜੋਤ ਸਿੱਧੂ ਦੀ ਰਿਹਾਈ ਤੋਂ ਪਹਿਲਾਂ ਹੀ ਕਾਂਗਰਸ ’ਚ ਛਿੜਿਆ ਘਮਸਾਣ

**ਚੰਡੀਗੜ੍ਹ-** ਕੇਂਦਰੀ ਜੇਲ੍ਹ ਪਟਿਆਲਾ ’ਚ ਰੋਡਰੇਜ ਮਾਮਲੇ ’ਚ ਸਜ਼ਾ ਭੁਗਤ ਰਹੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੇ ਜੇਲ੍ਹ ਵਿਚੋਂ ਬਾਹਰ ਆਉਣ ਤੋਂ ਪਹਿਲਾਂ ਹੀ ਕਾਂਗਰਸ ਅੰਦਰ ਘਮਸਾਣ ਛਿੜ ਗਿਆ ਹੈ। ਨਵਜੋਤ ਸਿੱਧੂ ਨੂੰ ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ ਵੱਲੋਂ ਚਿੱਠੀ ਭੇਜਣ ਨਾਲ ਮੁੜ ਚਰਚਾ ਵਿਚ ਆਏ ਹਨ। ਪ੍ਰਿਅੰਕਾ ਗਾਂਧੀ ਨੇ ਸਿੱਧੂ ਲਈ ਚਿੱਠੀ ਭੇਜੀ ਹੈ ਜਾਂ ਨਹੀਂ ਇਹ ਅਜੇ ਭੇਤ ਬਣਿਆ ਹੋਇਆ ਹੈ, ਪਰ ਕਾਂਗਰਸ ਅੰਦਰ ਸਿੱਧੂ ਨੂੰ ਲੈ ਕੇ ਸਿਆਸੀ ਪਾਰਾ ਚੜ੍ਹ ਗਿਆ ਹੈ। ਕਾਂਗਰਸ ਦੇ ਸੀਨੀਅਰ ਆਗੂਆਂ ਨੇ ਸਿੱਧੂ ਖ਼ਿਲਾਫ਼ ਤੁਹਮਤਾਂ ਤੇ ਸਿਆਸੀ ਬਿਆਨਬਾਜ਼ੀ ਦੀਆਂ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ ਹਨ।

ਸੂਬੇ ਦੇ ਸਾਬਕਾ ਗ੍ਰਹਿ ਮੰਤਰੀ ਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਇਕ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਸ ਵਿਅਕਤੀ ਨੇ ਪ੍ਰਿਅੰਕਾ ਗਾਂਧੀ ਦੇ ਸਾਹਮਣੇ ਚੋਣਾਂ ਤੋਂ ਪਹਿਲਾਂ ਬੋਲਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੋਵੇ ਉਸ ਨੂੰ ਜੇਲ੍ਹ ’ਚ ਚਿੱਠੀ ਭੇਜਣ ਦੀ ਗੱਲ ਜਚ ਨਹੀਂ ਰਹੀ। ਉਨ੍ਹਾਂ ਕਿਹਾ ਕਿ ਸਾਬਕਾ ਕਾਂਗਰਸ ਪ੍ਰਧਾਨ ਨੇ ਚੋਣਾਂ ਤੋਂ ਪਹਿਲਾਂ ਠੋਕ ਕੇ ਕਾਂਗਰਸ ਦੀ ਮੰਜੀ ਠੋਕੀ ਹੈ। ਉਸ ਦੇ ਵਰਤਾਰੇ ਨਾਲ ਕਾਂਗਰਸੀਆਂ ਦੇ ਮਨਾਂ ਨੂੰ ਠੇਸ ਪੁੱਜੀ ਸੀ। ਉਨ੍ਹਾਂ ਕਿਹਾ ਕਿ ‘ਕੁਝ ਬੰਦੇ’ ਜਾਣਬੁਝ ਕੇ ਸ਼ੋਸ਼ਾ ਛੱਡ ਦਿੰਦੇ ਹਨ। ਸੁਖਜਿੰਦਰ ਸਿੰਘ ਰੰਧਾਵਾ ਨੇ ਇੱਥੋ ਤੱਕ ਕਹਿ ਦਿੱਤਾ ਕਿ ਪਹਿਲਾਂ ਅਨੁਸ਼ਾਸਨੀ ਕਮੇਟੀ ਆਪਣਾ ਫ਼ੈਸਲਾ ਦੇਵੇ ਫਿਰ ਉਹ ਆਪਣਾ ਫ਼ੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਸਿੱਧੂ ਪਾਰਟੀ ਖਾਤਰ ਜੇਲ੍ਹ ਨਹੀਂ ਗਏ ਬਲਕਿ ਰੋਡਰੇਜ ਮਾਮਲੇ ’ਚ ਸੁਪਰੀਮ ਕੋਰਟ ਦੇ ਹੁਕਮ ਮੁਤਾਬਿਕ ਜੇਲ੍ਹ ਕੱਟ ਰਹੇ ਹਨ। ਰੰਧਾਵਾ ਨੇ ਕਿਹਾ ਕਿ ਅੱਜ ਕਾਂਗਰਸੀ ਵਰਕਰਾਂ ਨੂੰ ਇਕੱਠਾ ਕਰਨ ਤੇ ਕਾਂਗਰਸ ਪ੍ਰਤੀ ਜਜ਼ਬਾ ਪੈਦਾ ਕਰਨ ਦੀ ਜ਼ਰੂਰਤ ਹੈ।

ਉਧਰ ਲੁਧਿਆਣੇ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਇਕ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਸਿੱਧੂ ਤੇ ਮਨਪ੍ਰੀਤ ਬਾਦਲ ’ਤੇ ਨਿਸ਼ਾਨੇ ਲਾਉਂਦਿਆਂ ਕਿਹਾ ਕਿ ਨਕਾਰੇ ਹੋਏ ਆਗੂਆਂ ਨੂੰ ਲੋਕ ਸਵੀਕਾਰ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਨਾਂ ਦੀ ਵਰਤੋਂ ਕਰਕੇ ਸਿਆਸਤ ਕਰਦੇ ਰਹੇ ਆਗੂ ਅੱਜ ਉਸ ਵੇਲੇ ਵਿਦੇਸ਼ਾਂ ’ਚ ਘੁੰਮ ਰਹੇ ਹਨ ਜਦੋਂ ਪਾਰਟੀ ਨੂੰ ਉਨ੍ਹਾਂ ਦੀ ਜ਼ਰੂਰਤ ਹੈ।

ਇੱਥੇ ਦੱਸਿਆ ਜਾਂਦਾ ਹੈ ਕਿ ਬੀਤੇ ਦਿਨ ਕਾਂਗਰਸ ਦੇ ਇਕ ਸਾਬਕਾ ਵਿਧਾਇਕ ਨੇ ਜੇਲ੍ਹ ’ਚ ਬੰਦ ਨਵਜੋਤ ਸਿੱਧੂ ਨਾਲ ਮੁਲਾਕਾਤ ਕੀਤੀ ਸੀ ਤੇ ਬਾਹਰ ਆ ਕੇ ਪ੍ਰਿਅੰਕਾ ਗਾਂਧੀ ਵੱਲੋਂ ਸਿੱਧੂ ਨੂੰ ਚਿੱਠੀ ਭੇਜਣ ਅਤੇ ਭਵਿੱਖ ’ਚ ਨਵੀਂ ਤੇ ਵੱਡੀ ਜ਼ਿੰਮੇਵਾਰੀ ਉਨ੍ਹਾਂ ਨੂੰ ਦੇਣ ਦੀ ਗੱਲ ਕਹੀ ਸੀ। ਇਸ ਨਾਲ ਸਿਆਸੀ ਹਲਕਿਆਂ ’ਚ ਨਵੀਂ ਚਰਚਾ ਛਿੜੀ ਹੋਈ ਹੈ। ਚਰਚਾ ਹੈ ਕਿ ਨਵਜੋਤ ਸਿੱਧੂ ਅਗਲੇ ਵਰ੍ਹੇ ਗਣਤੰਤਰ ਦਿਵਸ ਮੌਕੇ ਆਪਣੀ ਸਜ਼ਾ ਪੂਰੀ ਕਰ ਕੇ ਰਿਹਾਅ ਹੋ ਸਕਦੇ ਹਨ।

ਬਾਹਰ ਆ ਕੇ ਸਿੱਧੂ ਸਰਗਰਮ ਕਾਂਗਰਸ ’ਚ ਰਹਿ ਕੇ ਪਾਰਟੀ ਲਈ ਕੰਮ ਕਰਨਗੇ ਜਾਂ ਕਿਸੇ ਹੋਰ ਢੰਗ ਨਾਲ ਸਰਗਰਮ ਹੋਣਗੇ ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਕਾਂਗਰਸੀ ਆਗੂਆਂ ਨੇ ਆਪਣੇ ਭਵਿੱਖ ਨੂੰ ਦੇਖਦੇ ਹੋਏ ਸਿੱਧੂ ਖ਼ਿਲਾਫ਼ ਸਿਆਸੀ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ ਹਨ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834


# ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਮਹਾਂਸਭਾ ਵਲੋਂ ਸੰਵਿਧਾਨ ਦਿਵਸ ਮਨਾਇਆ ਗਿਆ



ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਮਹਾਂਸਭਾ ਵਲੋਂ ਸੰਵਿਧਾਨ ਦਿਵਸ ਮੌਕੇ ਨੌਜਵਾਨਾਂ ਲਈ ਸਮਾਜਿਕ ਜਾਗਰੁਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਮਾਜਿਕ ਅਤੇ ਦਲਿਤ ਸਮੱਸਿਆਵਾਂ ਸਬੰਧੀ ਕੰਮ ਕਰ ਰਹੇ ਆਗੂ ਕੁਲਦੀਪ ਚੰਦ ਦੋਬੇਟਾ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਬਣਤਰ ਅਤੇ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਭਾਰਤੀ ਸੰਵਿਧਾਨ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਪਾਸ ਹੋਇਆ ਸੀ। ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਲਈ ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਕੁੱਲ 389 ਮੈਂਬਰ ਸਨ। ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਤਕਰੀਬਨ 6 ਕਰੋੜ ਰੁਪਏ ਖਰਚ ਹੋਏ। ਭਾਰਤ ਦਾ ਸੰਵਿਧਾਨ ਜੋਕਿ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ ਜਿਸ ਵਿੱਚ ਹੁਣ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੁਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ ਜਿਨ੍ਹਾਂ ਵਿੱਚ ਬ੍ਰਿਟਿਸ਼ ਦਾ ਸੰਵਿਧਾਨ, ਅਸਟ੍ਰੇਲੀਆ ਦਾ ਸੰਵਿਧਾਨ, ਸੰਯੁਕਤ ਰਾਜਾਂ ਦਾ ਸੰਵਿਧਾਨ, ਸੋਵੀਅਤ ਯੂਨੀਅਨ ਦਾ ਸੰਵਿਧਾਨ, ਕਨੇਡਾ ਦਾ ਸੰਵਿਧਾਨ, ਫਰਾਂਸ ਦਾ ਸੰਵਿਧਾਨ, ਜਰਮਨ ਦਾ ਸੰਵਿਧਾਨ, ਦੱਖਣੀ ਅਫਰੀਕਾ ਅਤੇ ਜਪਾਨ ਦੇ ਸੰਵਿਧਾਨ ਪ੍ਰਮੁੱਖ ਹਨ। ਉਨ੍ਹਾਂ ਦੱਸਿਆ ਕਿ ਸੰਵਿਧਾਨ ਦੇਸ਼ ਦੇ ਸਮੂਹ ਨਾਗਰਿਕਾਂ ਨੂੰ ਬਰਾਬਰਤਾ ਦਾ ਦਰਜਾ ਦਿੰਦਾ ਹੈ ਅਤੇ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਨਾਲ ਜਾਤ-ਧਰਮ ਜਾਂ ਲਿੰਗ ਆਧਾਰ ਤੇ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਨਹੀਂ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਤੇ ਕਈ ਵਾਰ ਇਸ ਸੰਵਿਧਾਨ ਦੀ ਦੁਰਵਰਤੋਂ ਕਰਨ ਦੇ ਇਲਜਾਮ ਵੀ ਲੱਗਦੇ ਹਨ ਇਸ ਲਈ ਸਾਨੂੰ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ ਅਤੇ ਆਮ ਲੋਕਾਂ ਨੂੰ ਸੰਵਿਧਾਨ ਪ੍ਰਤੀ ਜਾਗਰੂਕ ਕਰਨ ਦੀ ਜਰੂਰਤ ਹੈ ਤਾਂ ਜੋ ਸੰਵਿਧਾਨ ਦਾ ਲਾਭ ਸਮੂਹ ਦੇਸ਼ ਵਾਸੀਆਂ ਤੱਕ ਪਹੁੰਚ ਸਕੇ ਅਤੇ ਸੰਵਿਧਾਨ ਦੀ ਹੋ ਰਹੀ ਦੁਰਵਰਤੋਂ ਨੂੰ ਮਿਲ ਕੇ ਰੋਕਿਆ ਜਾ ਸਕੇ। ਉਨ੍ਹਾਂ ਨੇ ਹਾਜਰ ਨੌਜਵਾਨਾਂ ਨੂੰ ਸਿੱਖਿਆ ਦੇ ਮਹੱਤਵ ਬਾਰੇ ਦੱਸਿਆ ਅਤੇ ਸਰਕਾਰਾਂ ਵਲੋਂ ਸਿਖਿੱਆ ਦੇ ਫੈਲਾਅ ਲਈ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਨੇ ਹਾਇਰ ਸਿੱਖਿਆ ਲਈ ਚੱਲ ਰਹੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਅਨੁਸੂਚਿਤ ਜਾਤਾਂ, ਜਨਜਾਤੀਆਂ, ਪੱਛੜੀਆਂ ਸ੍ਰੇਣੀਆਂ, ਇਕੱਲੀਆਂ ਲੜਕੀਆਂ ਆਦਿ ਦੀ ਦਸਵੀਂ ਤੋਂ ਅਗਲੇਰੀ ਪੜਾਈ ਲਈ ਸਰਕਾਰ ਵਲੋਂ ਇਹ ਯੋਜਨਾ ਚਲਾਈ ਜਾ ਰਹੀ ਹੈ ਜਿਸ ਅਧੀਨ ਹਰ ਯੋਗ ਵਿਦਿਆਰਥੀ ਨੂੰ ਚਾਹੇ ਉਹ ਸਰਕਾਰੀ ਅਦਾਰੇ ਵਿੱਚ ਪੜ੍ਹਦਾ ਹੈ ਜਾਂ ਪ੍ਰਾਇਵੇਟ ਅਦਾਰੇ ਵਿੱਚ ਉਸਦੀ ਪੜ੍ਹਾਈ ਲਈ ਸਰਕਾਰ ਵਲੋਂ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਵਿਦੇਸ਼ਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਵੀ ਆਰਥਿਕ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਇਨ੍ਹਾਂ ਯੋਜਨਾਵਾਂ ਦਾ ਲਾਭ ਜਰੂਰਤਮੰਦ ਲੋਕਾਂ ਤੱਕ ਪਹੁੰਚਾਣ ਲਈ ਸਾਨੂੰ ਸਭਨੂੰ ਮਿਲਕੇ ਕੰਮ ਕਰਨਾ ਪਵੇਗਾ। ਇਸ ਕੈਂਪ ਵਿੱਚ ਮਹਾਂਰਿਸ਼ੀ ਬਾਲਮੀਕਿ ਅਤੇ ਗੁਰੂ ਰਵਿਦਾਸ ਯੂਥ ਏਕਤਾ ਕਲੱਬ ਦੇ ਆਗੂ ਅਮਿਤ ਦੋਧੀ, ਰਾਮਜੀ, ਲਾਡੀ, ਹਰੀਸ਼, ਜਸ਼ਨ, ਅਜੇ, ਮੋਹਨ ਸਿੰਘ, ਰਾਹੁਲ ਮੁਕੇਸ਼ ਸਹਿਜਲ, ਪਾਲ ਸਿੰਘ, ਪ੍ਰਿੰਸ, ਸੋਨੂੰ, ਗੋਰਵ, ਮੁਕੇਸ਼, ਅਜੇ ਕੁਮਾਰ, ਸਤੀਸ ਕੁਮਾਰ ਨੇ ਵੀ ਅਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਭਰੋਸਾ ਦਿਤਾ ਕਿ ਉਹ ਵੱਖ ਵੱਖ ਇਲਾਕਿਆਂ ਵਿੱਚ ਕੈਂਪਾਂ ਦਾ ਆਯੋਜਨ ਕਰਕੇ ਇਹ ਵੱਡਮੁੱਲੀ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਲਈ ਹਰ ਸੰਭਵ ਕੋਸ਼ਿਸ ਕਰਨਗੇ।

**ਕੁਲਦੀਪ ਚੰਦ 9417563054**

# ਗੁਰੂ ਅਰਜਨ ਦੇਵ ਜੀ ਸਪੋਰਟਸ ਕਲੱਬ ਬੈਰਗਾਮੋਂ ਵੱਲੋਂ ਸਾਲ 2023 ਕਬੱਡੀ ਸੀਜਨ ਨਵੀਂ ਟੀਮ ਦਾ ਐਲਾਨ



**ਮਿਲਾਨ ਇਟਲੀ 28 ਨਵੰਬਰ (ਸਾਬੀ ਚੀਨੀਆ)** ਸ੍ਰੀ ਗੁਰੂ ਅਰਜਨ ਦੇਵ ਜੀ ਸਪੋਰਟਸ ਕਲੱਬ ਬੈਰਗਾਮੋ ਇਟਲੀ ਦੇ ਪ੍ਰਮੋਟਰਾਂ ਅਤੇ ਸਪੋਟਰਾਂ ਵੱਲੋਂ ਇੱਕ ਭਰਵੀਂ ਮੀਟਿੰਗ ਕੀਤੀ ਗਈ ਜਿਸ ਵਿੱਚ ਨੌਜਵਾਨਾਂ ਨੇ ਵੱਧ ਚੜਕੇ ਹਿੱਸਾ ਲਿਆ ਅਤੇ 2023 ਦੇ ਖੇਡ ਸੀਜਨ ਵਿੱਚ ਨਵੀਂ ਟੀਮ ਦਾ ਐਲਾਨ ਵੀ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਉੱਘੇ ਖੇਡ ਪ੍ਰਮੋਟਰ ਹਰਦੀਪ ਸਿੰਘ ਦੀਪਾ ਬੱਜੋਂ ਅਤੇ ਜੱਸਾ ਗੁਰਦਾਸਪੁਰੀਆ ਨੇ ਦੱਸਿਆ ਕਿ ਸਾਲ 2023 ਵਿੱਚ ਇਟਲੀ ਅਤੇ ਯੂਰਪ ਦੇ ਕਬੱਡੀ ਕੱਪਾਂ ਤੇ ਗੁਰੂ ਅਰਜਨ ਦੇਵ ਜੀ ਸਪੋਰਟਸ ਕਲੱਬ ਬੈਰਗਾਮੋਂ ਵੱਲੋਂ ਅੰਤਰ ਰਾਸ਼ਟਰੀ ਪੱਧਰ ਤੇ ਨਾਵਾ ਚਮਕਾਉਣ ਵਾਲੇ ਸਟਾਰ ਖਿਡਾਰੀ ਨਾਲ ਸੱਜੀ ਟੀਮ ਤਿਆਰ ਕੀਤੀ ਗਈ ਹਾ ਜੋ ਆਪਣੇਂ ਜੌਹਰ ਦਿਖਾਵੇਗੀ ਆਉਂਦੇ ਸਾਲ ਦੇ ਕਬੱਡੀ ਕੱਪਾਂ ਵਿੱਚ ਵਿਖਾਏਗੀ। ਇਸ ਮੌਕੇ ਉੱਪਰ ਕਲੱਬ ਦੇ ਪ੍ਰਮੋਟਰ ਅਤੇ ਸਪੋਟਰਾਂ ਤੋਂ ਇਲਾਵਾ ਖਿਡਾਰੀ ਵੀ ਹਾਜਰ ਸਨ। ਇਸ ਮੌਕੇ ਤੇ ਸੰਦੀਪ ਗਿੱਲ, ਪਾਲ ਜੰਡੂਸਿੰਘਾ, ਸੁਖਚੈਨ ਸਿੰਘ ਠੀਕਰੀਵਾਲਾ, ਹੈਪੀ ਮੱਲਪੁਰ, ਕੋਨੀ ਲਿੱਧੜ, ਬੌਕਸਰ, ਮਨਪ੍ਰੀਤ ਲੰਬੜ, ਗੋਰਾ ਬੁੱਲੋਵਾਲ, ਪੰਮਾ ਭੁੱਲਰ, ਸਿਮਰਨ ਨਾਗਰਾ, ਗੋਪੀ ਤੁੰਗ, ਘੁੱਕਾ ਕਾਹਰੀਸਾਰੀ, ਇੰਦਰਜੀਤ ਅੰਬਾਲਾ ਜੱਟਾਂ, ਬੱਗਾ ਕਲਾਨੌਰ, ਬਿੱਕਰ ਸਿੰਘ, ਨਿੰਦਾ ਬੱਲ, ਕੁਲਦੀਪ ਪੱਡਾ ਅਤੇ ਕੁਮੈਂਟੇਟਰ ਅਮਨ ਆਦਿ ਹਾਜਰ ਸਨ। ਸਾਰੇ ਪਹੁੰਚੇ ਹੋਏ ਮਹਿਮਾਨਾਂ ਦਾ ਦੀਪਾ ਬੱਜੋਂ ਅਤੇ ਜੱਸਾ ਗੁਰਦਾਸਪੁਰੀਆ ਵੱਲੋਂ ਧੰਨਵਾਦ ਕੀਤਾ ਗਿਆ।

# ਬੇਕਰਸ਼ਫੀਲਡ , ਕੈਲੇਫੋਰਨੀਆਂ ਵਿਖੇ "ਮਹਿਫਲ ਏ ਮੰਗਲ" ਦੌਰਾਨ ਲੱਗੀਆਂ ਰੌਣਕਾਂ



**ਬੇਕਰਸ਼ਫੀਲਡ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਬੇਕਰਸ਼ਫੀਲਡ ਨਿਵਾਸੀ ਜਤਿੰਦਰ ਤੂਰ ਅਤੇ ਜਰਨੈਲ ਬਰਾੜ ਨੇ ਆਪਣੇ ਸਹਿਯੋਗੀ ਸਾਥੀਆਂ ਦੀ ਮਦਦ ਨਾਲ "ਮਹਿਫਲ-ਏ-ਮੰਗਲ" ਕਰਵਾਈ। ਜੋ ਖਾਸ ਤੌਰ 'ਤੇ ਪੰਜਾਬ ਤੋਂ ਆਏ ਹੋਏ ਉੱਘੇ ਗੀਤਕਾਰ ਮੰਗਲ ਹਠੂਰ ਦੇ ਸਨਮਾਨ ਵਿੱਚ ਰੱਖੀ ਗਈ ਸੀ। ਮੰਗਲ ਹਠੂਰ ਦੇ ਗੀਤ ਵਾਰਸ ਭਰਾਵਾ ਅਤੇ ਹੋਰ ਬਹੁਤ ਸਾਰੇ ਨਾਮਵਰ ਗਾਇਕਾ ਨੇ ਗਾਏ। ਇੰਨਾਂ ਗੀਤਾਂ ਵਿੱਚ ਮੰਗਲ ਹਠੂਰ ਨੇ ਪੰਜਾਬੀ ਵਿਰਸੇ ਅਤੇ ਪੰਜਾਬ ਦੀ ਗੱਲ ਕੀਤੀ ਹੈ। ਜੋ ਪੰਜਾਬੀਅਤ ਨਾਲ ਜੁੜੇ ਹੋਏ ਵੱਖ-ਵੱਖ ਵਿਸ਼ਿਆਂ ਰਾਹੀ ਜਿੱਥੇ ਸਾਡੇ ਸਮਾਜ ਦੀ ਤਰਜਮਾਨੀ ਕਰਦੇ ਹਨ, ਉੱਥੇ ਚੰਗੇ ਸਮਾਜ ਸਿਰਜਣ ਦਾ ਹੁੰਗਾਰਾ ਵੀ ਭਰਦੇ ਹਨ। ਇਸ ਸਮੇਂ ਮਹਿਫਲ ਵਿੱਚ ਮੰਗਲ ਹਠੂਰ ਨੇ ਆਪਣੇ ਲਿਖੇ ਸਦਾ ਬਹਾਰ ਗੀਤਾਂ ਦੀ ਛਹਿਬਰ ਲਾ ਸਰੋਤਿਆਂ ਨੂੰ ਇਉਂ ਕੀਲੀ ਰੱਖਿਆ, ਜਿਵੇਂ ਸੱਚ-ਮੁੱਖ ਹੀ ਉਨ੍ਹਾਂ ਨੂੰ ਕੁਝ ਪਲਾਂ ਲਈ ਪੰਜਾਬ ਲੈ ਵੜਿਆ ਹੋਵੇ। ਇਸੇ ਦੌਰਾਨ ਮੰਗਲ ਹਠੂਰ ਦੇ ਗੀਤਾਂ ਦੀ ਪੁਸਤਕ ਵੀ ਲੋਕ-ਅਰਪਣ ਕੀਤੀ ਗਈ। ਇਸ ਸਮੇਂ ਪ੍ਰਬੰਧਕਾ ਵੱਲੋਂ ਮੰਗਲ ਹਠੂਰ ਨੂੰ ਸਨਮਾਨ ਨਿਸ਼ਾਨੀ ਵੀ ਭੇਟ ਕੀਤੀ ਗਈ। ਮਹਿਫਲ ਵਿੱਚ ਮੰਗਲ ਹਠੂਰ ਤੋਂ ਇਲਾਵਾ ਗਾਇਕ ਗੋਗੀ ਸੰਧੂ, ਪੱਪੀ ਭਦੌੜ, ਸੰਨੀ ਬੱਬਰ ਅਤੇ ਹੋਰ ਗਾਇਕਾ ਨੇ ਵੀ ਸਰੋਤਿਆਂ ਦਾ ਭਰਪੂਰ ਮੰਨੋਰੰਜਨ ਕੀਤਾ। ਜਦ ਕਿ ਹਾਜ਼ਰੀਨ ਕਵੀਆਂ ਨੇ ਵੀ ਕਵਿਤਾਵਾ ਰਾਹੀ ਹਾਜ਼ਰੀ ਭਰੀ। ਅੰਤ ਜਤਿੰਦਰ ਤੂਰ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਪੰਜਾਬੀਅਤ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਬੇਕਸਫੀਲਡ ਵਿੱਚ ਲੱਗੀ ਇਹ ਮਹਿਫਲ ਰਾਤਰੀ ਦੇ ਸੁਆਦਿਸਟ ਖਾਣੇ ਨਾਲ ਯਾਦਗਾਰੀ ਹੋ ਨਿਬੜੀ।



# ਜ਼ਬਰਦਸਤੀ ਧਰਮ ਪਰਿਵਰਤਨ ਗੰਭੀਰ ਮੁੱਦਾ, ਸਰਕਾਰ ਬਣਾਏਗੀ ਸਖ਼ਤ ਕਾਨੂੰਨ



ਨਵੀਂ ਦਿੱਲੀ : ਕੇਂਦਰ ਨੇ ਕਿਹਾ ਹੈ ਕਿ ਜ਼ਬਰਦਸਤੀ ਧਰਮ ਪਰਿਵਰਤਨ ਵਿਰੁੱਧ ਕਾਨੂੰਨ ਬਣਾਉਣ ਲਈ ਕਦਮ ਚੁੱਕੇ ਜਾਣਗੇ।ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਵਿੱਚ ਜਵਾਬ ਦਾਇਰ ਕੀਤਾ। ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਧਰਮ ਦੀ ਆਜ਼ਾਦੀ ਦੇ ਅਧਿਕਾਰ ਵਿੱਚ ਨਿਸ਼ਚਿਤ ਤੌਰ 'ਤੇ ਧੋਖਾਧੜੀ, ਧੋਖੇ, ਜ਼ਬਰਦਸਤੀ, ਭਰਮਾਉਣ ਜਾਂ ਅਜਿਹੇ ਹੋਰ ਸਾਧਨਾਂ ਦੁਆਰਾ ਕਿਸੇ ਵਿਅਕਤੀ ਨੂੰ ਧਰਮ ਪਰਿਵਰਤਨ ਕਰਨ ਦਾ ਅਧਿਕਾਰ ਸ਼ਾਮਲ ਨਹੀਂ ਹੈ। ਕੇਂਦਰ ਸਰਕਾਰ ਨੇ ਜਬਰੀ ਧਰਮ ਪਰਿਵਰਤਨ ਨਾਲ ਜੁੜੀਆਂ ਪਟੀਸ਼ਨਾਂ 'ਤੇ ਜਵਾਬ ਦਾਖਲ ਕਰਦੇ ਹੋਏ ਇਹ ਜਵਾਬ ਦਿੱਤਾ ਹੈ। ਕੇਂਦਰ ਨੇ ਕਿਹਾ ਹੈ ਕਿ ਸਰਕਾਰ ਇਸ ਮੁੱਦੇ ਦੀ ਗੰਭੀਰਤਾ ਤੋਂ ਜਾਣੂ ਹੈ। ਕੇਂਦਰ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਵਿੱਚ ਦੂਜਿਆਂ ਨੂੰ ਧਰਮ ਪਰਿਵਰਤਨ ਕਰਨ ਦਾ ਅਧਿਕਾਰ ਸ਼ਾਮਲ ਨਹੀਂ ਹੈ।

ਇਸ ਦੇ ਨਾਲ ਹੀ, ਸੁਪਰੀਮ ਕੋਰਟ ਨੇ ਭਾਰਤ ਦੇ ਅਟਾਰਨੀ ਜਨਰਲ ਅਤੇ ਸਾਲਿਸਟਰ ਜਨਰਲ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਇਸ ਅਦਾਲਤ ਦੁਆਰਾ ਨਿਰਧਾਰਤ ਅਜਿਹੇ ਸਾਰੇ ਕਾਨੂੰਨਾਂ ਦੀ ਪਾਲਣਾ ਕੀਤੀ ਜਾਵੇ। ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਔਰਤਾਂ ਅਤੇ ਆਰਥਿਕ ਅਤੇ ਸਮਾਜਿਕ ਤੌਰ 'ਤੇ ਪਛੜੇ ਵਰਗਾਂ ਸਮੇਤ ਸਮਾਜ ਦੇ ਕਮਜ਼ੋਰ ਵਰਗਾਂ ਦੇ ਪਿਆਰੇ ਅਧਿਕਾਰਾਂ ਦੀ ਰੱਖਿਆ ਲਈ ਅਜਿਹੇ ਕਾਨੂੰਨ ਜ਼ਰੂਰੀ ਹਨ। ਕੇਂਦਰ ਦਾ ਕਹਿਣਾ ਹੈ ਕਿ ਇਸ ਨੂੰ ਰੋਕਣ ਲਈ 9 ਰਾਜਾਂ ਨੇ ਪਿਛਲੇ ਸਾਲਾਂ ਦੌਰਾਨ ਐਕਟ ਪਾਸ ਕੀਤੇ ਹਨ। ਕੇਂਦਰ ਦਾ ਕਹਿਣਾ ਹੈ ਕਿ ਉੜੀਸਾ, ਮੱਧ ਪ੍ਰਦੇਸ਼, ਗੁਜਰਾਤ, ਛੱਤੀਸਗੜ੍ਹ, ਝਾਰਖੰਡ, ਉੱਤਰ-ਾਖੰਡ, ਉੱਤਰ ਪ੍ਰਦੇਸ਼, ਕਰਨਾਟਕ ਅਤੇ ਹਰਿਆਣਾ ਅਜਿਹੇ ਰਾਜ ਹਨ ਜਿੱਥੇ ਧਰਮ ਪਰਿਵਰਤਨ 'ਤੇ ਪਹਿਲਾਂ ਹੀ ਕਾਨੂੰਨ ਹਨ।

# ਭੂਚਾਲ ਦੇ ਝਟਕਿਆਂ ਨਾਲ ਮੁੜ ਕੰਬਿਆ ਦਿੱਲੀ ਸਮੇਤ ਉੱਤਰ ਭਾਰਤ, ਗੁਜਰਾਤ



**ਨਵੀਂ ਦਿੱਲੀ-** ਨਵੀਂ ਦਿੱਲੀ ਤੋਂ 8 ਕਿਲੋਮੀਟਰ ਪੱਛਮ ਵਿੱਚ ਅੱਜ ਯਾਨੀ ਮੰਗਲਵਾਰ ਰਾਤ ਕਰੀਬ 9.30 ਵਜੇ 2.5 ਤੀਬਰਤਾ ਦਾ ਭੂਚਾਲ ਆਇਆ। ਦਿੱਲੀ ਤੋਂ ਇਲਾਵਾ ਉੱਤਰ ਭਾਰਤ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਦੀ ਡੂੰਘਾਈ ਜ਼ਮੀਨ ਤੋਂ 5 ਕਿਲੋਮੀਟਰ ਹੇਠਾਂ ਸੀ। ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ। ਭੂਚਾਲ ਦੌਰਾਨ ਕਿਸੇ ਵੀ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਸੂਚਨਾ ਨਹੀਂ ਹੈ। ਇਸ ਤੋਂ ਪਹਿਲਾਂ 12 ਨਵੰਬਰ ਨੂੰ ਦਿੱਲੀ ਵਿੱਚ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ ਸਨ। ਇਹ ਭੂਚਾਲ ਸ਼ਾਮ 7.57 ਵਜੇ ਆਇਆ। ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ ਮੁਤਾਬਕ ਰਿਕਟਰ ਪੈਮਾਨੇ 'ਤੇ ਇਸ ਦੀ ਤੀਬਰਤਾ 5.4 ਮਾਪੀ ਗਈ। ਭੂਚਾਲ ਦਾ ਕੇਂਦਰ ਨੇਪਾਲ ਦੇ ਸਿਲੰਗਾ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੂਰ ਜ਼ਮੀਨ ਤੋਂ 10 ਕਿਲੋਮੀਟਰ ਹੇਠਾਂ ਸੀ। ਭਾਰਤ ਤੋਂ ਇਲਾਵਾ ਨੇਪਾਲ ਅਤੇ ਚੀਨ ਦੇ ਖੇਤਰ ਵੀ ਇਸ ਤੋਂ ਪ੍ਰਭਾਵਿਤ ਹੋਏ ਹਨ। ਨੇਪਾਲ ਵਿੱਚ ਇੱਕ ਹਫ਼ਤੇ ਦੇ ਅੰਦਰ ਇਹ ਤੀਜਾ ਭੂਚਾਲ ਸੀ। ਭੂਚਾਲ ਕਾਰਨ ਕਿਸੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਇਸ ਤੋਂ ਪਹਿਲਾਂ 8 ਨਵੰਬਰ ਨੂੰ ਦੁਪਹਿਰ 1.57 ਵਜੇ ਵੀ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ ਸਨ। ਰਿਕਟਰ ਪੈਮਾਨੇ 'ਤੇ ਇਸ ਦੀ ਤੀਬਰਤਾ 6.3 ਮਾਪੀ ਗਈ।

# ਸਰਕਾਰੀ ਪ੍ਰਾਇਮਰੀ ਸਕੂਲ ਮਦਾਰਪੁਰ ਦੇ ਖੇਡਾਂ ਵਿੱਚ ਮੱਲਾਂ ਮਾਰ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਵਿਦਿਆਰਥੀ ਪਿੰਡ ਦੀ ਪੰਚਾਇਤ ਵੱਲੋਂ ਸਨਮਾਨਿਤ

## ਸਰਕਾਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਿਸ ਵੀ ਖੇਤਰ ਵਿੱਚ ਪੈਰ ਰੱਖਦੇ ਹਨ ਉਹ ਆਪਣੀ ਮਿਹਨਤ, ਲਗਨ ਅਤੇ ਹੁਨਰ ਨਾਲ ਆਪਣੇ ਅਧਿਆਪਕਾਂ, ਮਾਪਿਆਂ ਅਤੇ ਪਿੰਡ ਦਾ ਮਾਣ ਬਣਦੇ ਹਨ:- ਬੀਪੀਈਓ ਰਿਸ਼ਮਾਂ ਦੇਵੀ

**ਪਠਾਨਕੋਟ, 27 ਨਵੰਬਰ (ਰਾਜਿੰਦਰ ਸਿੰਘ ਰਾਜਨ)** ਸਰਕਾਰੀ ਪ੍ਰਾਇਮਰੀ ਸਕੂਲ ਮਦਾਰਪੁਰ ਵਿਖੇ ਅੱਜ ਪਿੰਡ ਦੀ ਸਰਪੰਚ ਸ੍ਰੀਮਤੀ ਸ਼ਵੇਤਾ ਸ਼ਰਮਾਂ, ਸ੍ਰੀ ਰਾਜੇਸ਼ ਸ਼ਰਮਾਂ ਅਤੇ ਪਿੰਡ ਦੇ ਲੰਬੜਦਾਰ ਸ੍ਰੀ ਰਾਮ ਲੁਭਾਇਆ ਨੇ ਸਕੂਲ ਸਟਾਫ਼ ਦੇ ਸਹਿਯੋਗ ਨਾਲ ਸਕੂਲ, ਕਲੱਸਟਰ, ਬਲਾਕ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਪਿੰਡ ਦਾ ਨਾਂ ਰੌਸ਼ਨ ਕਰਨ ਵਾਲੇ ਵਿਦਿਆਰਥੀਆਂ ਦੇ ਸਨਮਾਨ ਵਿੱਚ ਸਮਾਰੋਹ ਆਯੋਜਿਤ ਕਰ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਅਤੇ ਮੈਡਲ ਦੇ ਕੇ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਮਾਰੋਹ ਦੌਰਾਨ ਸ੍ਰੀਮਤੀ ਰਿਸ਼ਮਾਂ ਦੇਵੀ ਬੀਪੀਈਓ ਨਰੋਟ ਜੈਮਲ ਸਿੰਘ ਨੇ ਮੁੱਖ ਮਹਿਮਾਨ ਦੇ ਤੌਰ ਤੇ ਅਤੇ ਬਲਾਕ ਸਪੋਰਟਸ ਅਫ਼ਸਰ ਗੁਰਸ਼ਰਨਜੀਤ ਕੌਰ ਅਤੇ ਸੈਂਟਰ ਹੈਡ ਟੀਚਰ ਸ੍ਰੀਮਤੀ ਅੰਜੂ ਬਾਲਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ। ਸਕੂਲ ਇੰਚਾਰਜ ਬਲਕਾਰ ਅੱਤਰੀ ਅਤੇ ਮਾਸਟਰ ਰਾਜੇਸ਼ ਕੁਮਾਰ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਗੁਲਦਸਤਿਆਂ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸਕੂਲ ਇੰਚਾਰਜ ਬਲਕਾਰ ਅੱਤਰੀ ਅਤੇ ਮਾਸਟਰ ਰਾਜੇਸ਼ ਕੁਮਾਰ ਨੇ ਆਏ ਹੋਏ ਮਹਿਮਾਨਾਂ, ਪਤਵੰਤੇ ਸੱਜਣਾਂ ਅਤੇ ਬੱਚਿਆਂ ਦੇ ਮਾਪਿਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਪੰਜਵੀਂ ਦੀ ਵਿਦਿਆਰਥਣ ਰਾਧਿਕਾ ਨੇ ਸਕੀਪਿੰਗ ਮੁਕਾਬਲਿਆਂ ਵਿੱਚ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰ ਸਿਲਵਰ ਮੈਡਲ ਅਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਦੇ ਨਾਲ ਨਾਲ ਰੱਸਾ ਕੱਸੀ ਮੁਕਾਬਲੇ ਵਿੱਚੋਂ ਵੀ ਗੋਲਡ ਮੈਡਲ ਅਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ ਹੈ, ਇਸਦੇ ਨਾਲ ਹੀ ਬਲਾਕ ਪੱਧਰੀ ਖੇਡਾਂ ਵਿੱਚ ਸਕੂਲ ਦੀ ਵਿਦਿਆਰਥਣ ਕਿਰਨ ਨੇ ਖੋ-ਖੋ ਵਿੱਚੋ ਸਿਲਵਰ ਮੈਡਲ ਅਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ ਅਤੇ ਬਲਾਕ ਪੱਧਰੀ ਸਕੀਪਿੰਗ ਮੁਕਾਬਲਿਆਂ ਵਿੱਚ ਨਿਖਿਲ ਨੇ ਬਲਾਕ ਵਿੱਚੋਂ ਦੂਜੇ ਸਥਾਨ ਤੇ ਰਹਿੰਦੇ ਹੋਏ ਸਿਲਵਰ ਮੈਡਲ ਅਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ। ਚੌਥੀ ਦੇ ਵਿਦਿਆਰਥੀ ਹਨੀ ਨੇ ਰੱਸਾ ਕੱਸੀ ਦੇ ਮੁਕਾਬਲੇ ਵਿੱਚ ਬਲਾਕ ਵਿੱਚੋਂ ਗੋਲਡ ਮੈਡਲ ਅਤੇ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ, ਜਦਕਿ ਕਲੱਸਟਰ ਪੱਧਰੀ ਖੇਡ ਮੁਕਾਬਲਿਆਂ ਵਿੱਚ ਪੰਜਵੀਂ ਦੀ ਵਿਦਿਆਰਥਣ ਡਿੰਪਲ ਨੇ ਬੈਡਮਿੰਟਨ ਵਿੱਚ ਪਹਿਲੇ ਸਥਾਨ ਤੇ ਰਹਿੰਦੇ ਹੋਏ ਗੋਲਡ ਮੈਡਲ ਪ੍ਰਾਪਤ ਕੀਤਾ ਸੀ, ਇਸਦੇ ਨਾਲ ਹੀ ਚੌਥੀ ਦੀ ਵਿਦਿਆਰਥਣ ਮੀਰਾ ਨੇ ਵੀ ਖੋ ਖੋ ਵਿੱਚ ਮੈਡਲ ਪ੍ਰਾਪਤ ਕਰ ਪਿੰਡ, ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ।



ਬੀਪੀਈਓ ਰਿਸ਼ਮਾਂ ਦੇਵੀ ਨੇ ਇਸ ਮੌਕੇ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਿਸ ਵੀ ਖੇਤਰ ਵਿੱਚ ਪੈਰ ਰੱਖਦੇ ਹਨ ਉਹ ਆਪਣੀ ਮਿਹਨਤ, ਲਗਨ ਅਤੇ ਹੁਨਰ ਨਾਲ ਆਪਣੇ ਸਕੂਲਾਂ, ਅਧਿਆਪਕਾਂ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕਰਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿਥੇ ਇਸ ਸਕੂਲ ਦੇ ਬੱਚਿਆਂ ਨੇ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਨਾਲ ਪਿੰਡ ਦਾ ਨਾਂ ਉੱਚਾ ਕੀਤਾ ਹੈ ਉਥੇ ਹੀ ਇਸ ਸਕੂਲ ਦੇ ਬੱਚੇ ਪੜ੍ਹਾਈ ਦੇ ਖੇਤਰ ਵਿੱਚ ਵੀ ਮੱਲਾਂ ਮਾਰ ਰਹੇ ਹਨ। ਉਨ੍ਹਾਂ ਮਾਪਿਆਂ ਅਤੇ ਪੰਚਾਇਤ ਨੂੰ ਅਪੀਲ ਕੀਤੀ ਕਿ ਸਕੂਲ ਵਿੱਚ ਦਾਖਲਾ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਮਾਪਿਆਂ ਨੂੰ ਸਕੂਲ ਦੀਆਂ ਉਪਲੱਬਧੀਆਂ ਦੱਸਦੇ ਹੋਏ ਆਪਣੇ ਬੱਚੇ ਇਸ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ।




ਸਰਪੰਚ ਸ਼ਵੇਤਾ ਸ਼ਰਮਾਂ, ਰਾਜੇਸ਼ ਸ਼ਰਮਾਂ ਅਤੇ ਲੰਬੜਦਾਰ ਰਾਮ ਲੁਭਾਇਆ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀਆਂ ਦੇ ਕੀਤੇ ਹੋਏ ਪ੍ਰਦਰਸ਼ਨ ਨੂੰ ਦੇਖਦੇ ਹੋਏ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਲਈ ਇਹ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਹੈ। ਉਨ੍ਹਾਂ ਵੱਲੋਂ ਮੌਕੇ ਤੇ ਹੀ ਪਿੰਡ ਦੇ ਦੋ ਬੱਚਿਆਂ ਦੀ ਪ੍ਰੀ- ਪ੍ਰਾਇਮਰੀ ਜਮਾਤ ਲਈ ਦਾਖਲਾ ਰਜਿਸਟ੍ਰੇਸ਼ਨ ਕਰਵਾਈ ਗਈ ਅਤੇ ਭਵਿੱਖ ਵਿੱਚ ਵੀ ਸਕੂਲ ਦੀ ਬਿਹਤਰੀ ਲਈ ਸਕੂਲ ਸਟਾਫ਼ ਨੂੰ ਹਰ ਸੰਭਵ ਯੋਗਦਾਨ ਦੇਣ ਦਾ ਵਾਅਦਾ ਕਰਨ ਦੇ ਨਾਲ ਨਾਲ ਮੁੱਖ ਮਹਿਮਾਨ ਰਿਸ਼ਮਾਂ ਦੇਵੀ, ਸਪੋਰਟਸ ਅਫ਼ਸਰ ਗੁਰਸ਼ਰਨਜੀਤ ਕੌਰ ਅਤੇ ਸੈਂਟਰ ਹੈਡ ਟੀਚਰ ਅੰਜੂ ਬਾਲਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਇੰਚਾਰਜ ਬਲਕਾਰ ਅੱਤਰੀ ਅਤੇ ਮਾਸਟਰ ਰਾਜੇਸ਼ ਕੁਮਾਰ ਨੇ ਆਏ ਹੋਏ ਸਾਰੇ ਮਹਿਮਾਨਾਂ, ਪਤਵੰਤੇ ਸੱਜਣਾਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਸਕੂਲ ਵਿੱਚ ਮਿਲ ਰਹੀਆਂ ਸਹੂਲਤਾਂ ਬਾਰੇ ਦੱਸਦੇ ਹੋਏ ਬੱਚਿਆਂ ਦਾ ਵੱਧ ਤੋਂ ਵੱਧ ਦਾਖ਼ਲਾ ਸਕੂਲ ਵਿੱਚ ਕਰਵਾਉਣ ਦੀ ਅਪੀਲ ਕਰਦਿਆਂ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਰਾਣੀ ਦੇਵੀ, ਰਾਜ ਰਾਣੀ, ਪ੍ਰਿਅੰਕਾ ਦੇਵੀ, ਵੀਰ ਸਿੰਘ, ਨੈਨਸੀ, ਵੰਦਨਾ ਦੇਵੀ, ਪੂਜਾ, ਰਜਨੀ, ਸਪਨਾ, ਦੇਵਾਨੰਦ, ਬਿੱਲੂ ਚੌਕੀਦਾਰ, ਆਦਿ ਹਾਜ਼ਰ ਸਨ।

# ਸੰਵਿਧਾਨ ਨੇ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਅਧਿਕਾਰ ਦਿੱਤੇ : ਡਿਪਟੀ ਕਮਿਸ਼ਨਰ

**ਪਠਾਨਕੋਟ, 27 ਨਵੰਬਰ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੰਵਿਧਾਨ ਦਿਵਸ ਸ.ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਦੀ ਪ੍ਰਧਾਨਗੀ ਵਿਚ ਮਨਾਇਆ ਗਿਆ । ਇਸ ਮੌਕੇ ਸਹਾਇਕ ਕਮਿਸ਼ਨਰ (ਜ) ਸ੍ਰੀਮਤੀ ਮੇਜਰ ਡਾ. ਸੁਮਿਤ ਮੁਧ ਨੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸੰਵਿਧਾਨ ਪ੍ਰਤੀ ਸਮਰਪਿਤ ਰਹਿਣ, ਰਾਸ਼ਟਰੀ ਏਕਤਾ ਤੇ ਅਖੰਡਤਾ ਬਰਕਰਾਰ ਰੱਖਣ ਅਤੇ ਆਪਸੀ ਭਾਈਚਾਰਕ ਸਾਂਝ ਮਜਬੂਤ ਰੱਖਣ ਦੀ ਸਹੁੰ ਚੁਕਾਈ।

ਇਸ ਮੌਕੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਹ ਪ੍ਰਣ ਵੀ ਦਿਵਾਇਆ ਗਿਆ ਕਿ ਉਹ ਸਭ ਰਾਸ਼ਟਰੀ ਏਕਤਾ ਅਤੇ ਅਖੰਡਤਾ ਬਰਕਰਾਰ ਰੱਖਣ ਵਾਸਤੇ ਆਪਸੀ ਭਾਈਚਾਰਾ ਵਧਾਉਣ ਲਈ ਆਪਣਾ ਯੋਗਦਾਨ ਪਾਉਣਗੇ। ਇਸ ਤੋਂ ਬਿਨ੍ਹਾਂ ਇਹ ਪ੍ਰਣ ਵੀ ਲਿਆ ਗਿਆ ਕਿ ਅਸੀਂ ਸਾਰੇ ਭਾਰਤ ਦੇ ਸਮੂਹ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ, ਅਭਿਵਿਅਕਤੀ, ਵਿਸ਼ਵਾਸ਼, ਧਰਮ ਤੇ ਪੂਜਾ ਦੀ ਸੁਤੰਤਰਤਾ, ਪ੍ਰਤਿਸ਼ਠਾ ਵਾਸਤੇ ਸਮਾਨ ਅਵਸਰ ਪ੍ਰਦਾਨ ਕਰਾਉਣ ਲਈ ਸੰਵਿਧਾਨ ਪ੍ਰਤੀ ਸਮਰਪਿਤ ਹੋਵਾਂਗੇ।





ਇਸ ਮੌਕੇ ਸ.ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਵੱਲੋਂ ਭਾਰਤ ਨੂੰ ਸੰਪੂਰਨ ਪ੍ਰਭੂਤਾ ਸਪੰਨ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰਿਕ ਗਣਰਾਜ ਬਣਾਉਣ ਦਾ ਲਿਆ ਗਿਆ ਸੁਪਨਾ ਪੂਰਾ ਕਰਨ ਲਈ ਵੀ ਅਸੀਂ ਵਚਨਵਧ ਰਹਾਂਗੇ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਭਾਗ ਲਿਆ।

# ਗਣਤੰਤਰ ਦਿਵਸ 'ਤੇ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਹੋਣਗੇ ਮੁੱਖ ਮਹਿਮਾਨ

**ਨਵੀਂ ਦਿੱਲੀ :** ਅਗਲੇ ਸਾਲ ਭਾਰਤ ਵਿੱਚ ਗਣਤੰਤਰ ਦਿਵਸ ਮੌਕੇ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਮੁੱਖ ਮਹਿਮਾਨ ਹੋਣਗੇ। ਵਿਦੇਸ਼ ਮੰਤਰਾਲੇ ਨੇ ਇਸ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰਫੋਂ ਅਬਦੇਲ ਫਤਿਹ ਨੂੰ ਸੱਦਾ ਭੇਜਿਆ ਗਿਆ ਸੀ, ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕਰ ਲਿਆ ਹੈ। ਇਹ ਪਹਿਲੀ ਵਾਰ ਹੋਵੇਗਾ ਜਦੋਂ ਮਿਸਰ ਦੇ ਰਾਸ਼ਟਰਪਤੀ ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਭਾਰਤ ਆਉਣਗੇ।



ਜ਼ਿਕਰਯੋਗ ਹੈ ਹੈ ਕਿ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਕਤੂਬਰ 2022 'ਚ ਮਿਸਰ ਦੀ ਯਾਤਰਾ ਦੌਰਾਨ ਰਾਸ਼ਟਰਪਤੀ ਅਬਦੇਲ ਫਤਾਹ ਨਾਲ ਮੁਲਾਕਾਤ ਕੀਤੀ ਸੀ। ਫਿਰ ਅਬਦੇਲ ਨੂੰ ਪ੍ਰਧਾਨ ਮੰਤਰੀ ਨੇ ਰਾਜ ਮਹਿਮਾਨ ਬਣਨ ਲਈ ਸੱਦਾ ਦਿੱਤਾ।

**ਵਿਦੇਸ਼ੀ ਮਹਿਮਾਨ ਦੋ ਸਾਲ ਬਾਅਦ ਆਉਣਗੇ**

ਕੋਰੋਨਾ ਸੰਕ੍ਰਮਣ ਦੇ ਕਾਰਨ, ਕੋਈ ਵੀ ਵਿਦੇਸ਼ੀ ਮਹਿਮਾਨ ਪਿਛਲੇ ਦੋ ਸਾਲਾਂ 2021 ਅਤੇ 2022 ਦੇ ਗਣਤੰਤਰ ਦਿਵਸ ਸਮ-ਾਰੋਹ ਵਿੱਚ ਹਿੱਸਾ ਨਹੀਂ ਲੈ ਸਕੇ। ਹੁਣ ਦੋ ਸਾਲਾਂ ਬਾਅਦ ਕੁਝ ਵਿਦੇਸ਼ੀ ਮਹਿਮਾਨ ਗਣਤੰਤਰ ਦਿਵਸ ਵਿੱਚ ਸ਼ਾਮਲ ਹੋਣ ਲਈ ਭਾਰਤ ਆ ਰਹੇ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਜੀ-20 ਸੰਮੇਲਨ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। ਭਾਰਤ ਨੇ ਇਸ ਸੰਮੇਲਨ ਲਈ ਗੈਰ-ਮੈਂਬਰ ਦੇਸ਼ਾਂ ਨੂੰ ਸੱਦਾ ਦਿੱਤਾ ਹੈ। ਇਨ੍ਹਾਂ ਦੇਸ਼ਾਂ ਵਿੱਚ ਮਿਸਰ ਵੀ ਸ਼ਾਮਲ ਹੈ। ਗਣਤੰਤਰ ਦਿਵਸ ਅਤੇ ਜੀ-20 ਸੰਮੇਲਨ, ਮਿਸਰ ਦੇ ਰਾਸ਼ਟਰਪਤੀ ਸਾਲ ਵਿੱਚ ਦੋ ਵਾਰ ਭਾਰਤ ਦਾ ਦੌਰਾ ਕਰਨਗੇ।

# ਸੰਧਵਾਂ ਵੱਲੋਂ ਵੇਟ ਲਿਫਟਰ ਹਰਜਿੰਦਰ ਕੌਰ ਨੂੰ 5 ਲੱਖ ਰੁਪਏ ਦਾ ਚੈੱਕ ਭੇਟ

**ਚੰਡੀਗੜ੍ਹ-** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਰਾਸ਼ਟਰਮੰਡਲ ਖੇਡਾਂ ਦੌਰਾਨ ਵੇਟ ਲਿਫਟਿੰਗ ਵਿੱਚੋਂ ਕਾਂਸੀ ਦਾ ਤਗਮਾ ਜਿੱਤਣ ਵਾਲੀ ਹਰਜਿੰਦਰ ਕੌਰ ਨੂੰ ਉਚ ਟ੍ਰੇਨਿੰਗ ਵਾਸਤੇ ਪੰਜ ਲੱਖ ਦੀ ਰਾਸ਼ੀ ਦਾ ਚੈੱਕ ਭੇਟ ਕੀਤਾ ਹੈ। ਹਰਜਿੰਦਰ ਕੌਰ ਨੂੰ ਖੇਡਾਂ ਲਈ ਉਤਸ਼ਾਹ ਕਰਨ ਲਈ ਵਿਧਾਨ ਸਭਾ ਵਿੱਚ ਆਪਣੇ ਦਫਤਰ ਵਿਖੇ ਇਹ ਚੈੱਕ ਪਦਾਨ ਕਰਦੇ ਹੋਏ ਸੰਧਵਾਂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਬੜ੍ਹਾਵਾ ਦੇਣ ਵਾਸਤੇ ਦ੍ਰਿੜ ਹੈ ਅਤੇ ਇਹ ਖਿਡਾਰੀਆਂ ਦੀ ਹਰ ਹਾਲਤ ਵਿੱਚ ਮਦਦ ਕਰਦੀ ਰਹੇਗੀ।



ਹਰਜਿੰਦਰ ਕੌਰ ਨੇ ਰਾਸ਼ਟਰਮੰਡਲ ਖੇਡਾਂ-2022 ਵਿੱਚ 71 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗ਼ਮਾ ਹਾਸਲ ਕੀਤਾ ਸੀ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਵਿਧਾਇਕ ਗੁਰਲਾਲ ਘਨੌਰ ਵੀ ਹਾਜ਼ਰ ਸਨ।

# 26/11 ਮੁੰਬਈ ਹਮਲੇ 'ਚ ਕੁਰਬਾਨ ਹੋਏ ਜ਼ਾਬਾਂਜ਼ ਜਵਾਨਾਂ ਦੀ ਦਾਸਤਾਨ

**ਮੁੰਬਈ–** ਮੁੰਬਈ ਵਿਚ ਹੋਏ 26/11 ਅੱਤਵਾਦੀ ਹਮਲੇ ਦੇ ਜ਼ਖ਼ਮ ਅੱਜ ਵੀ ਤਾਜ਼ਾ ਹਨ। ਇਹ ਹਮਲਾ 26 ਨਵੰਬਰ 2008 ਨੂੰ ਹੋਇਆ, ਜਿਸ ਦੀ ਅੱਜ 14ਵੀਂ ਬਰਸੀ ਹੈ। ਇਸ ਅੱਤਵਾਦੀ ਹਮਲੇ ਵਿਚ ਕਈਆਂ ਨੇ ਆਪਣਿਆਂ ਨੂੰ ਹਮੇਸ਼ਾ ਲਈ ਗੁਆ ਦਿੱਤਾ, ਜਿਸ ਦੇ ਜ਼ਖਮ ਅੱਜ ਵੀ ਤਾਜ਼ਾ ਹਨ। ਪਾਕਿਸਤਾਨੀ ਅੱਤਵਾਦੀਆਂ ਨੇ ਤਾਜ ਅਤੇ ਟਰਾਈਡੈਂਟ ਹੋਟਲ ਦੇ ਨਾਲ-ਨਾਲ ਛਤਰਪਤੀ ਸ਼ਿਵਾਜੀ ਟਰਮੀਨਸ 'ਤੇ ਹਮਲਾ ਕੀਤਾ ਸੀ। ਇਸ ਹਮਲੇ 'ਚ 166 ਦੇ ਕਰੀਬ ਬੇਕਸੂਰ ਲੋਕ ਮਾਰੇ ਗਏ ਸਨ ਅਤੇ 300 ਤੋਂ ਵਧੇਰੇ ਜ਼ਖਮੀ ਹੋਏ। ਮੁੰਬਈ 'ਚ ਹੋਏ ਇਸ ਹਮਲੇ ਨੂੰ ਇਤਿਹਾਸ ਦਾ ਸਭ ਤੋਂ ਭਿਆਨਕ ਅੱਤਵਾਦੀ ਹਮਲਾ ਕਿਹਾ ਜਾਂਦਾ ਹੈ। ਹਮਲੇ ਨੂੰ ਅੰਜ਼ਾਮ ਦੇਣ ਲਈ ਪਾਕਿਸਤਾਨ ਤੋਂ ਆਏ ਲਸ਼ਕਰ-ਏ-ਤੋਇਬਾ ਦੇ ਅੱਤਵਾਦੀਆਂ ਦਾ ਸਾਡੇ ਬਹਾਦਰ ਪੁਲਸ ਕਰਮਚਾਰੀਆਂ ਅਤੇ ਐੱਨ. ਐੱਸ. ਜੀ. ਦੇ ਜਵਾਨਾਂ ਨੇ ਡਟ ਕੇ ਸਾਹਮਣਾ ਕੀਤਾ ਅਤੇ ਕਈ ਲੋਕਾਂ ਦੀ ਜਾਨ ਬਚਾਈ। ਉਨ੍ਹਾਂ 'ਚੋਂ 5 ਨੇ ਦੇਸ਼ ਅਤੇ ਦੇਸ਼ ਦੇ ਲੋਕਾਂ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਆਓ ਜਾਣਦੇ ਹਾਂ ਉਨ੍ਹਾਂ ਬਾਰੇ...



**ਮੇਜਰ ਸੰਦੀਪ :** ਮੇਜਰ ਸੰਦੀਪ ਉਨੀਕ੍ਰਿਸ਼ਨਨ ਨੈਸ਼ਨਲ ਸਕਿਓਰਿਟੀ ਗਾਰਡਸ (ਐਨ. ਐੱਸ. ਜੀ.) ਦੇ ਕਮਾਂਡੋ ਸਨ। ਉਹ 26/11 ਐਨਕਾਊਂਟਰ ਦੌਰਾਨ ਮਿਸ਼ਨ ਆਪਰੇਸ਼ਨ ਬਲੈਕ ਟਾਰਨੇਡੋ ਦੀ ਅਗਵਾਈ ਕਰ ਰਹੇ ਸਨ। ਜਦੋਂ ਉਹ ਤਾਜ ਹੋਟਲ 'ਤੇ ਕਬਜ਼ਾ ਕਰ ਕੇ ਬੈਠੇ ਪਾਕਿਸਤਾਨੀ ਅੱਤਵਾਦੀਆਂ ਨਾਲ ਲੜ ਰਹੇ ਸਨ ਤਾਂ ਇਕ ਅੱਤਵਾਦੀ ਨੇ ਪਿੱਛਿਓਂ ਹਮਲਾ ਕੀਤਾ, ਜਿਸ ਨਾਲ ਉਹ ਘਟਨਾ ਵਾਲੀ ਥਾਂ 'ਤੇ ਹੀ ਸ਼ਹੀਦ ਹੋ ਗਏ। ਮਰਨ ਉਪਰੰਤ ਉਨ੍ਹਾਂ ਨੂੰ 2009 'ਚ ਅਸ਼ੋਕ ਚੱਕਰ ਨਾਲ ਸਨਮਾਨਤ ਕੀਤਾ ਗਿਆ। ਇਨ੍ਹਾਂ 5 ਬਹਾਦਰ ਸ਼ਹੀਦਾਂ ਤੋਂ ਇਲਾਵਾ ਗਜਿੰਦਰ ਸਿੰਘ, ਨਾਗਪਾ ਆਰ. ਮਹਾਲੇ, ਕਿਸ਼ੋਰ ਕੇ. ਸ਼ਿੰਦੇ, ਸੰਜੇ ਗੋਵੀਲਕਰ, ਸੁਨੀਲ ਕੁਮਾਰ ਯਾਦਵ ਅਤੇ ਕਈ ਹੋਰਨਾਂ ਨੇ ਵੀ ਬਹਾਦਰੀ ਦੀ ਮਿਸਾਲ ਪੇਸ਼ ਕੀਤੀ।

**ਤੁਕਾਰਾਮ ਓਂਬਲੇ :** ਮੁੰਬਈ ਪੁਲਸ ਦੇ ਏ. ਐੱਸ. ਆਈ. ਤੁਕਾਰਾਮ ਓਂਬਲੇ ਹੀ ਉਹ ਜਾਂਬਾਜ਼ ਸਨ, ਜਿਨ੍ਹਾਂ ਨੇ ਅੱਤਵਾਦੀ ਕਸਾਬ ਦਾ ਬਿਨਾਂ ਕਿਸੇ ਹਥਿਆਰ ਦੇ ਸਾਹਮਣਾ ਕੀਤਾ ਅਤੇ ਅਖੀਰ 'ਚ ਉਸ ਨੂੰ ਦਬੋਚ ਲਿਆ। ਇਸ ਦੌਰਾਨ ਉਨ੍ਹਾਂ ਨੂੰ ਕਸਾਬ ਦੀ ਬੰਦੂਕ ਨਾਲ ਕਈ ਗੋਲੀਆਂ ਲੱਗੀਆਂ ਅਤੇ ਉਹ ਸ਼ਹੀਦ ਹੋ ਗਏ। ਸ਼ਹੀਦ ਤੁਕਾਰਾਮ ਨੂੰ ਉਨ੍ਹਾਂ ਦੀ ਬਹਾਦਰੀ ਲਈ ਵੀਰਤਾ ਪੁਰਸਕਾਰ ਅਸ਼ੋਕ ਚੱਕਰ ਨਾਲ ਸਨਮਾਨਤ ਕੀਤਾ ਗਿਆ।

**ਹੇਮੰਤ ਕਰਕਰੇ :** ਮੁੰਬਈ ਏ. ਟੀ. ਐੱਸ. ਦੇ ਚੀਫ ਹੇਮੰਤ ਕਰਕਰੇ ਉਸ ਰਾਤ ਆਪਣੇ ਘਰ 'ਚ ਖਾਣਾ ਖਾ ਰਹੇ ਸਨ, ਜਦੋਂ ਉਨ੍ਹਾਂ ਕੋਲ ਅੱਤਵਾਦੀ ਹਮਲੇ ਨੂੰ ਲੈ ਕੇ ਕ੍ਰਾਈਮ ਬਰਾਂਚ ਤੋਂ ਫੋਨ ਆਇਆ। ਇਸ ਫੋਨ ਕਾਲ ਨੂੰ ਸੁਣਨ ਤੋਂ ਬਾਅਦ ਹੇਮੰਤ ਤੁਰੰਤ ਘਰੋਂ ਨਿਕਲੇ ਅਤੇ ਏ. ਸੀ. ਪੀ. ਅਸ਼ੋਕ ਕਾਮਟੇ, ਇੰਸਪੈਕਟਰ ਵਿਜੇ ਸਾਲਸਕਰ ਨਾਲ ਮੋਰਚਾ ਸੰਭਾਲਿਆ। ਅੱਤਵਾਦੀ ਅਜ਼ਮਲ ਕਸਾਬ ਅਤੇ ਇਸਮਾਈਲ ਖਾਨ ਦੀ ਅੰਨ੍ਹੇਵਾਹ ਗੋਲੀਆਂ ਵਰ੍ਹਾਉਣ ਕਾਰਨ ਉਹ ਸ਼ਹੀਦ ਹੋ ਗਏ। ਮਰਨ ਉਪਰੰਤ ਉਨ੍ਹਾਂ ਨੂੰ ਅਸ਼ੋਕ ਚੱਕਰ ਨਾਲ ਸਨਮਾਨਤ ਕੀਤਾ ਗਿਆ ਸੀ।

**ਅਸ਼ੋਕ ਕਾਮਟੇ :** ਅਸ਼ੋਕ ਕਾਮਟੇ ਮੁੰਬਈ ਪੁਲਸ 'ਚ ਬਤੌਰ ਏ. ਸੀ. ਪੀ. ਤਾਇਨਾਤ ਸਨ। ਜਿਸ ਸਮੇਂ ਮੁੰਬਈ 'ਤੇ ਅੱਤਵਾਦੀ ਹਮਲਾ ਹੋਇਆ, ਉਹ ਏ. ਟੀ. ਐੱਸ. ਚੀਫ ਹੇਮੰਤ ਕਰਕਰੇ ਨਾਲ ਸਨ। ਪਾਕਿਸਤਾਨੀ ਵਲੋਂ ਕੀਤੀ ਗਈ ਗੋਲੀਬਾਰੀ ਦਾ ਉਨ੍ਹਾਂ ਨੇ ਡਟ ਕੇ ਸਾਹਮਣਾ ਕੀਤਾ। ਅੱਤਵਾਦੀ ਇਸਮਾਈਲ ਖਾਨ ਨੇ ਉਨ੍ਹਾਂ 'ਤੇ ਗੋਲੀਆਂ ਦੀ ਬੌਛਾਰ ਕਰ ਦਿੱਤੀ। ਇਕ ਗੋਲੀ ਉਨ੍ਹਾਂ ਦੇ ਸਿਰ 'ਚ ਜਾ ਲੱਗੀ। ਜ਼ਖਮੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਦੁਸ਼ਮਣ ਨੂੰ ਮਾਰ ਡਿਗਾਇਆ।

**ਵਿਜੇ ਸਾਲਸਕਰ :** ਸੀਨੀਅਰ ਪੁਲਸ ਇੰਸਪੈਕਟਰ ਵਿਜੇ ਸਾਲਸਕਰ ਕਾਮਾ ਹਸਪਤਾਲ ਦੇ ਬਾਹਰ ਹੇਮੰਤ ਕਰਕਰੇ ਅਤੇ ਅਸ਼ੋਕ ਕਾਮਟੇ ਨਾਲ ਅੱਤਵਾਦੀਆਂ ਵਲੋਂ ਕੀਤੀ ਗਈ ਗੋਲੀਬਾਰੀ 'ਚ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਏ ਸਨ। ਸ਼ਹੀਦ ਵਿਜੇ ਨੂੰ ਮਰਨ ਉਪਰੰਤ ਅਸ਼ੋਕ ਚੱਕਰ ਨਾਲ ਸਨਮਾਨਤ ਕੀਤਾ ਗਿਆ ਸੀ।

## 26/11 ਦੇ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀਆਂ ਸਾਡੀਆਂ ਕੋਸ਼ਿਸ਼ਾਂ 'ਸਿਆਸੀ ਕਾਰਨਾਂ' ਕਰ ਕੇ ਰੁਕੀਆਂ: ਭਾਰਤ

**ਸੰਯੁਕਤ ਰਾਸ਼ਟਰ–** ਭਾਰਤ ਨੇ ਅੱਜ ਚੀਨ ਦੇ ਅਸਿੱਧੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ 26/11 ਮੁੰਬਈ ਦਹਿਸ਼ਤੀ ਹਮਲਿਆਂ ਦੇ ਸਾਜ਼ਿਸ਼ਕਾਰਾਂ ਤੇ ਸਰਪ੍ਰਸਤਾਂ ਨੂੰ ਸਜ਼ਾਵਾਂ ਦਿਵਾਉਣ ਦੀਆਂ ਉਸ ਦੀਆਂ ਕੋਸ਼ਿਸ਼ਾਂ 'ਸਿਆਸੀ ਕਾਰਨਾਂ' ਕਰ ਕੇ ਰੁਕੀਆਂ ਹਨ। ਜ਼ਿਕਰਯੋਗ ਹੈ ਕਿ ਨਵੀਂ ਦਿੱਲੀ ਨੇ ਪਾਕਿਸਤਾਨ ਆਧਾਰਿਤ ਦਹਿਸ਼ਤਗਰਦਾਂ ਨੂੰ ਸੰਯੁਕਤ ਰਾਸ਼ਟਰ ਵਿੱਚ ਬਲੈਕ-ਲਿਸਟ ਕੀਤੇ ਜਾਣ ਲਈ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਹਨ, ਪਰ ਚੀਨ ਆਪਣੀ ਵੀਟੋ ਤਾਕਤ ਦੇ ਸਿਰ 'ਤੇ ਲਗਾਤਾਰ ਇਨ੍ਹਾਂ ਨੂੰ ਨਾਕਾਮ ਕਰ ਦਿੰਦਾ ਹੈ। ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਸਥਾਈ ਪ੍ਰਤੀਨਿਧ ਰੁਚਿਰਾ ਕੰਬੋਜ ਨੇ ਕਿਹਾ ਕਿ ਚੀਨ ਦੀ ਇਸ ਪੇਸ਼ਕਦਮੀ ਕਰ ਕੇ ਦਹਿਸ਼ਤਗਰਦ ਖੁੱਲ੍ਹੇਆਮ ਘੁੰਮ ਰਹੇ ਹਨ ਤੇ ਉਹ ਸਰਹੱਦ ਪਾਰੋਂ ਲਗਾਤਾਰ ਭਾਰਤ 'ਤੇ ਹਮਲੇ ਕਰ ਰਹੇ ਹਨ।

## ਮਾਤਾ ਕੁਲਵੰਤ ਕੋਰ ਰੰਧਾਵਾ ਦੀ ਯਾਦ 'ਚ ਸ਼ਰਧਾਜਲੀ ਸਮਾਗਮ ਕੱਲ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ) –** ਲੋਕ ਗਾਇਕ ਹਰਪ੍ਰੀਤ ਰੰਧਾਵਾ ਕਨੈਡਾ ਦੀ ਸਤਿਕਾਰਯੋਗ ਮਾਤਾ ਕੁਲਵੰਤ ਕੋਰ ਰੰਧਾਵਾ. (75) ਪਤਨੀ ਸਵ. ਸਵਰਨ ਸਿੰਘ ਰੰਧਾਵਾ ਜੋ ਅਮਰੀਕਾ ਰਹਿੰਦੇ ਸਨ ਜੋ ਪਿਛਲੇ ਦਿਨੀ ਆਪਣੇ ਪ੍ਰਵਿਾਰ ਤੇ ਸਮੂਹ ਰਿਸ਼ਤੇਦਾਰਾਂ ਨੂੰ ਸਦੀਵੀ ਵਿ-ਛੋੜਾ ਦੇ ਗਏ ਸਨ ਉਨਾ ਦਾ ਸਸਕਾਰ ਨੋਰਥ ਬੈਕਮੇਨ ਰੋਡ ਲੋਡੀ ਸ਼ਹਿਰ ਕੈਲੇਫੋਰਨੀਆਂ ਅਮਰੀਕਾ ਵਿਚ ਹੀ ਕਰ ਦਿਤਾ ਸੀ ਗਾਇਕ ਹਰਪ੍ਰੀਤ ਰੰਧਾਂਵਾ ਨਾਲ ਇਸ ਦੁੱਖ ਦੀ ਘੜੀ ਚ ਸਮੂੰਹ ਰਿਸ਼ਤੇਦਾਰ, ਸਾਹਿਤਕ,ਸੱਭਿਆਚਾਰਕ, ਸਮਾਜਿਕ, ਰਾਜਨੀਤਿਕ, ਧਾਰਮਿਕ



ਸੰਸਥਾਵਾਂ ਦੇ ਅਹੁਦੇਦਾਰ, ਕਲਾਕਾਰ, ਗੀਤਕਾਰ, ਸੰਗੀਤਕਾਰ, ਸਾਕ ਸਬੰਧੀ, ਪੱਤਰਕਾਰ ਭਾਈਚਾਰਾ ਤੇ ਨਗਰ ਨਿਵਾਸੀਆਂ ਵਲੋਂ ਗਾਇਕ ਹਰਪ੍ਰੀਤ ਰੰਧਾਵਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਪਰਿਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਆਖਿਆ ਇਸ ਮੋਕੇ ਫੋਨ ਤੇ ਗਾਇਕ ਹਰਪ੍ਰੀਤ ਰੰਧਾਵਾ ਨੇ ਦੱਸਿਆ ਕਿ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਪਾਠ ਦੇ ਭੋਗ ਦੁਪਿਹਰ ਦੋ ਵਜੇ ਗੁਰਦੁਆਰਾ ਦਸ਼ਮੇਸ਼ ਦਰਬਾਰ ਸਿੱਖ ਟੈਂਪਲ ਲੈਂਡੇ ਕੈਲੇਫੋਰਨੀਆਂ ਅਮਰੀਕਾ ਵਿੱਚ ਪਾਏ ਜਾਣਗੇ ਤੇ ਉਪਰੰਤ ਸ਼ਰਧਾਜਲੀ ਸਮਾਗਮ ਹੋਵੇਗਾ।

## ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਭਾਰਤ ਨਾਲ ਮੁਕਤ ਵਪਾਰ ਸਮਝੌਤਾ: ਸੂਨਕ

**ਲੰਡਨ–** ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਹਿੰਦ-ਪ੍ਰਸ਼ਾਂਤ ਖੇਤਰ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਵੱਲ



ਵੱਧ ਧਿਆਨ ਦੇਣ ਦੀ ਯੋਜਨਾ ਤਹਿਤ ਭਾਰਤ ਨਾਲ ਮੁਕਤ ਵਪਾਰ ਸਮਝੌਤੇ (ਐੱਫਟੀਏ) ਨੂੰ ਲੈ ਕੇ ਆਪਣੇ ਦੇਸ਼ ਦੀ ਪ੍ਰਤੀਬੱਧਤਾ ਦੁਹਰਾਈ ਹੈ। ਪਿਛਲੇ ਮਹੀਨੇ 10, ਡਾਊਨਿੰਗ ਸਟ੍ਰੀਟ 'ਚ ਕਾਰਜਭਾਰ ਸੰਭਾਲਣ ਤੋਂ ਬਾਅਦ ਲੰਘੀ ਰਾਤ ਵਿਦੇਸ਼ ਨੀਤੀ ਬਾਰੇ ਆਪਣਾ ਪਹਿਲਾ ਭਾਸ਼ਣ ਦਿੰਦਿਆਂ ਬਰਤਾਨਵੀ-ਭਾਰਤੀ ਨੇਤਾ ਨੇ ਆਪਣੀ ਵਿਰਾਸਤ ਬਾਰੇ ਗੱਲ ਕੀਤੀ ਅਤੇ 'ਆਜ਼ਾਦੀ ਤੇ ਖੁੱਲ੍ਹੇਪਣ' ਬਾਰੇ ਬਰਤਾਨੀਆ ਦੀਆਂ ਕਦਰਾਂ-ਕੀਮਤਾਂ ਪ੍ਰਤੀ ਪ੍ਰਤੀਬੱਧਤਾ ਜ਼ਾਹਿਰ ਕੀਤੀ।

## ਪੀਟੀ ਊਸ਼ਾ ਦੇ ਹੱਥ 'ਚ ਭਾਰਤੀ ਓਲੰਪਿਕ ਸੰਘ ਦੀ ਕਮਾਨ

**ਨਵੀਂ ਦਿੱਲੀ–** ਮਸ਼ਹੂਰ ਅਥਲੀਟ ਅਤੇ ਰਾਜ ਸਭਾ ਨਾਮਜ਼ਦ ਸੰਸਦ ਮੈਂਬਰ ਪੀਟੀ ਊਸ਼ਾ ਨੂੰ ਭਾਰਤੀ ਓਲੰਪਿਕ ਸੰਘ ਦਾ ਪ੍ਰਧਾਨ ਬਣਾਇਆ ਗਿਆ ਹੈ। ਉਹ ਇਸ ਅਹੁਦੇ ਲਈ ਇਕੋ-ਇਕ ਦਾਅਵੇਦਾਰ ਸੀ, ਅਜਿਹੇ ਵਿਚ ਉਸ ਦਾ ਪ੍ਰਧਾਨ ਬਣਨਾ ਤੈਅ ਮੰਨਿਆ ਜਾ ਰਿਹਾ ਸੀ। ਚੋਣਾਂ 10 ਦਸੰਬਰ ਨੂੰ ਹੋਣੀਆਂ ਸਨ, ਪਰ ਵਿਰੋਧੀ ਧਿਰ ਵਿੱਚ ਕੋਈ ਹੋਰ ਉਮੀਦਵਾਰ ਨਾ ਹੋਣ ਕਾਰਨ ਉਹ ਆਈਓਏ ਦੀ ਪਹਿਲੀ ਮਹਿਲਾ ਪ੍ਰਧਾਨ ਚੁਣੀ ਗਈ ਹੈ। ਏਸ਼ਿਆਈ ਖੇਡਾਂ ਦੀ ਸੋਨ ਤਗ਼ਮਾ ਜੇਤੂ 58 ਸਾਲਾ ਊਸ਼ਾ 1984 ਓਲੰਪਿਕ ਵਿੱਚ 400 ਮੀਟਰ ਅੜਿੱਕਾ ਦੌੜ ਦੇ ਫਾਈਨਲ ਵਿੱਚ ਚੌਥੇ ਸਥਾਨ 'ਤੇ ਰਹੀ ਸੀ। ਪੀਟੀ ਊਸ਼ਾ ਨੂੰ ਇਸ ਸਾਲ ਜੁਲਾਈ ਵਿੱਚ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ ਸੀ।



ਉਨ੍ਹਾਂ ਨੇ ਐਤਵਾਰ ਨੂੰ ਚੋਟੀ ਦੇ ਅਹੁਦੇ ਲਈ ਨਾਮਜ਼ਦਗੀ ਪੱਤਰ ਦਾਖਲ ਕੀਤਾ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਟੀਮ ਦੇ 14 ਹੋਰਾਂ ਨੇ ਵੀ ਵੱਖ-ਵੱਖ ਅਹੁਦਿਆਂ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ। ਆਈਓਏ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ ਐਤਵਾਰ ਨੂੰ ਖਤਮ ਹੋ ਗਈ। ਆਈਓਏ ਦੇ ਚੋਣ ਅਧਿਕਾਰੀ ਉਮੇਸ਼ ਸਿਨਹਾ ਨੂੰ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਕੋਈ ਨਾਮਜ਼ਦਗੀ ਨਹੀਂ ਮਿਲੀ ਪਰ ਐਤਵਾਰ ਨੂੰ 24 ਉਮੀਦਵਾਰਾਂ ਨੇ ਵੱਖ-ਵੱਖ ਅਹੁਦਿਆਂ ਲਈ ਨਾਮਜ਼ਦਗੀਆਂ ਦਾਖਲ ਕੀਤੀਆਂ।

ਇਨ੍ਹਾਂ ਚੋਣਾਂ ਵਿੱਚ ਮੀਤ ਪ੍ਰਧਾਨ (ਮਹਿਲਾ), ਸੰਯੁਕਤ ਸਕੱਤਰ (ਮਹਿਲਾ) ਦੇ ਅਹੁਦੇ ਲਈ ਮੁਕਾਬਲਾ ਹੋਵੇਗਾ। ਕਾਰਜਕਾਰੀ ਕੌਂਸਲ ਦੇ ਚਾਰ ਮੈਂਬਰਾਂ ਲਈ 12 ਉਮੀਦਵਾਰ ਮੈਦਾਨ ਵਿੱਚ ਹਨ।

ਆਈਓਏ ਵਿੱਚ ਇੱਕ ਪ੍ਰਧਾਨ, ਇੱਕ ਸੀਨੀਅਰ ਮੀਤ ਪ੍ਰਧਾਨ, ਦੋ ਉਪ ਪ੍ਰਧਾਨ (ਇੱਕ ਪੁਰਸ਼ ਅਤੇ ਇੱਕ ਔਰਤ), ਇੱਕ ਖਜ਼ਾਨਚੀ, ਦੋ ਸੰਯੁਕਤ ਸਕੱਤਰ (ਇੱਕ ਪੁਰਸ਼ ਅਤੇ ਇੱਕ ਔਰਤ), ਛੇ ਹੋਰ ਕਾਰਜਕਾਰੀ ਕੌਂਸਲ ਦੇ ਮੈਂਬਰ ਚੋਣ ਲਈ ਤਿਆਰ ਹੋਣਗੇ। ਜਿਨ੍ਹਾਂ ਵਿੱਚੋਂ ਦੋ (ਇੱਕ ਮਰਦ ਅਤੇ ਇੱਕ ਔਰਤ) ਚੁਣੇ ਹੋਏ 'ਸੋਮ' ਵਿੱਚੋਂ ਹੋਣਗੇ। ਕਾਰਜਕਾਰੀ ਕੌਂਸਲ ਦੇ ਦੋ ਮੈਂਬਰ (ਇੱਕ ਮਰਦ ਅਤੇ ਇੱਕ ਔਰਤ) ਐਥਲੀਟ ਕਮਿਸ਼ਨ ਦੇ ਪ੍ਰਤੀਨਿਧੀ ਹੋਣਗੇ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


'ਦੇਸ਼ ਦੁਆਬਾ'

'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

# ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ "ਸੰਵਿਧਾਨ ਦਿਵਸ'' ਮਨਾਇਆ ਗਿਆ



**ਜਲੰਧਰ–** ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ ''ਸੰਵਿਧਾਨ ਦਿਵਸ'' ਬਹੁਤ ਧੂੰਮਧਾਮ ਨਾਲ ਮਨਾਇਆ ਗਿਆ। ਬੁੱਧ ਵਿਹਾਰ ਸੋਫੀ ਪਿੰਡ ਵਿਖੇ ਭਾਰਤ ਦੇ 73ਵੇਂ ਸੰਵਿਧਾਨ ਦਿਵਸ ਮੌਕੇ ਬੁੱਧ ਵੰਦਨਾ, ਤਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਕੀਤੇ ਗਏ ਅਤੇ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਯਤਨਾਂ ਉਪਰ ਚਰਚਾ ਕੀਤੀ।

ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਵਿਸ਼ਵ ਵਿਚ ਸਭ ਤੋਂ ਉਤਮ ਹੈ, ਜਿਸ ਵਿਚ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਦਿੱਤੇ ਹਨ। ਇਸ ਮੌਕੇ ਲੈਕਚਰਾਰ ਸ੍ਰੀ ਚਮਨ ਦਾਸ ਸਾਂਪਲਾ, ਵਾਰੁਣ ਸਾਂਪਲਾ, ਸਿਧਾਰਥ, ਨਿਸ਼ਾਂਤ ਅਤੇ ਵੀਰਾਂਨ ਨੇ ਵੀ ਸੰਵਿਧਾਨ ਦਿਵਸ ਤੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਮਾਸਟਰ ਰਾਮ ਲਾਲ, ਸ੍ਰੀ ਲੈਮਬਰ ਰਾਮ ਬੰਗੜ, ਨਰੇਸ਼ ਕੁਮਾਰ, ਡਾ. ਗੁਰਪਾਲ ਸਿੰਘ, ਗੌਤਮ ਸਾਂਪਲਾ, ਗੁਲਸ਼ਨ, ਭਾਨੂੰ, ਦਿਸ਼ਾਂਤ ਕੁਮਾਰ, ਸ੍ਰੀਮਤੀ ਮੁੱਖਤਰਾ, ਊਸ਼ਾ ਅਸ਼ੀਸ਼, ਸਰਬਜੀਤ ਕੌਰ, ਬਲਦੀਸ਼ ਕੌਰ, ਰਾਜਵਿੰਦਰ ਕੌਰ, ਸ੍ਰੀਮਤੀ ਕਾਨਤਾ ਕੁਮਾਰੀ ਟੀਚਰ, ਸਿਮਰਜੀਤ ਕੌਰ, ਸੁਹਾਨੀ, ਅਰਜੁਨ ਮਾਹੀ, ਅਰੂਨ, ਮੰਨਤ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ। ਅਖੀਰ ਵਿਚ ਖੀਰ ਦਾ ਲੰਗਰ ਵਰਤਾਇਆ ਗਿਆ।

# ਭਾਜਪਾ ਇਕਾਈ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ




**ਨਾਭਾ–** ਅੱਜ ਨਾਭਾ ਵਿਖੇ ਭਾਜਪਾ ਇਕਾਈ ਵੱਲੋਂ ਸੰਵਿਧਾਨ ਦਿਵਸ ਮਨਾਇਆ ਗਿਆ। ਵੱਡੀ ਗਿਣਤੀ ਵਿੱਚ ਲੋਕ ਪ੍ਰਧਾਨ ਪਲਵਿੰਦਰ ਸਿੰਘ ਅਤੇ ਅ. ਜਾਤੀ ਮੋਰਚਾ ਦੇ ਪ੍ਰਧਾਨ ਲਾਲ ਸਿੰਘ ਦੀ ਅਗਵਾਈ ਵਿੱਚ ਇੱਕਠੇ ਹੋਏ ਤੇ ਬਾਬਾ ਸਾਹਿਬ ਅੰਬੇਡਕਰ ਨੂੰ ਯਾਦ ਕੀਤਾ। ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ ਤੇ ਧੰਨਵਾਦ ਕੀਤਾ ਕਿ ਪੂਰੇ ਦੇਸ਼ ਨੂੰ ਜੋੜਨ ਵਾਲਾ ਸੰਵਿਧਾਨ ਬਾਬਾ ਸਾਹਿਬ ਦੀ ਦੇਣ ਹੈ, ਮੋਦੀ ਸਰਕਾਰ ਦੇਸ਼ ਹਿੱਤ ਵਿੱਚ ਬਹੁਤ ਸਾਰੀਆਂ ਸਕੀਮਾਂ ਚਲਾ ਰਹੀ ਹੈ ਜਿਸ ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਬਰਾਬਰਤਾ ਵੱਲ ਦੇਸ਼ ਵੱਧ ਰਿਹਾ ਹੈ।

ਇਸ ਮੌਕੇ ਸਾਬਕਾ ਆਈ ਏ ਐਸ ਸ੍ਰੀ ਐਸ ਆਰ ਲੱਧੜ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਉਹਨਾਂ ਆਪਣੀ ਪ੍ਰਧਾਨਗੀ ਭਾਸ਼ਣ ਵਿੱਚ ਬਾਬਾ ਸਾਹਿਬ ਨੂੰ ਯਾਦ ਕਰਦਿਆਂ ਕਿਹਾ ਕਿ ਆਉ ਸਾਰੇ ਮਿਲ ਕੇ ਬਾਬਾ ਨਾਨਕ ਦੀ ਬਾਣੀ ਮੁਤਾਬਕ ਸਰਬੱਤ ਦੇ ਭਲੇ ਲਈ ਯਤਨ ਕਰੀਏ। ਜਾਤ ਪਾਤ ਖਤਮ ਕਰੀਏ, ਉਚ-ਨੀਚ ਖਤਮ ਕਰੀਏ ਅਤੇ ਦੇਸ਼ ਨੂੰ ਪੂਰੀ ਦੁਨੀਆ ਵਿੱਚ ਇੱਕ ਨਮੂਨੇ ਦਾ ਦੇਸ਼ ਬਣਾਈਏ। ਸੰਵਿਧਾਨ ਨੂੰ ਪੂਰੀ ਤਰਾਂ ਲਾਗੂ ਕੀਤੇ ਬਿਨਾ ਸਮਾਜਿਕ ਲੋਕ ਰਾਜ ਸੰਭਵ ਨਹੀਂ ਤੇ ਸਮਾਜਿਕ ਲੋਕ ਰਾਜ ਬਿਨਾ ਰਾਜਨੀਤਿਕ ਲੋਕ ਰਾਜ ਬੇ-ਮਾਇਨੇ ਹੈ। ਸੰਵਿਧਾਨ ਦੇਸ਼ ਦੀ ਰੀੜ ਦੀ ਹੱਡੀ ਹੈ ਅਤੇ ਰੀੜ ਦੀ ਹੱਡੀ ਬਿਨਾ ਸਰੀਰ ਸਿੱਧਾ ਖੜਾ ਨਹੀਂ ਹੋ ਸਕਦਾ।

# ਡਾ. ਸੁਰਿੰਦਰ ਧੰਜਲ ਦਾ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਸਨਮਾਨ

**ਮਾਹਿਲਪੁਰ:** ਕੰਪਲਸ ਯੂਨੀਵਰਸਿਟੀ ਕਨੇਡਾ ਦੇ ਸੀਨੀਅਰ ਪ੍ਰੋਫ਼ੈਸਰ, ਪਾਸ਼ ਕੌਮਾਂਤਰੀ ਟਰੱਸਟ ਦੇ ਪ੍ਰਧਾਨ ਅਤੇ ਉੱਘੇ ਸਾਹਿਤਕਾਰ ਡਾ.ਸੁਰਿੰਦਰ ਧੰਜਲ ਦਾ ਮਾਹਿਲਪੁਰ ਪਹੁੰਚਣ 'ਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਅਤੇ ਬੁੱਧੀਜੀਵੀ ਵਰਗ ਵਲੋਂ ਪ੍ਰਵਾਸੀ ਭਾਰਤੀ ਚੈਂਚਲ ਸਿੰਘ ਬੈਂਸ ਦੇ ਘਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਉਹ ਅਜਕੱਲ ਗਦਰ ਲਹਿਰ ਦੇ ਅਜ਼ਾਦੀ ਘੁਲਾਟੀਆਂ ਬਾਰੇ ਖੋਜ ਕਾਰਜਾਂ ਵਿਚ ਜੁਟੇ ਹੋਏ ਹਨ।ਦੋਆਬੇ ਦੇ ਬੱਬਰਾਂ ਅਤੇ ਗਦਰੀਆਂ ਨਾਲ ਸਬੰਧਤ ਇਤਿਹਾਸਕ ਸਥਾਨਾਂ ਦੀ ਖੋਜ ਕਰ ਰਹੇ ਹਨ।ਇਸ ਉਦੇਸ਼ ਦੀ ਪੂਰਤੀ ਵਾਸਤੇ ਉਹ ਪੰਜਾਬ ਦੇ ਖੋਜੀ ਸਾਹਿਤਕਾਰਾਂ ਦੇ ਸਹਿਯੋਗ ਨਾਲ ਇਲਾਕੇ ਵਿਚ ਕਾਰਜਸ਼ੀਲ ਹਨ।ਉਹਨਾਂ ਇਲਾਕੇ ਦੇ ਸਥਾਨਾ ਦੀ ਯਾਤਰਾ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਉਹਨਾਂ ਨੇ ਇਥੋਂ ਦੇ ਸ਼ਹੀਦਾਂ ਅਤੇ ਦੇਸ਼ ਪ੍ਰੇਮੀਆਂ ਨੂੰ ਨਤਮਸਤਕ ਹੋ ਕੇ ਉਸ ਜ਼ਮਾਨੇ ਅਤੇ ਹਾਲਤਾਂ ਬਾਰੇ ਜਾਣਕਾਰੀ ਪ੍ਰਪਤ ਕੀਤੀ ਜਿਸ ਨਾਲ ਮਨ ਨੂੰ ਪ੍ਰਸੰਨਤਾ ਅਤੇ ਆਪਣੇ ਪੁਰਖਿਆਂ ਤੇ ਮਾਣ ਹੋਇਆ ਹੈ।ਜਿਨ੍ਹਾਂ ਸੂਰਬੀਰਾਂ ਦੀ ਬਦੌਲਤ ਅਸੀਂ ਅਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ।



ਇਸ ਮੌਕੇ ਸੰਬੋਧਨ ਕਰਦਿਆਂ ਵਾਤਾਵਾਰਣ ਚਿੰਤਕ ਵਿਜੇ ਬੰਬੇਲੀ, ਬਾਲ ਸਾਹਿਤ ਦੇ ਸ੍ਰੋਮਣੀ ਪੁਰਸਕਾਰ ਜੇਤੂ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਸੁਰਿੰਦਰ ਧੰਜਲ ਨੇ ਆਪਣਾ ਪੂਰਾ ਜੀਵਨ ਮਾਰਕਸਵਾਦੀ ਵਿਚਾਰਧਾਰਾ ਦੀ ਪ੍ਰੋੜਤਾ ਨਾਲ ਗੁਜ਼ਾਰਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਡਾ.ਧੰਜਲ ਨੇ ਦੇਸ਼ ਅਤੇ ਪੰਜਾਬ ਹਿੱਤ ਨਾਲ ਜੁੜੀਆਂ ਕਈ ਚਲੰਤ ਸਮੱਸਿਆਵਾਂ ਬਾਰੇ ਲੇਖ ਅਤੇ ਕਵਿਤਾਵਾਂ ਵੀ ਲਿਖੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪੰਜਾਬ ਫ਼ੇਰੀ ਦੌਰਾਨ ਉਹ ਬੱਬਰਾਂ ਤੇ ਸ਼ਹੀਦਾਂ ਨਾਲ ਜੁੜੇ ਪਿੰਡਾਂ ਵਿਚ ਵੀ ਜਾ ਰਹੇ ਹਨ।ਲੇਖਕ ਦੀਪਕ ਅਗਨੀਹੋਤਰੀ ਕਿਹਾ ਕਿ ਸ੍ਰੀ ਸੁਰਿੰਦਰ ਧੰਜਲ ਵੀ ਆਪਣੇ ਆਪ ਵਿਚ ਇੱਕ ਕਿਤਾਬ ਹਨ ਕਿਉਂਕਿ ਵਿਦੇਸ਼ ਵਿਚ ਰਹਿ ਕੇ ਵੀ ਉਨ੍ਹਾਂ ਪੰਜਾਬ ਅਤੇ ਬਾਲ ਸਾਹਿਤ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ ਸਬੰਧਤ ਕਾਮਾਗਾਟਾ ਮਾਰੂ ਲਾਇਬਰੇਰੀ ਕੈਮਲੂਪਸ ਕਨੇਡਾ ਵੀ ਸਥਾਪਿਤ ਕੀਤੀ ਹੈ। ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰ ਰਹੇ ਹਨ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵਲੋਂ ਪੁਸਤਕਾਂ ਦਾ ਇਕ ਸੈਟ ਕਾਮਾਗਾਟਾਮਾਰੂ ਲਾਇਬ੍ਰੇਰੀ ਵਾਸਤੇ ਡਾ.ਧੰਜਲ ਨੂੰ ਭੇਟ ਕੀਤਾ ਗਿਆ। ਸੰਵਾਦ, ਨਿੱਕੀਆਂ ਕਰੂੰਬਲਾਂ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ, ਪੰਮਾ ਪੇਂਟਰ ਨੇ ਆਪਣੀਆਂ ਨਜ਼ਮਾਂ ਨਾਲ ਸਭ ਨੂੰ ਮੰਤਰ ਮੁਗਧ ਕੀਤਾ।

ਬੱਗਾ ਸਿੰਘ ਚਿੱਤਰਕਾਰ ਨੇ ਆਪਣੀ ਚਿੱਤਰਕਾਰੀ ਦੇ ਹੁਨਰ ਬਾਰੇ ਵਿਚਾਰ ਪੇਸ਼ ਕਰਦਿਆਂ ਆਪਣੇ ਗੁਰੂ ਪਦਮ ਸ੍ਰੀ ਸੋਭਾ ਸਿੰਘ ਅਤੇ ਨੈਸ਼ਨਲ ਅਵਾਰਡੀ ਟੀਚਰ ਅਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੂੰ ਯਾਦ ਕੀਤਾ। ਇਸ ਮੌਕੇ ਟਰੱਸਟੀ,ਕਰੂੰਬਲਾਂ ਪਾਠਕ ਮੰਚ ਦੇ ਮੈਂਬਰ ਅਤੇ ਮਾਹਿਲਪੁਰ ਇਲਾਕੇ ਦੇ ਨਾਮਵਰ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਹੋਏ।

# ਪੰਮਾ ਲਸਾੜੀਆ ਦਾ ਸਿੰਗਲ ਟਰੈਕ ਪਹਿਲਾ ਅੱਖਰ ਨੂੰ ਜਲਦ ਕਰਾਂਗੇ ਰਿਲੀਜ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ) –** ਪ੍ਰਸਿੱਧ ਗਾਇਕ ਪੰਮਾ ਲਸਾੜੀਆ ਯੂਕੇ ਵਲੋਂ ਹੁਣ ਅਨੇਕਾਂ ਗੀਤਾਂ ਸਰੋਤਿਆਂ ਦੇ ਸਨਮੁੱਖ ਕੀਤੀਆਂ ਤੇ



ਸਰੋਤਿਆ ਵਲੋਂ ਉਨਾਂ ਸਾਰੇ ਗੀਤਾਂ ਨੂੰ ਰੱਜਵਾਂ ਪਿਆਰ ਦਿਤਾ ਪਿਛਲੇ ਦਿਨੀ ਧਾਰਮਿਕ ਟਰੈਕ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਦਿਵਸ ਤੇ ਤੇਰੀ ਦੁਨੀਆਂ ਸੰਗਤਾਂ ਦੇ ਸਨਮੁੱਖ ਕੀਤੀ ਗਈ ਸੀ ਉਸ ਨੂੰ ਸੰਗਤਾਂ ਨੇ ਬੜਾ ਪਸੰਦ ਕੀਤਾ ਗਿਆ ਤੇ ਪਿਛਲੇ ਦਿਨੀ ਆਪਣੇ ਵਤਨ ਪਰਤੇ ਗਾਇਕ ਪੰਮਾ ਲਸਾੜੀਆ ਨੇ ਦੱਸਿਆਕਿ ਸਰੋਤਿਆ ਦੀ ਮੰਗ ਅਨੁਸਾਰ ਸਿੰਗਲ ਟਰੈਕ ਪਹਿਲਾ ਅੱਖਰ ਗੀਤ ਤਿਆਰ ਕੀਤਾ ਜਾ ਰਿਹਾ ਹੈ ਤੇ ਇਸ ਗੀਤ ਨੂੰ ਬਹੁਤ ਜਲਦ ਸੰਗੀਤ ਦੀ ਮੰਡੀ ਚ ਸਰੋਤਿਆਂ ਦੀ ਕਚਿਹਰੀ ਪੇਸ਼ ਕਰ ਦਿਤਾ ਜਾਵੇਗਾ ਇਸ ਟਰੈਕ ਨੂੰ ਸੰਗੀਤ ਜਗਤ ਦੀ ਨਾਮਵਰ ਕੰਪਨੀ ਵਾਈਟ ਹਿੱਲ ਮਿਊਜਿਕ ਦੇ ਲੇਬਲ ਤਹਿਤ ਤਿਆਰ ਕਰਕੇ ਸਰੋਤਿਆਂ ਦੀ ਝੋਲੀ ਚ ਪਾਵਾਗੇ ਤੇ ਜਿਵੇਂ ਮੇਰੇ ਪਹਿਲਾਂ ਆਏ ਗੀਤਾਂ ਨੂੰ ਬੜਾ ਮਾਣ ਸਤਿਕਾਰ ਤੇ ਗੀਤ ਪਹਿਲਾ ਅੱਖਰ ਨੂੰ ਸਰੋਤੇ ਪਸੰਦ ਕਰਨਗੇ ਤੇ ਮੈਂ ਸ਼ੁਕਰੀਆ ਅਦਾ ਕਰਦਾ ਹਾ ਸਾਰੇ ਸਰੋਤਿਆ ਦਾ ਅਤੇ ਸਹਿਜੋਗੀ ਸੱਜਣਾ ਦਾ ਜੋ ਸਮੇਂ ਸਮੇਂ ਤੇ ਬੜਾ ਸਾਥ ਦਿੰਦੇ ਹਨ ਮੈਨੂੰ ਡੋਲਣ ਨਹੀਂ ਦਿੰਦੇ।

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਪ੍ਰੈਸ਼ਰ ਹਾਰਨ ਸਖ਼ਤੀ ਨਾਲ ਬੰਦ ਕਰਾਉਣ ਦੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਚੰਡੀਗੜ੍ਹ ਵਾਂਗ ਪ੍ਰੈਸ਼ਰ ਹਾਰਨ ਸਖ਼ਤੀ ਨਾਲ ਬੰਦ ਕਰਾਉਣ ਦੀ ਮੰਗ ਕੀਤੀ ਹੈ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ, ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿਜਰ ਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ. ਹਰਪ੍ਰੀਤ ਸਿੰਘ ਸੂਦਨ, ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਗੁਰੂ ਕੀ ਨਗਰੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਤੇ ਵਿਦੇਸ਼ਾਂ ਤੋਂ ਯਾਤਰੂ ਆਉਂਦੇ ਹਨ ਪਰ ਸਰਕਾਰੀ ਤੇ ਪ੍ਰਾਈਵੇਟ ਬੱਸਾਂ, ਸਕੂਲੀ ਬੱਸਾਂ, ਟਰੱਕਾਂ ਤੇ ਇੱਥੋਂ ਤੀਕ ਕਾਰਾਂ ਤੇ ਮੋਟਰ ਸਾਈਕਲ ਤੇ ਸਕੂਟਰਾਂ ਨੇ ਏਨੇ ਜ਼ੋਰਦਾਰ ਪ੍ਰੈਸ਼ਰ ਹਾਰਨ ਲਾਏ ਹੋਏ ਹਨ ਕਿ ਬੱਚਿਆਂ ਦੇ ਕੰਨ ਪਾੜ ਸਕਦੇ ਹਨ। ਮੋਟਰ ਸਾਈਕਲ ਸਵਾਰ ਜ਼ਬਰਦਸਤ ਪਟਾਕੇ ਅਜੀਤ ਨਗਰ ਤੇ ਹੋਰਨਾਂ ਆਬਾਦੀਆਂ ਵਿੱਚ ਪਾਉਂਦੇ ਵੇਖੇ ਜਾ ਸਕਦੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਨਾ ਤਾਂ ਅਕਾਲੀ ਭਾਜਪਾ ਸਰਕਾਰ ਤੇ ਨਾ ਹੀ ਕਾਂਗਰਸ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਅਫ਼ਸਰਾਂ ਨੂੰ ਇਹ ਕੰਨ ਪਾੜਵੇ ਪ੍ਰੈਸ਼ਰ ਹਾਰਨ ਸੁਣਦੇ ਸਨ ਤੇ ਨਾ ਹੀ ਮੌਜੂਦਾ ਆਮ ਪਾਰਟੀ ਜੋ ਕਿ ਵਾਅਦਾ ਕਰਕੇ ਆਈ ਸੀ ਕਿ ਅਸੀਂ ਪ੍ਰਬੰਧਕੀ ਢਾਂਚੇ ਵਿੱਚ ਤਬਦੀਲੀ ਕਰਾਂਗੇ, ਨਾ ਇਨ੍ਹਾਂ ਨੂੰ ਸੁਣਦੇ ਹਨ। ਸਕੂਲੀ ਬੱਸਾਂ ਵਾਲੇ ਘਰ ਘਰ ਜਾਣ ਦੀ ਥਾਂ 'ਤੇ ਦੂਰੋਂ ਜੋਰ ਜੋਰ ਦੀ ਪ੍ਰੈਸ਼ਰ ਹਾਰਨ ਮਾਰੀ ਜਾਂਦੇ ਹਨ। ਡੀ ਏ ਵੀ ਪਬਲਿਕ ਸਕੂਲ ਦੀ ਬੱਸ ਜੋ ਕਿ ਮੇਰੇ ਘਰ ਦੇ ਲਾਗੇ ਅਜੀਤ ਨਗਰ ਵਿੱਚ ਆਉਂਦੀ ਹੈ, ਵਿਚ ਜਬਰਦਸਤ ਹਾਰਨ ਹੈ ਕਿ ਕੰਨ ਪਾਟ ਸਕਦੇ ਹਨ। ਇਸ ਲਈ ਸਕੂਲੀ ਬੱਸਾਂ ਨੂੰ ਹਦਾਇਤ ਕੀਤੀ ਜਾਵੇ ਕਿ ਹਾਰਨ ਮਾਰਨ ਦੀ ਥਾਂ 'ਤੇ ਬੱਚਿਆਂ ਦੇ ਘਰਾਂ ਦੀਆਂ ਘੰਟੀਆਂ ਖੜਕਾਇਆ ਕਰਨ। ਆਵਾਜ਼ ਪ੍ਰਦੂਸ਼ਣ ਵਿਰੁੱਧ ਸਾਰਾ ਸੰਸਾਰ ਜੂਝ ਰਿਹਾ ਹੈ ਪਰ ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਵੀ ਸੁੱਤੀਆਂ ਹੋਈਆਂ ਹਨ ਤੇ ਹੁਣ ਦੀ ਸਰਕਾਰ ਵੀ ਸੁੱਤੀ ਹੋਈ ਹੈ।

ਟਰੈਫਿਕ ਨਾਲ ਜੁੜੇ ਸਰਕਾਰੀ ਕਰਮਚਾਰੀ ਤਨਖਾਹ ਤਾਂ ਪੂਰੀਆਂ ਲੈਂਦੇ ਹਨ ਪਰ ਬਣਦੀ ਪੂਰੀ ਡਿਊਟੀ ਨਹੀਂ ਕਰਦੇ। ਵਿਦੇਸ਼ਾਂ ਵਿੱਚ ਹਾਰਨ ਮਾਰਨਾ ਗਾਲ ਗਿਣੀ ਜਾਂਦੀ ਹੈ। ਸਾਡੇ ਸ਼ੌਂਕ ਨਾਲ ਹੀ ਬੇਲੋੜੇ ਹਾਰਨ ਮਾਰੀ ਜਾਂਦੇ ਹਨ। ਇਹ ਪ੍ਰੈਸ਼ਰ ਹਾਰਨ ਰਾਤ ਨੂੰ ਸੌਣ ਨਹੀਂ ਦੇਂਦੇ।

ਰਿਹਾਇਸ਼ੀ ਆਬਾਦੀਆਂ ਤੇ ਹਸਪਤਾਲਾਂ ਨੇੜੇ ਹਾਰਨ ਮਾਰਨ ਦੀ ਮਨਾਹੀ ਹੈ। ਪਰ ਇਸ 'ਤੇ ਕੋਈ ਅਮਲ ਨਹੀਂ ਕਰਦਾ।ਮੰਚ ਵੱਲੋਂ 16 ਦਸੰਬਰ 2018 ਨੂੰ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਤੇ 4 ਮਈ 2022 ਨੂੰ ਮੌਜੂਦਾ ਮੁੱਖ ਮੰਤਰੀ, ਟਰਾਂਸ਼ਸਪੋਰਟ ਮੰਤਰੀ ਤੇ ਡਿਪਟੀ ਕਮਿਸ਼ਨਰ ਨੂੰ ਇਸ ਮਸਲੇ ਸਬੰਧੀ ਨੂੰ ਪੱਤਰ ਲਿਖਿਆ ਸੀ ਜਿਸਦਾ ਅਜੇ ਤੀਕ ਕੋਈ ਜੁਆਬ ਨਹੀਂ ਆਇਆ ਅਤੇ ਨਾ ਹੀ ਇਨ੍ਹਾਂ ਸਾਡੇ ਪੱਤਰ 'ਤੇ ਕੋਈ ਕਾਰਵਾਈ ਕੀਤੀ ਹੈ। ਮੰਚ ਆਗੂਆਂ ਨੇ ਹੱਥ ਜੋੜ ਕੇ ਪੰਜਾਬ ਦੇ ਸਿਆਸਤਦਾਨਾਂ ਤੇ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਬੇਨਤੀ ਕੀਤੀ ਹੈ ਜਨਤਾ 'ਤੇ ਰਹਿਮ ਕਰੋ, ਬਣਦੀ ਡਿਊਟੀ ਨਿਭਾਉ ਜਿਵੇਂ ਚੰਡੀਗੜ੍ਹ ਦੇ ਅਧਿਕਾਰੀ ਨਿਭਾਅ ਰਹੇ ਹਨ। ਜੇ ਚੰਡੀਗੜ ਵਿਚ ਪ੍ਰੈਸ਼ਰ ਹਾਰਨ ਬੰਦ ਹੋ ਸਕਦੇ ਤਾਂ ਪੰਜਾਬ ਵਿਚ ਕਿਉਂ ਨਹੀਂ? ਲੋੜ ਇਛਾ ਸ਼ਕਤੀ ਦੀ ਹੈ। ਆਸ ਕਰਦੇ ਹਨ ਮੌਜੂਦਾ ਵਿਧਾਇਕ ਜੋ ਕਿ ਬਹੁਤ ਸੂਝਵਾਨ ਹਨ ਸਾਡੀਆਂ ਬੇਨਤੀਆਂ ਨੂੰ ਜਰੂਰ ਪ੍ਰਵਾਨ ਕਰਨਗੇ ਤੇ ਇਨ੍ਹਾਂ ਨੂੰ ਰੋਕਣ ਲਈ ਸੜਕਾਂ 'ਤੇ ਆਉਣਗੇ।

# ਭਾਰਤ ਨਾਲ ਸਾਡੇ ਸਬੰਧਾਂ 'ਚ ਅਮਰੀਕਾ ਦਖ਼ਲ ਨਾ ਦੇਵੇ: ਚੀਨ ਦੀ ਚਿਤਾਵਨੀ

**ਵਾਸ਼ਿੰਗਟਨ–** ਚੀਨ ਨੇ ਅਮਰੀਕੀ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਭਾਰਤ ਨਾਲ ਉਸ ਦੇ ਸਬੰਧਾਂ ਵਿੱਚ ਦਖ਼ਲ ਨਾ ਦੇਵੇ। ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫਤਰ ਪੈਂਟਾਗਨ ਨੇ ਕਾਂਗਰਸ (ਸੰਸਦ) ਨੂੰ ਪੇਸ਼ ਕੀਤੀ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ। ਪੈਂਟਾਗਨ ਨੇ ਰਿਪੋਰਟ ਵਿਚ ਕਿਹਾ ਕਿ ਅਮਰੀਕਾ ਦੇ ਨਾਲ ਉਸ ਦੇ ਦੁਵੱਲੇ ਸਬੰਧਾਂ ਦੇ ਹੋਰ ਖੇਤਰਾਂ ਨੂੰ ਰੁਕਾਵਟ ਦੇ ਕਾਰਨ ਹੋਏ ਨੁਕਸਾਨ ਤੋਂ ਬਚਾਉਣਾ ਹੈ।

# ਮਹਾਰਾਸ਼ਟਰ ਰਾਜ ਮਹਿਲਾ ਕਮਿਸ਼ਨ ਵਲੋਂ ਰਾਮਦੇਵ ਦੇ ਬਿਆਨ ਦਾ ਗੰਭੀਰ ਨੋਟਿਸ



**ਮੁੰਬਈ–** ਯੋਗ ਗੁਰੂ ਬਾਬਾ ਰਾਮਦੇਵ ਨੇ ਔਰਤਾਂ ਨੂੰ ਲੈ ਕੇ ਵਿਵਾਦਿਤ ਬਿਆਨ ਦਿੱਤਾ ਹੈ। ਠਾਣੇ ਵਿਚ ਬੀਤੇ ਦਿਨੀਂ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਪਤਨੀ ਅੰਮ੍ਰਿਤਾ ਫੜਨਵੀਸ ਅਤੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੇ ਬੇਟੇ ਅਤੇ ਸੰਸਦ ਮੈਂਬਰ ਸ੍ਰੀਕਾਂਤ ਸ਼ਿੰਦੇ ਦੀ ਮੌਜੂਦਗੀ ਵਿਚ ਇਕ ਸਮਾਗਮ ਵਿਚ ਬਾਬਾ ਨੇ ਕਿਹਾ ਕਿ ਔਰਤਾਂ ਸਾੜ੍ਹੀਆਂ ਵਿਚ ਚੰਗੀਆਂ ਲੱਗ-ਦੀਆਂ ਹਨ। ਸਲਵਾਰ ਸੂਟ ਵਿਚ ਵੀ ਅਤੇ ਮੇਰੀ ਨਜ਼ਰ ਵਿਚ ਭਾਵੇਂ ਉਹ ਕੁਝ ਵੀ ਨਹੀਂ ਪਹਿਨਦੀਆਂ ਹਨ ਤਾਂ ਵੀ ਚੰਗੀਆਂ ਲੱਗਦੀਆਂ ਹਨ। ਰਾਮਦੇਵ ਦੀ ਟਿੱਪਣੀ ਵਿਰੁੱਧ ਕਮਿਸ਼ਨ ਨੂੰ ਸ਼ਿਕਾਇਤ ਮਿਲੀ ਹੈ, ਜੋ ਅਸ਼ਲੀਲ ਸੀ, ਜੋ ਔਰਤਾਂ ਦੇ ਮਾਣ ਅਤੇ ਸਨਮਾਨ ਨੂੰ ਨੁਕਸਾਨ ਪਹੁੰਚਾਉਂਦੀ ਹੈ। ਮਹਾਰ-ਾਸ਼ਟਰ ਰਾਜ ਮਹਿਲਾ ਕਮਿਸ਼ਨ ਨੇ ਯੋਗ ਗੁਰੂ ਦੇ ਬਿਆਨ ਦਾ ਗੰਭੀਰ ਨੋਟਿਸ ਲੈਂਦਿਆਂ ਰਾਮਦੇਵ ਨੂੰ ਨੋਟਿਸ ਭੇਜ ਕੇ ਤਿੰਨ ਦਿਨਾਂ ਦੇ ਅੰਦਰ ਆਪਣਾ ਪੱਖ ਸਪੱਸ਼ਟ ਕਰਨ ਲਈ ਕਿਹਾ ਹੈ।

## ਨਿਊਜ਼ੀਲੈਂਡ ਸਿੱਖ ਖੇਡਾਂ-2022 ਦੀ ਹੋਈ ਸ਼ੁਰੂਆਤ

# ਨਿੱਖਰੇ-ਨਿੱਖਰੇ ਮਾਹੌਲ ਵਿਚ ਹੋਈਆਂ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਅਤੇ ਲੱਗੀ ਵੱਡੀ ਸਭਿਆਚਾਰਕ ਸਟੇਜ







**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਕਰੋਨਾ ਕਾਲ ਕਾਰਨ ਨਿਊਜ਼ੀਲੈਂਡ ਸਿੱਖ ਖੇਡਾਂ 2021 ਦਾ ਆਯੋਜਨ ਹੋਣੋ ਰਹਿ ਗਿਆ ਸੀ ਜਿਸ ਕਰਕੇ ਇਸ ਵਾਰ ਤੀਜੀਆਂ ਅਤੇ ਚੌਥੀਆਂ ਦੋ ਦਿਨਾਂ ਨਿਊਜ਼ੀਲੈਂਡ ਸਿੱਖ ਖੇਡਾਂ ਦਾ ਆਯੋਜਨ ਅੱਜੇ ਨਿੱਖਰੇ-ਨਿਖਰੇ ਮਾਹੌਲ ਦੇ ਵਿਚ ਅਰਦਾਸ ਕਰਕੇ ਕੀਤਾ ਗਿਆ। ਅੱਜ ਪਹਿਲਾ ਦਿਨ ਸੀ ਅਤੇ ਸਾਰਾ ਦਿਨ ਵੱਖ-ਵੱਖ ਖੇਡਾਂ ਹੋਈਆਂ। ਜਿਸ ਵਿਚ ਬਾਸਕਟਬਾਲ, ਵਾਲੀਵਾਰ, ਕ੍ਰਿਕਟ, ਫੁੱਟਬਾਲ, ਹਾਕੀ, ਗੌਲਫ, ਬੈਡਮਿੰਟਨ, ਰਗਬੀ, ਕਬੱਡੀ ਅਤੇ ਹੋਰ ਖੇਡਾਂ ਖੇਡੀਆਂ ਗਈਆਂ। ਇਨ੍ਹਾਂ ਖੇਡਾਂ ਦਾ ਰਸਮੀ ਉਦਘਾਟਨ ਹਲਕਾ ਪਾਪਾਕੁਰਾ ਦੀ ਮੈਂਬਰ ਪਾਰਲੀਮੈਂਟ ਜੂਠਿਥ ਕੌਲਿਨ ਨੇ ਰੀਬਨ ਕੱਟ ਕੇ ਕੀਤਾ। ਉਨ੍ਹਾਂ ਦੇ ਨਾਲ ਨੈਸ਼ਨਲ ਪਾਰਟੀ ਦੇ ਨੇਤਾ ਕ੍ਰਿਸ ਲਕਸ਼ਨ, ਸਾਂਸਦ ਮਲੀਸ਼ਾ ਲੀਅ, ਸਾਬਕਾ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ, ਸਾਂਸਦ ਮਾਈਕਲ ਮਿਚਲ, ਔਕਲੈਂਡ ਦੇ ਆਨਰੇਰੀ ਭਾਰਤੀ ਕੌਂਸਿਲ ਸ੍ਰੀ ਭਵ ਢਿੱਲੋਂ, ਟਾਕਾਨੀਨੀ ਦੇ ਸਾਂਸਜ ਡਾ. ਨੀਰੂ ਲੇਵਾਸਾ ਖਾਸ ਤੌਰ ਉਤੇ ਪਹੁੰਚੇ। ਉਨ੍ਹਾਂ ਦਾ ਸਵਾਗਤ ਕਰਨ ਵੇਲੇ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਟੀਮ ਤੋਂ ਸ. ਗੁਰਵਿੰਦਰ ਸਿੰਘ ਔਲਖ, ਸ. ਦਲਜੀਤ ਸਿੰਘ ਸਿੱਧੂ, ਗੁਰਜਿੰਦਰ ਸਿੰਘ ਘੁੰਮਣ, ਇੰਦਰਜੀਤ ਕਾਲਕਟ, ਸ. ਤਾਰਾ ਸਿੰਘ ਬੈਂਸ, ਸੁਰਿੰਦਰ ਸਿੰਘ ਢੀਂਡਸਾ, ਸ. ਦਲਬੀਰ ਸਿੰਘ ਲਸਾੜਾ ਸਮੇਤ ਹੋਰ ਬਹੁਤ ਸਾਰੇ ਪ੍ਰਬੰਧਕ ਪਹੁੰਚੇ। ਇਸ ਉਪਰੰਤ ਸਾਰੀਆਂ ਟੀਮਾਂ ਨੇ ਮਾਰਚ ਪਾਸਟ ਕੀਤਾ, ਜਿਸ ਦੇ ਵਿਚ ਸਥਾਨਿਕ ਖੇਡ ਕਲੱਬਾਂ ਤੋਂ ਇਲਾਵਾ ਆਸਟਰੇਲੀਆ ਤੋਂ ਆਈਆਂ ਟੀਮਾਂ ਨੇ ਹਿੱਸਾ ਲਿਆ। ਗਤਕਾ ਟੀਮ ਨੇ ਸਿੱਖ ਮਾਰਸ਼ਲ ਆਰਟ ਦਾ ਪ੍ਰਦਰਸ਼ਨ ਕੀਤਾ। ਬੈਡਮਿੰਟਨ ਦੇ ਫਾਈਨਲ ਮੈਚ ਅੱਜ ਹੋ ਗਏ ਅਤੇ ਇਨਾਮ ਵੰਡੇ ਗਏ।



ਸ਼ਾਮ ਦੀ ਸਭਿਆਚਾਰਕ ਸਟੇਜ ਦੇ ਵਿਚ ਅੰਤਰਾਸ਼ਟਰੀ ਗਾਇਕਾਂ ਦੇ ਵਿਚ ਗਾਇਕ ਹਰਮਿੰਦਰ ਨੂਰਪੁਰੀ, ਦੇਬੀ ਮਖਸੂਸਪੁਰੀ ਅਤੇ ਸਰਬਜੀਤ ਚੀਮਾ ਨੇ ਖੂਬ ਰੌਣਕਾਂ ਬੰਨ੍ਹੀਆਂ। ਖੁੱਲ੍ਹੇ ਖੇਡ ਮੈਦਾਨ ਦੇ ਵਿਚ ਸਜੇ ਇਸ ਸਭਿਆਚਾਰਕ ਮੇਲੇ ਦਾ ਆਨੰਦ ਹੀ ਵੱਖਰਾ ਸੀ। ਇਸ ਤੋਂ ਪਹਿਲਾਂ ਸਾਰਾ ਦਿਨ ਸਟੇਜ ਉਤੇ ਵੱਖ-ਵੱਖ ਟੀਮਾਂ ਨੇ ਗਿੱਧੇ ਅਤੇ ਭੰਗੜੇ ਨਾਲ ਧਮਾਲ ਪਾਈ ਰੱਖੀ।

## ਪੁਨਰਜੋਤ ਨੂੰ ਦਾਨ ਵਿੱਚ ਮਿਲੀਆਂ ਦੋ ਅੱਖਾਂ ਨਾਲ ਬਰੇਲੀ ਦਾ ਨੌਜਵਾਨ ਅਤੇ ਹੁਸ਼ਿਆਰਪੁਰ ਦੀ ਮਾਤਾ ਦੇਖੇਗੀ ਦੁਨੀਆਂ - ਅਸ਼ੋਕ ਮਹਿਰਾ

### ਪੁਨਰਜੋਤ ਸੰਸਥਾ ਦੀ ਸੇਵਾ ਨੂੰ ਸਲਾਮ - ਲਹਿੰਬਰ ਹੁਸੈਨਪੁਰੀ

**ਫਗਵਾੜਾ 26 ਨਵੰਬਰ (ਬੀ.ਕੇ. ਰੱਤੂ)** ਪੁਨਰਜੋਤ ਦੇ ਸਟੇਟ ਅਤੇ ਅੰਤਰ ਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਅਤੇ ਬਾਲੀਵੁੱਡ ਦੀਆਂ ਕਈ ਫਿਲਮਾਂ ਨੂੰ ਆਪਣੀ ਅਵਾਜ਼ ਅਤੇ ਕਈ ਹਿੱਟ ਗੀਤ ਦੇ ਚੁੱਕੇ ਗਾਇਕ ਲਹਿੰਬਰ ਹੁਸੈਨਪੁਰੀ ਨੇ ਪੁਨਰਜੋਤ ਆਈ ਬੈਂਕ ਵਿੱਚ ਅੱਖਾਂ ਦੇ ਮਰੀਜ਼ਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਪੁਨਰਜੋਤ ਨੂੰ ਦਾਨ ਵਿੱਚ ਮਿਲੀਆਂ ਦੋ ਅੱਖਾਂ



ਨਾਲ ਬਰੇਲੀ (ਯੂ.ਪੀ.) ਦੇ ਇੱਕ ਨੌਜਵਾਨ ਅਤੇ ਹੁਸ਼ਿਆਰਪੁਰ ਦੀ ਇੱਕ ਮਾਤਾ ਦਾ ਡਾਕਟਰ ਰਮੇਸ਼ ਜੀ ਦੇ ਹਸਪਤਾਲ ਵਿੱਚ ਕੋਰਨੀਅਲ ਟਰਾਂਸਪਲਾਂਟ ਕੀਤਾ ਗਿਆ ਸੀ।ਲਹਿੰਬਰ ਹੁਸੈਨਪੁਰੀ ਅਤੇ ਉਹਨਾਂ ਦੇ ਨਾਲ ਪੁਰਤਗਾਲ ਤੋਂ ਆਏ ਗਾਇਕ ਅਵਤਾਰ ਸਫਰੀ (ਯੂ. ਕੇ ਦੇ ਮਸ਼ਹੂਰ ਗਾਇਕ ਸਵ-ਗਰਵਾਸੀ ਬਲਵਿੰਦਰ ਸਫਰੀ ਦੇ ਛੋਟੇ ਭਰਾ) ਕੋਰਨੀਅਲ ਟਰਾਂਸਪਲਾਂਟ ਵਾਲੇ ਮਰੀਜ਼ਾਂ ਨੂੰ ਮਿਲ ਕੇ ਬਹੁਤ ਭਾਵੁਕ ਹੋ ਗਏ ਅਤੇ ਉਹਨਾਂ ਕਿਹਾ ਕਿਸੇ ਨੂੰ ਰੋਸ਼ਨੀ ਦਾ ਦਾਨ ਦੇਣਾ ਮਹਾਂ ਦਾਨ ਹੈ। ਅਸ਼ੋਕ ਮਹਿਰਾ ਜੀ ਨੇ ਦੱਸਿਆ ਕਿ ਅੰਗ ਦਾਨ ਕਰੋ ਗੀਤ ਵਿੱਚ ਦੁਨੀਆਂ ਦੇ ਕਈ ਮਹਾਨ ਕਲਾਕਾਰਾਂ ਵੱਲੋਂ ਮਾਨਵਤਾ ਦੀ ਸੇਵਾ ਲਈ ਬਿਨਾ ਕੋਈ ਪੈਸਾ ਲਏ ਗੀਤ ਗਾ ਕੇ ਅੰਗਦਾਨ ਦਾ ਸੁਨੇਹਾ ਘਰ ਘਰ ਪਹੁੰਚਾਉਣ ਦੀ ਸੇਵਾ ਕੀਤੀ ਗਈ ਸੀ। ਉਸ ਗੀਤ ਵਿੱਚ ਸਾਰੇ ਕਲਾਕਾਰਾਂ ਨੂੰ ਇਕੱਠੇ ਗਾਉਣ ਲਈ ਅੰਗਦਾਨੀ ਅਨੀਤਾ ਸੰਧੂ ਯੂ.ਕੇ. ਨਾਲ ਲਹਿੰਬਰ ਹੁਸੈਨਪੁਰੀ ਦਾ ਵੱਡਾ ਯੋਗਦਾਨ ਰਿਹਾ ਸੀ। ਲਹਿੰਬਰ ਜੀ ਅਤੇ ਅਵਤਾਰ ਸਫਰੀ ਜੀ ਨੇ ਪੁਨਰਜੋਤ ਨਾਲ ਵਾਅਦਾ ਕਰਦਿਆਂ ਕਿਹਾ ਕਿ ਉਹ ਅੰਗ ਦਾਨ ਦੀ ਇਸ ਮੁਹਿੰਮ ਵਿੱਚ ਆਪਣੀ ਗਾਇਕੀ ਅਤੇ ਸਟੇਜਾਂ ਦੇ ਰਾਂਹੀ ਜਾਗਰੂਕਤਾ ਸੁਨੇਹਾ ਦਿੰਦੇ ਰਹਿਣਗੇ। ਡਾਕਟਰ ਰਮੇਸ਼ ਜੀ ਵੱਲੋਂ ਦੋਵੇਂ ਕਲਾਕਾਰਾਂ ਨੂੰ ਅਸ਼ੋਕ ਮਹਿਰਾ ਜੀ ਦੀ ਤ੍ਰੈਭਾਸ਼ੀ ਕਿਤਾਬ ਦੁਆਵਾਂ ਦਾ ਦਰਿਆ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੁਨਰਜੋਤ ਦੇ ਆਈ ਬੈਂਕ ਕੋਆਰਡੀਨੇਟਰ ਰਛਪਾਲ ਸਿੰਘ, ਸੁਖਚੈਨ ਸਿੰਘ ਅਤੇ ਸੁਖਪਾਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਵਿਖੇ ਸੰਵਿਧਾਨ ਦਿਵਸ ਮਨਾਇਆ ਗਿਆ

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)–** ਗੁਰੂ ਨਾਨਕ ਦੇਵ ਯੂ-ਨੀਵਰਸਿਟੀ ਕਾਲਜ, ਫਿਲੌਰ ਵਿਖੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਹੁਰਾਂ ਦੀ ਅਗਵਾਈ ਵਿੱਚ ਰਾਜਨੀਤੀ ਵਿਭਾਗ ਅਧੀਨ ਪ੍ਰੋ. ਬਬਿਤਾ ਕੁਮਾਰੀ ਦੇ ਮੰਚ ਸੰਚਾਲਨ ਹੇਠ ਰਾਸ਼ਟਰੀ ਸੰਵਿਧਾਨ ਦਿਹਾੜਾ ਮਨਾਇਆ ਗਿਆ। ਇਸ ਇਕ ਰੋਜਾ ਵਿਸ਼ੇਸ ਸਮਾਗਮ ਵਿੱਚ ਐਡਵੋਕੇਟ ਸੰਜੀਵ ਕੁਮਾਰ ਭੌਰਾ ਮੁੱਖ ਵਕਤਾ ਵਜੋਂ ਹਾਜ਼ਰ ਹੋਏ। ਉਨ੍ਹਾਂ ਭਾਰਤੀ ਸੰਵਿਧਾਨ ਦੇ ਮਹੱਤਵ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਸੰਵਿਧਾਨ ਹੈ। ਜੋ ਆਪਣੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਪ੍ਰਦਾਨ ਕਰਦਾ ਹੈ। ਹਰ ਜਾਤ, ਕੌਮ ਅਤੇ ਕਬੀਲੇ ਨੂੰ ਸਮਾਨਤਾ ਦੀ ਨਜ਼ਰ ਨਾਲ ਵੇਖਣ ਨੂੰ ਤਰਜੀਹ ਦਿੰਦਾ ਹੈ। ਇਸ ਮੌਕੇ ਐਡਵੋਕੇਟ ਭੌਰਾ ਹੁਰਾਂ ਡਰਾਫਟਿੰਗ ਕਮੇਟੀ, ਉਸਦੀਆਂ ਮੀਟਿੰਗਾਂ ਤੇ ਸੰਵਿਧਾਨ ਸੰਬੰਧੀ ਹੋਏ ਭਾਸ਼ਣਾ ਬਾਰੇ ਵੀ ਖੁੱਲ੍ਹੀ ਚਰਚਾ ਕੀਤੀ।



ਇਸ ਮੌਕੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਹੁਰਾਂ ਆਏ ਮੁੱਖ ਵਕਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਡਵੋਕੇਟ ਸੰਜੀਵ ਕੁਮਾਰ ਭੌਰਾ ਹੁਰਾਂ ਬਾਖੂਬੀ ਆਪਣੇ ਵਿਚਾਰ ਸਾਂਝੇ ਕੀਤੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਆਪਣੇ ਸੰਵਿਧਾਨ ਪ੍ਰਤੀ ਚੇਤਨ ਹੋਣਾ ਚਾਹੀਦਾ ਹੈ ਕਿਉਂਕਿ ਵਿਦਿਆਰਥੀ ਹੀ ਦੇਸ਼ ਦਾ ਅਸਲ ਸਰਮਾਇਆ ਹੁੰਦੇ ਹਨ। ਵਿਦਿਆਰਥੀਆਂ ਨੂੰ ਸੰਵਿਧਾਨ ਦਾ ਵਿਹਾਰਕ ਪੱਖ ਤੋਂ ਖਿਆਲ ਕਰਨਾ ਅਤਿ ਜਰੂਰੀ ਹੈ ਤਾਂ ਜੋ ਸੰਵਿਧਾਨ ਦੀ ਮਰਿਆਦਾ ਬਣਾ ਕੇ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ 'ਏਕ ਭਾਰਤ ਸਰੇਸ਼ਟ ਭਾਰਤ' ਦਾ ਅਸਲ ਮਕਸਦ ਅਨੇਕਤਾ ਵਿੱਚ ਏਕਤਾ ਨੂੰ ਪ੍ਰਨਾਏ ਹੋਣਾ ਹੈ। ਸਾਨੂੰ ਲੋਕਤੰਤਰੀ ਪ੍ਰਣਾਲੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵਿਦੇਸ਼ਾਂ ਵੱਲ ਭੱਜਣ ਦੀ ਬਜਾਇ ਦੇਸ਼ ਦੇ ਤੰਤਰ ਨੂੰ ਮਜਬੂਤ ਕਰਨ ਵਿੱਚ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਉਪਰੰਤ ਵਿਦਿਆਰਥੀਆਂ ਨੇ ਆਏ ਮੁੱਖ ਵਕਤੇ ਨਾਲ ਵਿਚਾਰ ਚਰਚਾ ਕਰਕੇ ਆਪਣੇ ਸ਼ੰਕੇ ਦੂਰ ਕੀਤੇ। ਆਖਰ ਵਿਚ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਹੁਰਾਂ ਆਏ ਮੁੱਖ ਮਹਿਮਾਨ ਐਡਵੋਕੇਟ ਸੰਜੀਵ ਕੁਮਾਰ ਭੌਰਾ ਹੁਰਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਰਹੇ।

## ਮਾਨ ਨੇ ਮੁੱਹਲਾ ਕੌਲਸਰ ਦੇ ਅਧੂਰੇ ਵਿਕਾਸ ਕਾਰਜਾਂ ਦਾ ਲਿਆ ਜਾਇਜਾ

### ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਜਲਦੀ ਤੇ ਢੁਕਵਾਂ ਹੱਲ ਕਰਵਾਉਣ ਦਾ ਦਿੱਤਾ ਭਰੋਸਾ




**ਫਗਵਾੜਾ 25 ਨਵੰਬਰ (ਬੀ.ਕੇ.ਰੱਤੂ)–** ਆਮ ਆਦਮੀ ਪਾਰਟੀ ਵਲੋਂ ਨਗਰ ਨਿਗਮ ਫਗਵਾੜਾ ਦੇ ਸਹਿਯੋਗ ਨਾਲ ਸ਼ੁਰੂ ਕੀਤੀ 'ਮੇਰਾ ਸ਼ਹਿਰ ਮੇਰਾ ਮਾਣ' ਮੁਹਿਮ ਤਹਿਤ ਆਪ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਸ਼ਹਿਰ ਦੇ ਮੁਹੱਲਾ ਕੌਲਸਰ ਖੋਥੜਾਂ ਰੋਡ ਫਗਵਾੜਾ 'ਚ ਵਾਰਡ ਦੇ ਅਧੂਰੇ ਪਏ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਰੁਕੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਹਨਾਂ ਵਾਰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਿਆ ਅਤੇ ਹਰ ਸਮੱਸਿਆ ਦਾ ਜਲਦੀ ਤੇ ਢੁਕਵਾਂ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਜੋਗਿੰਦਰ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਟੀਚਾ ਸੂਬੇ ਦਾ ਸਰਬ ਪੱਖੀ ਵਿਕਾਸ ਕਰਵਾਉਣਾ ਹੈ। ਪਿੰਡਾਂ ਤੇ ਸ਼ਹਿਰਾਂ 'ਚ ਵਾਰਡ ਪੱਧਰ ਤੇ ਅਧੂਰੇ ਪਏ ਵਿਕਾਸ ਦਾ ਜਾਇਜਾ ਲੈ ਕੇ ਕੰਮ ਸ਼ੁਰੂ ਕਰਵਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਸ਼ਹਿਰ ਦੇ ਹਰ ਵਾਰਡ ਦਾ ਸਮੁੱਚਾ ਵਿਕਾਸ ਬਿਨਾਂ ਕਿਸੇ ਪੱਖਪਾਤ ਤੋਂ ਕਰਵਾਇਆ ਜਾਵੇਗਾ। ਇਸ ਮੌਕੇ ਰਾਜਾ ਕੋਲਸਰ, ਫ਼ਕੀਰ ਚੰਦ, ਕੁਲਵਿੰਦਰ ਚੱਠਾ, ਭਾਗ ਮੱਲ ਸਾਬਕਾ ਸਰਪੰਚ, ਚਮਨ ਲਾਲ, ਨਿਰਮਲ ਸਿੰਘ ਤੋਂ ਇਲਾਵਾ ਕਾਰ-ਪੋਰੇਸ਼ਨ ਫਗਵਾੜਾ ਦੇ ਅਧਿਕਾਰੀਆਂ 'ਚ ਸ਼ਾਮ ਲਾਲ ਗੁਪਤਾ ਐਸ.ਈ, ਰਵਿੰਦਰ ਸਿੰਘ ਕਲਸੀ ਐਸ ਡੀ ਓ, ਕੰਵਰਪਾਲ ਸਿੰਘ ਜੇ.ਈ, ਰਾਜੇਸ਼ ਪੱਬੀ, ਦਵਿੰਦਰ ਪਾਲ ਜੇ.ਈ, ਰਾਕੇਸ਼ ਕੁਮਾਰ ਜੇ.ਈ ਆਦਿ ਹਾਜਰ ਸਨ।

# ਭਾਰਤੀ ਮੁਸਲਿਮ ਮਹਿਲਾ ਬਣੀ 'ਨਿਊਰੋਸਰਜਨ'

**ਨਵੀਂ ਦਿੱਲੀ–** ਮੁਸਲਿਮ ਭਾਈਚਾਰੇ ਦੀ ਪਹਿਲੀ ਮਹਿਲਾ ਨਿਊਰੋਸਰਜਨ ਡਾਕਟਰ ਮਰੀਅਮ ਅਫੀਫਾ ਦਾ ਹਮੇਸ਼ਾ ਡਾਕਟਰ ਬਣਨ ਦਾ ਸੁਫ਼ਨਾ ਸੀ ਅਤੇ ਉਸ ਦਾ ਇਹ ਸੁਫਨਾ ਉਦੋਂ ਸਾਕਾਰ ਹੋ ਗਿਆ, ਜਦੋਂ ਉਸ ਨੇ 2020 'ਚ ਆਲ ਇੰਡੀਆ ਨੀਟ ਪ੍ਰੀਖਿਆ 'ਚ 137ਵਾਂ ਰੈਂਕ ਹਾਸਲ ਕੀਤਾ। ਮਰੀਅਮ ਦੀ ਮਾਂ ਸਿੰਗਲ ਮਦਰ ਅਤੇ ਟੀਚਰ ਹੈ। ਡਾਕਟਰ ਮਰੀਅਮ ਅਫੀਫਾ ਅੰਸਾਰੀ ਭਾਰਤ ਵਿਚ ਨੌਜਵਾਨ ਪੀੜ੍ਹੀ ਖ਼ਾਸ ਕਰ ਕੇ ਕੁੜੀਆਂ ਲਈ ਇਕ ਪ੍ਰੇਰਨਾ ਸਰੋਤ ਹੈ।



ਸਮਾਜ ਦੀ ਸੇਵਾ ਕਰਨ ਦੀ ਕਰਾਂਗੀ ਕੋਸ਼ਿਸ਼: ਅਫੀਫਾ ਮਰੀਅਮ ਨੇ ਕਿਹਾ ਕਿ ਹੁਣ ਮੈਂ ਮਿਸ ਆਫੀਫਾ ਤੋਂ ਡਾਕਟਰ ਆਫੀਫਾ ਬਣ ਗਈ ਹਾਂ ਅਤੇ ਸਫੈਦ ਕੋਟ ਪਹਿਨਣ ਅਤੇ ਸਟੈਥੋਸਕੋਪ ਨਾਲ ਮਰੀਜ਼ਾਂ ਦੀ ਜਾਂਚ ਕਰਨ ਦਾ ਮੇਰਾ ਸੁਫ਼ਨਾ ਸਾਕਾਰ ਹੋ ਗਿਆ ਹੈ। ਉਸ ਨੇ ਕਿਹਾ ਕਿ ਮੇਰੀ ਸਫ਼ਲਤਾ ਅੱਲ੍ਹਾ ਦੀ ਦੇਣ ਹੈ। ਉਹ ਆਖਦੀ ਹੈ ਕਿ ਮੈਂ ਆਪਣੇ ਪੇਸ਼ੇ ਨਾਲ ਸਮਾਜ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਾਂਗੀ। ਮੈਂ ਮੁਸਲਿਮ ਭਾਈਚਾਰੇ ਦੀਆਂ ਕੁੜੀਆਂ ਨੂੰ ਸੰਦੇਸ਼ ਦੇਣਾ ਚਾਹੁੰਦੀ ਹਾਂ ਕਿ ਕਦੇ ਹਾਰ ਨਾ ਮੰਨੋ। ਲੋਕ ਕੀ ਕਹਿਣਗੇ, ਇਸ 'ਤੇ ਗੌਰ ਨਾ ਕਰੋ। ਆਪਣੇ ਆਪ ਨੂੰ ਸਖ਼ਤ ਮਿਹਨਤ ਅਤੇ ਲਗਨ ਨਾਲ ਸਾਬਤ ਕਰੋ।

**ਕੌਣ ਹੈ ਮਰੀਅਮ?**

ਮਰੀਅਮ ਨੇ ਆਪਣੀ ਮੁੱਢਲੀ ਸਿੱਖਿਆ ਮਾਲੇਗਾਓਂ ਦੇ ਇਕ ਉਰਦੂ ਮਾਧਿਅਮ ਸਕੂਲ ਤੋਂ ਲਈ। ਇਸ ਤੋਂ ਬਾਅਦ ਉਹ ਹੈਦਰਾਬਾਦ ਆ ਗਈ। ਹੈਦਰਾਬਾਦ 'ਚ ਉਸ ਨੇ ਰਾਜਕੁਮਾਰੀ ਦੁਰਸ਼ੇਵਰ ਗਰਲਜ਼ ਹਾਈ ਸਕੂਲ 'ਚ 10ਵੀਂ ਤੱਕ ਦੀ ਪੜ੍ਹਾਈ ਕੀਤੀ। ਮਰੀਅਮ ਨੇ ਐਮ.ਬੀ.ਬੀ.ਐਸ. ਓਸਮਾਨੀਆ ਮੈਡੀਕਲ ਕਾਲਜ ਤੋਂ ਕੀਤੀ ਅਤੇ ਉਸ ਤੋਂ ਬਾਅਦ ਉਸੇ ਕਾਲਜ ਤੋਂ ਜਨਰਲ ਸਰਜਰੀ 'ਚ ਮਾਸਟਰ ਡਿਗਰੀ ਪ੍ਰਾਪਤ ਕੀਤੀ।

**ਸਖ਼ਤ ਮਿਹਨਤ ਨਾਲ ਮੁਕਾਮ ਕੀਤਾ ਹਾਸਲ**

2017 ਵਿਚ ਆਪਣਾ ਕੋਰਸ ਪੂਰਾ ਕਰਨ ਤੋਂ ਬਾਅਦ ਉਸ ਨੇ ਉਸੇ ਕਾਲਜ ਵਿਚ ਜਨਰਲ ਸਰਜਰੀ ਦੇ ਮਾਸਟਰ ਕੋਰਸ ਲਈ ਮੁਫਤ ਦਾਖਲਾ ਲੈਣ ਵਿਚ ਸਫ਼ਲ ਹੋ ਗਈ। 2019 'ਚ ਉਸ ਨੇ ਆਪਣੀ ਪੋਸਟ ਗ੍ਰੈਜੂਏਟ ਡਿਗਰੀ, ਰਾਇਲ ਕਾਲਜ ਆਫ਼ ਸਰਜਨ, ਇੰਗਲੈਂਡ ਤੋਂ ਐਮ.ਆਰ.ਸੀ.ਐਸ. ਪੂਰੀ ਕੀਤੀ। 2020 'ਚ ਉਸ ਨੇ ਨੈਸ਼ਨਲ ਬੋਰਡ ਦਾ ਡਿਪਲੋਮਾ ਕੋਰਸ ਕੀਤਾ। ਇਹ ਭਾਰਤ ਵਿਚ ਮਾਹਿਰ ਡਾਕਟਰਾਂ ਨੂੰ ਦਿੱਤੀ ਜਾਂਦੀ ਇਕ ਵਿਸ਼ੇਸ਼ ਪੋਸਟ ਗ੍ਰੈਜੂਏਟ ਡਿਗਰੀ ਹੈ। 2020 ਨੀਟ ਐਸ.ਐਸ. ਇਮਤਿਹਾਨ 'ਚ ਉੱਚ ਅੰਕ ਪ੍ਰਾਪਤ ਕਰਨ ਤੋਂ ਬਾਅਦ ਉਸ ਨੂੰ ਓਸਮਾਨੀਆ ਮੈਡੀਕਲ ਕਾਲਜ 'ਚ ਐਮ.ਸੀ.ਐਚ. 'ਚ ਮੁਫਤ ਦਾਖ਼ਲਾ ਦਿੱਤਾ ਗਿਆ।

# ਅਮਰੀਕੀ ਡਿਪਲੋਮੇਟਸ ਮਹਿਲਾਵਾਂ ਆਟੋ ਚਲਾ ਕੇ ਜਾਂਦੀਆਂ ਨੇ ਦਫ਼ਤਰ

**ਨਵੀਂ ਦਿੱਲੀ–** ਦਿੱਲੀ ਵਿਚ ਸਰਕਾਰ ਤੋਂ ਮਿਲੀਆਂ ਬੁਲੇਟ ਪਰੂਫ ਗੱਡੀਆਂ ਛੱਡ ਅਮਰੀਕੀ ਦੂਤਾਵਾਸ ਦੀਆਂ 4 ਮਹਿਲਾ ਅਧਿਕਾਰੀ ਆਟੋ ਚਲਾਕੇ ਦਫ਼ਤਰ ਜਾਂਦੀਆਂ ਹਨ। ਐਨ. ਐਲ. ਮੇਸਨ, ਰੂਥ ਹੋਲਮਬਰਗ, ਸ਼ਰੀਨਜੇ ਕਿਟਰਮੈਨ ਅਤੇ ਜੇਨੀਫਰ ਬਾਇਵਾਟਰਸ ਦਾ ਕਹਿਣਾ ਹੈ ਕਿ ਆਟੋ ਚਲਾਉਣਾ ਮਜ਼ੇਦਾਰ ਹੀ ਨਹੀਂ,



ਸਗੋਂ ਇਹ ਇਕ ਮਿਸਾਲ ਹੈ ਕਿ ਅਮਰੀਕੀ ਸੀਨੇਟਰ ਵੀ ਆਮ ਲੋਕਾਂ ਵਾਂਗ ਹੀ ਹਨ। ਗੱਲਬਾਤ ਵਿਚ ਐਨ. ਐਲ. ਮੇਸਨ ਨੇ ਕਿਹਾ ਕਿ ਮੈਂ ਕਦੇ ਵੀ ਕਲੱਚ ਵਾਲੀਆਂ ਗੱਡੀਆਂ ਨਹੀਂ ਚਲਾਈਆਂ। ਮੈਂ ਹਮੇਸ਼ਾ ਆਟੋਮੈਟਿਕ ਕਾਰ ਹੀ ਚਲਾਉਂਦੀ ਹਾਂ, ਪਰ ਭਾਰਤ ਆਕੇ ਆਟੋ ਚਲਾਉਣਾ ਇਕ ਨਵਾਂ ਤਜ਼ਰਬਾ ਸੀ। ਜਦੋਂ ਮੈਂ ਪਾਕਿਸਤਾਨ ਵਿਚ ਸੀ ਓਦੋਂ ਮੈਂ ਵੱਡੀ ਅਤੇ ਸ਼ਾਨਦਾਰ ਬੁਲੇਟ ਪਰੂਫ ਗੱਡੀ ਵਿਚ ਘੁੰਮਦੀ ਸੀ। ਉਸੇ ਰਾਹੀਂ ਦਫ਼ਤਰ ਜਾਂਦੀ ਸੀ, ਪਰ ਜਦੋਂ ਮੈਂ ਬਾਹਰ ਆਟੋ ਦੇਖਦੀ ਸੀ ਤਾਂ ਲਗਦਾ ਸੀ ਕਿ ਇਕ ਵਾਰ ਤਾਂ ਇਸਨੂੰ ਚਲਾਉਣਾ ਹੈ। ਇਸ ਲਈ ਜਿਵੇਂ ਹੀ ਭਾਰਤ ਆਈ ਤਾਂ ਇਕ ਆਟੋ ਖ਼ਰੀਦ ਲਿਆ। ਮੇਰੇ ਨਾਲ ਰੂਥ, ਸ਼ਰੀਨ ਅਤੇ ਜੇਨੀਫਰ ਨੇ ਵੀ ਆਟੋ ਖ਼ਰੀਦੇ।

ਮੇਸਨ ਨੇ ਕਿਹਾ ਕਿ ਮੈਨੂੰ ਮੇਰੀ ਮਾਂ ਤੋਂ ਪ੍ਰੇਰਣਾ ਮਿਲੀ। ਉਹ ਹਮੇਸ਼ਾ ਕੁਝ ਨਵਾਂ ਕਰਦੀ ਰਹਿੰਦੀ ਸੀ। ਉਨ੍ਹਾਂ ਨੇ ਮੈਨੂੰ ਹਮੇਸ਼ਾ ਚਾਂਸ ਲੈਣਾ ਸਿਖਾਇਆ. ਮੇਰੀ ਬੇਟੀ ਵੀ ਆਟੋ ਚਲਾਉਣਾ ਸਿੱਖ ਰਹੀ ਹੈ। ਮੈਂ ਆਟੋ ਦੀ ਪਰਸਨਲਾਈਜ ਕੀਤਾ ਹੈ। ਇਸ ਵਿਚ ਬਲੂਟੁੱਥ ਡਿਵਾਈਸ ਲਗਾ ਹੈ। ਇਸ ਵਿਚ ਟਾਈਗਰ ਪ੍ਰਿੰਟ ਵਾਲੇ ਪਰਦੇ ਵੀ ਲੱਗੇ ਹਨ।

# ਪੰਜਾਬ ਦੇ ਕੈਂਸਰ ਮਰੀਜ਼ਾਂ ਨੂੰ ਮਿਲਿਆ 13.54 ਕਰੋੜ ਰੁਪਏ ਦਾ ਮੁਫ਼ਤ ਇਲਾਜ- ਜੌੜਾਮਾਜਰਾ

**ਚੰਡੀਗੜ੍ਹ–**ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸੂਬੇ ਦੇ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਤਰਜੀਹ ਦਿ-ਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੈਂਸਰ ਦੇ ਮਰੀਜ਼ਾਂ ਨੂੰ 13.54 ਕਰੋੜ ਰੁਪਏ ਦੀਆਂ ਮੁਫ਼ਤ ਇਲਾਜ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ। ਉਹਨਾਂ ਦੱਸਿਆ ਕਿ 'ਮੁੱਖ ਮੰਤਰੀ ਕੈਂਸਰ ਰਾਹਤ ਕੋਸ਼' ਤਹਿਤ ਪੰਜਾਬ ਸਰਕਾਰ ਦੇ ਸੂਚੀਬੱਧ ਹਸਪਤਾਲਾਂ ਵਿੱਚ 1265 ਤੋਂ ਵੱਧ ਕੈਂਸਰ ਪੀੜਤਾਂ ਨੂੰ 13.54 ਕਰੋੜ ਰੁਪਏ ਦੀਆਂ ਮੁਫ਼ਤ ਇਲਾਜ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਿਹਤ ਅਧਿਕਾਰੀਆਂ ਨੂੰ ਸਰਕਾਰ ਦੀਆਂ ਸਿਹਤ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਤਾਂ ਜੋ ਆਮ ਲੋਕ ਅਜਿਹੇ ਉਪਰਾਲਿਆਂ ਦਾ ਵੱਧ ਤੋਂ ਵੱਧ ਲਾਹਾ ਲੈ ਸਕਣ।



ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਪੰਜਾਬ ਵਿੱਚ ਕੈਂਸਰ ਦਾ ਪ੍ਰਕੋਪ ਬਹੁਤ ਜ਼ਿਆਦਾ ਹੈ ਅਤੇ ਇਸ ਦੇ ਇਲਾਜ ਵਿੱਚ ਬਹੁਤ ਜ਼ਿਆਦਾ ਖਰਚਾ ਆਉਂਦਾ ਹੈ ਅਤੇ ਸਾਡੇ ਸਮਾਜ ਦੇ ਗਰੀਬ ਵਰਗ ਦੇ ਮਰੀਜ਼ ਇਹ ਇਲਾਜ ਕਰਵਾਉਣ ਦੇ ਸਮਰੱਥ ਨਹੀਂ ਹਨ। ਉਨ੍ਹਾਂ ਦੱਸਿਆ ਕਿ ਗ਼ਰੀਬ ਵਰਗ ਦੇ ਮਰੀਜ਼ਾਂ ਦੀ ਜਾਨ ਬਚ-ਾਉਣ ਲਈ ਇਹ ਸਕੀਮ ਵਰਦਾਨ ਸਾਬਤ ਹੋਈ ਹੈ ਕਿਉਂਕਿ ਇਹ ਮਰੀਜ਼ ਏਮਜ਼ ਦਿੱਲੀ, ਕੈਂਸਰ ਹਸਪਤਾਲ ਬੀਕਾਨੇਰ, ਪੀਜੀਆਈ ਚੰਡੀਗੜ੍ਹ, ਹੋਮੀ ਭਾਬਾ ਕੈਂਸਰ ਹਸਪਤਾਲ ਸੰਗਰੂਰ ਵਰਗੀਆਂ ਵੱਕਾਰੀ ਸੰਸਥਾਵਾਂ ਸਮੇਤ ਸੂਬਾ ਸਰਕਾਰ ਦੇ ਸੂਚੀਬੱਧ 19 ਹਸਪਤਾਲਾਂ ਵਿੱਚੋਂ ਕਿਸੇ ਵੀ ਹਸਪਤਾਲ ਵਿੱਚ 1.5 ਲੱਖ ਰੁਪਏ ਤੱਕ ਮੁਫ਼ਤ ਇਲਾਜ ਕਰਵਾ ਸਕਦੇ ਹਨ।

ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਦਾ ਕੋਈ ਵੀ ਕੈਂਸਰ ਪੀੜਤ ਵਸਨੀਕ ਇਸ ਸਕੀਮ ਲਈ ਸਬੰਧਤ ਸਿਵਲ ਸਰਜਨ ਦੇ ਦਫ਼ਤਰ ਵਿਖੇ ਬਿਨੈ ਕਰ ਸਕਦਾ ਹੈ ਅਤੇ ਹੁਣ ਅਜਿਹੇ ਕੇਸਾਂ ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਨੂੰ ਡਿਜੀਟਲ ਕਰ ਦਿੱਤਾ ਗਿਆ ਹੈ। ਲਾ-ਭਪਾਤਰੀ ਆਪਣੀ ਅਰਜ਼ੀ ਦੀ ਸਥਿਤੀ ਨੂੰ ਆਨਲਾਈਨ ਟਰੈਕ ਕਰਨ ਲਈ ੱ.ਮਮਪਚਰਕ.ਗੋਵ.ਨ 'ਤੇ ਲਾਗਇਨ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕੈਂਸਰ ਦੇ ਮਰੀਜਾਂ ਨੂੰ ਇਲਾਜ ਕਰਵਾਉਣ ਲਈ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਮੁਫ਼ਤ ਯਾਤਰਾ ਦੀ ਸਹੂਲਤ ਦਿੱਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਹ ਸਕੀਮ ਸਰਕਾਰੀ ਕਰਮਚਾਰੀਆਂ, ਈਐਸਆਈ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ, ਕਿਸੇ ਵੀ ਕਿਸਮ ਦੀ ਮੈਡੀਕਲ ਰੀਇੰਬਰਸਮੈਂਟ ਵਾਲੇ ਮਰੀਜ਼ਾਂ ਜਾਂ ਕੈਂਸਰ ਕਵਰ ਵਾਲੇ ਸਿਹਤ ਬੀਮਾ ਧਾਰਕ ਮਰੀਜ਼ਾਂ 'ਤੇ ਲਾਗੂ ਨਹੀਂ ਹੋਵੇਗੀ।

# ਨੋਇਡਾ ਜੇਲ੍ਹ ਦੇ 26 ਕੈਦੀ ਐਚ.ਆਈ.ਵੀ. ਪੀੜਤ

**ਨਵੀਂ ਦਿੱਲੀ–** ਇਥੋਂ ਦੇ ਅਧਿਕਾਰੀ ਦੀ ਜਾਣਕਾਰੀ ਮੁਤਾਬਕ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਜ਼ਿਲ੍ਹੇ ਦੀ ਜ਼ਿਲ੍ਹਾ ਜੇਲ੍ਹ ਵਿੱਚ ਬੰਦ 26 ਕੈਦੀਆਂ ਦੀ ਐਚਆਈਵੀ ਰਿਪੋਰਟ ਪਾਜ਼ੇਟਿਵ ਪਾਈ ਗਈ ਹੈ। ਅਧਿਕਾਰੀ ਨੇ ਦੱਸਿਆ ਕਿ ਜੇਲ 'ਚ ਕੈਂਪ ਲਗਾ ਕੇ ਕੀਤੀ ਗਈ ਜਾਂਚ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ। ਜੇਲ੍ਹ ਪ੍ਰਸ਼ਾਸਨ ਨੇ ਕੈਦੀਆਂ ਦਾ



ਇਲਾਜ ਜ਼ਿਲ੍ਹਾ ਹਸਪਤਾਲ ਸੈਕਟਰ-30 ਦੇ ਐਂਟੀ ਰੈਟਰੋਵਾਇਰਲ ਥੈਰੇਪੀ ਸੈਂਟਰ ਵਿੱਚ ਸ਼ੁਰੂ ਕਰ ਦਿੱਤਾ ਹੈ।

ਦੱਸ ਦੇਈਏ ਕਿ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਜਦੋਂ ਸੂਬੇ ਵਿੱਚ ਕੈਦੀਆਂ ਵਿੱਚ ਐਚਆਈਵੀ ਪਾਜ਼ੇਟਿਵ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਸਤੰਬਰ ਮਹੀਨੇ ਵਿੱਚ ਬਾਰਾਬੰਕੀ ਜ਼ਿਲ੍ਹਾ ਜੇਲ੍ਹ ਵਿੱਚ 22 ਕੈਦੀ ਐਚ.ਆਈ.ਵੀ. ਇਸ ਦੇ ਨਾਲ ਹੀ ਬਿਜਨੌਰ ਜੇਲ੍ਹ ਵਿੱਚ 5 ਕੈਦੀਆਂ ਦੀ ਰਿਪੋਰਟ ਪਾਜ਼ੇਟਿਵ ਆਈ ਹੈ।

ਲਾਇਲਾਜ ਬਿਮਾਰੀ ਐਚਆਈਵੀ ਅਕਸਰ ਸਰੀਰਕ ਸਬੰਧਾਂ ਕਾਰਨ ਇੱਕ ਸਰੀਰ ਤੋਂ ਦੂਜੇ ਸਰੀਰ ਵਿੱਚ ਫੈਲਦੀ ਹੈ। ਨਾਲ ਹੀ, ਇਹ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਸੂਈਆਂ, ਸਰਿੰਜਾਂ, ਜਾਂ ਕਿਸੇ ਐਚ.ਆਈ.ਵੀ. ਮਰੀਜ਼ 'ਤੇ ਵਰਤੇ ਜਾਂਦੇ ਹੋਰ ਨਸ਼ੀਲੇ ਟੀਕੇ ਲਗਾਉਣ ਵਾਲੇ ਉਪਕਰਣਾਂ ਰਾਹੀਂ ਫੈਲ ਸਕਦਾ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, 2021 ਵਿੱਚ ਐਚਆਈਵੀ ਨੇ ਦੁਨੀਆ ਵਿੱਚ ਲੋਕਾਂ ਦੀ ਜਾਨ ਲੈ ਲਈ ਸੀ।

# ਅੰਤਰਰਾਸ਼ਟਰੀ ਬਾਸਕਟਬਾਲ ਖਿਡਾਰਨ ਦੀ ਲਾਸ਼ ਡੈਮ 'ਚੋਂ ਮਿਲੀ

**ਬੈਤੁਲ–** ਅੰਤਰਰਾਸ਼ਟਰੀ ਬਾਸਕਟਬਾਲ ਖਿਡਾਰੀ ਪ੍ਰਾਰਥਨਾ ਸਾਲਵੇ ਦੀ ਲਾਸ਼ ਸ਼ਹਿਰ ਦੇ ਕੋਲ ਕੋਸਮੀ ਡੈਮ ਤੋਂ ਬਰਾਮਦ ਹੋਈ ਹੈ। ਡੈਮ ਦੇ ਨੇੜੇ ਪ੍ਰਾਰਥਨਾ ਕਾਰ




ਮਿਲੀ। ਕੀ ਇਹ ਹਾਦਸਾ ਹੈ ਜਾਂ ਕਤਲ ਜਾਂ ਖ਼ੁਦਕੁਸ਼ੀ? ਪੁਲਿਸ ਇਸ ਦੀ ਜਾਂਚ ਕਰ ਰਹੀ ਹੈ। ਐਸਡੀਆਰਐਫ ਦੀ ਟੀਮ ਨੇ ਡੈਮ ਵਿੱਚ ਬਚਾਅ ਕਾਰਜ ਚਲਾ ਕੇ ਪ੍ਰਾਰਥਨਾ ਦੀ ਮ੍ਰਿਤਕ ਦੇਹ ਨੂੰ ਇੱਥੋਂ ਬਾਹਰ ਕੱਢਿਆ। ਦੱਸਿਆ ਜਾ ਰਿਹਾ ਹੈ ਕਿ ਪ੍ਰਾਰਥਨਾ ਕਾਫੀ ਸਮੇਂ ਤੋਂ ਡਿਪ੍ਰੈਸ਼ਨ 'ਚ ਚੱਲ ਰਹੀ ਸੀ।

ਪ੍ਰਾਰਥਨਾ ਸਾਲਵੇ ਨੇ ਜਾਰਡਨ ਵਿੱਚ ਹੋਏ ਏਸ਼ੀਆ ਕੱਪ ਵਿੱਚ ਜੂਨੀਅਰ ਬਾਸਕਟਬਾਲ ਮੁਕਾਬਲੇ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ ਸੀ। ਪ੍ਰਾਰਥਨਾ ਬੈਤੁਲ ਦੀ ਇੱਕ ਬਾਸਕਟਬਾਲ ਖਿਡਾਰਨ ਸੀ। ਉਸ ਦੀ ਲਾਸ਼ ਕੋਸਮੀ ਡੈਮ ਤੋਂ ਮਿਲੀ ਸੀ। ਦੱਸਿਆ ਜਾ ਰਿਹਾ ਹੈ ਕਿ ਪ੍ਰਾਰਥਨਾ ਪਿਛਲੇ 6 ਮਹੀਨਿਆਂ ਤੋਂ ਡਿਪ੍ਰੈਸ਼ਨ ਦਾ ਸ਼ਿਕਾਰ ਸੀ। ਉਸ ਦੇ ਡਿਪਰੈਸ਼ਨ ਦੇ ਦੋ ਵੱਡੇ ਕਾਰਨ ਸਾਹਮਣੇ ਆਏ ਹਨ।

ਛੇ ਮਹੀਨੇ ਪਹਿਲਾਂ ਇੰਦੌਰ ਦੇ ਮਸ਼ਹੂਰ ਸਵਰਨਬਾਗ ਅੱਗ ਦੀ ਘਟਨਾ ਵਿੱਚ ਉਸ ਦੇ ਵੱਡੇ ਭਰਾ ਦੇਵੇਂਦਰ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਲੱਤ ਦੀ ਸੱਟ ਕਾਰਨ ਉਹ ਬਾਸਕਟਬਾਲ ਵਿਚ ਆਪਣੇ ਭਵਿੱਖ ਦੇ ਕਰੀਅਰ ਨੂੰ ਲੈ ਕੇ ਵੀ ਡਿਪਰੈਸ਼ਨ ਵਿਚ ਸੀ। ਜਿਸ ਕਾਰਨ ਉਸ ਨੇ ਖ਼ੁਦਕੁਸ਼ੀ ਕੀਤੀ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

**ਡਿਪਰੈਸ਼ਨ ਦੇ ਇਹ ਦੋ ਕਾਰਨ ਸਨ**

6 ਮਹੀਨੇ ਪਹਿਲਾਂ ਪ੍ਰਾਰਥਨਾ ਦਾ ਵੱਡਾ ਭਰਾ ਦੇਵੇਂਦਰ ਪ੍ਰਾਰਥਨਾ ਨੂੰ ਦਿੱਲੀ ਛੱਡ ਕੇ ਵਾਪਸ ਆ ਰਿਹਾ ਸੀ। ਵਾਪਸ ਆਉਂਦੇ ਸਮੇਂ ਉਹ ਇੰਦੌਰ ਦੇ ਸਵਰਨਬਾਗ ਵਿਖੇ ਰੁਕੇ। ਇੱਥੇ ਅੱਗ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਉਦੋਂ ਤੋਂ ਪ੍ਰਾਰਥਨਾ ਬਹੁਤ ਪ੍ਰੇਸ਼ਾਨ ਸੀ। ਦੂਜਾ ਕਾਰਨ ਪ੍ਰਾਥਨਾ ਦੀ ਸੱਟ ਦੱਸੀ ਜਾ ਰਹੀ ਹੈ। ਲੱਤ ਵਿੱਚ ਲਿਗਾਮੈਂਟ ਦੀ ਸੱਟ ਕਾਰਨ ਉਸ ਨੂੰ ਦੌੜਨ ਵਿੱਚ ਮੁਸ਼ਕਲ ਆ ਰਹੀ ਸੀ।

ਇਸੇ ਕਾਰਨ ਉਹ ਮੈਦਾਨ 'ਤੇ ਖੇਡ 'ਚ ਆਪਣਾ 100 ਫੀਸਦੀ ਹਿੱਸਾ ਨਹੀਂ ਦੇ ਸਕੀ। ਪ੍ਰਾਰਥਨਾ ਨੂੰ ਡਰ ਸੀ ਕਿ ਇਹ ਸੱਟ ਉਸ ਦਾ ਕਰੀਅਰ ਬਰਬਾਦ ਕਰ ਸਕਦੀ ਹੈ।

**ਛੇ ਮਹੀਨਿਆਂ ਵਿੱਚ ਪਰਿਵਾਰ ਵਿੱਚ ਦੋ ਮੌਤਾਂ**

ਫਿਲਹਾਲ ਪੁਲਿਸ ਪ੍ਰਾਰਥਨਾ ਦੀ ਮੌਤ ਦੀ ਜਾਂਚ ਕਰ ਰਹੀ ਹੈ। ਥਾਣਾ ਕੋਤਵਾਲੀ ਦੀ ਪੁਲਸ ਨੇ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦੀ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ। ਅਰਦਾਸ ਚਾਰ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟੀ ਸੀ। ਉਸ ਦੇ ਪਿਤਾ ਅਧਿਆਪਕ ਹਨ ਅਤੇ ਬੈਤੂਲ ਵਿੱਚ ਤਾਇਨਾਤ ਹਨ। 6 ਮਹੀਨਿਆਂ ਦੇ ਅੰਦਰ ਦੋ ਬੱਚਿਆਂ ਦੀ ਮੌਤ ਕਾਰਨ ਪਰਿਵਾਰ ਡੂੰਘੇ ਸਦਮੇ ਵਿੱਚ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com, www.ambedkartimes.com


# ਲਸਾੜਾ ਵਿਖੇ ਮਨਾਇਆ ਸੰਵਿਧਾਨ ਦਿਵਸ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਇੱਥੋਂ ਦੇ ਨਜ਼ਦੀਕੀ ਪਿੰਡ ਲਸਾੜਾ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੀ ਯਾਦ ਚ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਵਲੋਂ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਚਾਰਾਂ ਕੀਤੀਆਂ ਉੱਥੇ ਹੀ ਨਿੱਕੇ-ਨਿੱਕੇ ਬੱਚਿਆਂ ਵਲੋਂ ਕਵਿਤਾਵਾਂ, ਭਾਸ਼ਣ ਅਤੇ ਗੀਤਾਂ ਰਾਹੀਂ



ਬਾਬਾ ਸਾਹਿਬ ਨੂੰ ਯਾਦ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਏਕਤਾ ਕਲਾ ਮੰਚ ਲਸਾੜਾ ਵਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਅਤੇ ਸੰਘਰਸ਼ ਨੂੰ ਆਪਣੇ ਨਾਟਕਾਂ ਅਤੇ ਕੋਰੀਓਗ੍ਰਾਫੀਆਂ ਰਾਹੀ ਜਾਗਰੁਕ ਕੀਤਾ ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਲਾਲ ਚੰਦ ਔਜਲਾ ਵਲੋਂ ਆਰਥਿਕ ਮੁਕਤੀ ਅਤੇ ਸਮਾਜਿਕ ਅੰਦੋਲਨ ਬਾਰੇਂ ਵਿਚਾਰਾਂ ਕੀਤੀਆਂ।ਉਹਨਾਂ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਸਾਡੇ ਸਮਾਜ ਲਈ ਬਹੁਤ ਲੰਬਾ ਸਮਾਂ ਸ਼ੰਘਰਸ਼ ਕੀਤਾ ਤੇ ਸਮਾਜ ਨੂੰ ਆਪਣੇ ਹੱਕਾਂ ਲਈ ਜਾਗਰੂਕ ਕੀਤਾ ਤੇ ਉਹਨਾ ਦੇ ਦਰਸਾਏ ਹੋਏ ਮਾਰਗ ਤੇ ਚੱਲਣਾ ਚਾਹੀਦਾ ਹੈ ਤੇ ਹਮੇਸ਼ਾਂ ਲੋੜਵੰਦਾਂ ਦੀ ਮਦਦ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਇਸ ਮੌਕੇ ਪ੍ਰਵਾਜ਼ ਰੰਗ ਮੰਚ ਵਲੋਂ ਬਲਵਿੰਦਰ ਪ੍ਰੀਤ ਦੀ ਨਿਰਦੇਸ਼ਨਾ ਹੇਠ ਨਾਟਕ 'ਸੁਲਗਦੀ ਧਰਤ' ਕਰਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿਤਾ। ਇਸ ਸਾਰੇ ਪ੍ਰੋਗਰਾਮ ਦੀ ਨਿਗਰਾਨੀ ਪੁਲਿਸ ਚੌਂਕੀ ਲਸਾੜਾ ਦੇ ਇੰਚਾਰਜ ਕੁਲਦੀਪ ਸਿੰਘ ਅਤੇ ਗੁਰਮੀਤ ਸਿੰਘ ਵਲੋਂ ਕੀਤੀ ਗਈ। ਇਸ ਸਮਾਗਮ ਦੌਰਾਨ ਗੁਰਦੀਪ ਲਸਾੜਾ ਵਲੋਂ ਸਾਰੀਆਂ ਸ਼ਖਸੀਅਤਾਂ ਦਾ ਧੰਨਵਾਦ ਅਤੇ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਇਸ ਮੌਕੇ ਗੁਰਨੇਕ ਗੜ੍ਹੀ ਪ੍ਰਧਾਨ ਬਸਪਾ ਫਿਲੌਰ, ਸਰਪੰਚ ਰੇਸ਼ਮੋ, ਗੁਰਦੀਪ ਲਸਾੜਾ, ਪਵਨ ਅਪਰਾ, ਦਲਜੀਤ ਰਾਏ, ਰੇਸ਼ਮ ਬੱਧਣ, ਬਲਵਿੰਦਰ ਕੁਮਾਰ, ਪਰਸ ਰਾਮ, ਕਿਸ਼ੋਰੀ ਲਾਲ, ਸਤਪਾਲ ਮਹੇ, ਰਕੇਸ਼ ਬਾਸ਼ਲ, ਤਰਸੇਮ ਲਾਲ, ਕਾਲੂ, ਹਰੀ ਰਾਮ, ਸੰਦੀਪ ਅਟਵਾਲ, ਚਰਨਜੀਤ ਬਾਸ਼ਲ, ਛਿੰਦਾ, ਸਨੀ ਬਾਸ਼ਲ, ਨਿਰਮਲ ਰਾਮ, ਪਰਮਜੀਤ ਲਾਲ, ਸਮੁੱਚੀ ਟੀਮ ਏਕਤਾ ਕਲਾ ਮੰਚ ਆਦਿ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਨਾਮ -ਚਿਰਾਗ ਮੰਮਣ
ਪਿਤਾ ਰਾਜੇਸ਼ ਕੁਮਾਰ
ਮਾਤਾ - ਨੀਤੂ ਬਾਲਾ, ਪਿੰਡ ਲਸਾੜਾ

# ਸੁੱਚਾ ਸਿੰਘ ਲੰਗਾਹ ਤਨਖਾਹੀਆ ਕਰਾਰ, ਜੂਠੇ ਬਰਤਣਾਂ ਦੀ ਕਰਨਗੇ ਸੇਵਾ

**ਅੰਮ੍ਰਿਤਸਰ–** ਸਾਬਕਾ ਅਕਾਲੀ ਮੰਤਰੀ ਸੁੱਚਾ ਲੰਗਾਹ ਜਬਰ-ਜ਼ਿਨਾਹ ਦੇ ਦੋਸ਼ ਲੱਗ ਚੁੱਕੇ ਹਨ। ਹਾਲਾਂਕਿ ਬਾਅਦ ਵਿਚ ਅਦਾਲਤ ਨੇ ਲੰਗਾਹ ਨੂੰ ਕੇਸ ਵਿਚੋਂ ਬਾਇੱਜ਼ਤ ਬਰੀ ਕਰ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪੰਥ ’ਚੋਂ ਛੇਕੇ ਗਏ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਤਨਖਾਹੀਆ ਕਰਾਰ ਦਿੰਦੇ ਹੋਏ ਧਾਰਮਿਕ ਸਜ਼ਾ ਦਾ ਐਲਾਨ ਕੀਤਾ ਹੈ। ਇਸ ਧਾਰਮਿਕ ਸਜ਼ਾ ਦੌਰਾਨ ਸੁੱਚਾ ਸਿੰਘ ਲੰਗਾਹ ਲਗਾਤਾਰ 21 ਦਿਨ ਸ੍ਰੀ ਹਰਿਮੰਦਰ ਸਾਹਿਬ ਵਿਚ ਬਰਤਨ ਸਾਫ਼ ਕਰਨ ਦੀ ਸੇਵਾ ਨਿਭਾਉਣਗੇ। ਇਸ ਤੋਂ ਇਲਾਵਾ ਉਹ ਲਗਾਤਾਰ 21 ਦਿਨ ਤਕ ਪਰਿਕਰਮਾ ਵਿਚ ਬੈਠ ਕੇ ਪਾਠ ਕਰਨਗੇ ਅਤੇ 21 ਦਿਨ ਪਰਿਕਰਮਾ ਵਿਚ ਬੈਠ ਕੇ ਹੀ ਕੀਰਤਨ ਸਰਵਣ ਕਰਨਗੇ। ਇਹ ਤਨਖਾਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਲਗਾਈ ਗਈ ਹੈ। ਇਸ ਤਨਖਾਹ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ ਇਸ ਸੇਵਾ ਦੌਰਾਨ ਨਾ ਤਾਂ ਉਹ ਕਿਸੇ ਨਾਲ ਗੱਲ ਕਰਨਗੇ ਅਤੇ ਨਾ ਹੀ ਸੇਵਾ ਕਰਨ ਦਾ ਦਿਖਾਵਾ ਕਰਨਗੇ। ਇਸ ਤੋਂ ਇਲਾਵਾ ਲੰਗਾਹ ਨੂੰ ਸੇਵਾ ਦੌਰਾਨ ਤਸਵੀਰਾਂ ਖਿਚਵਾ ਕੇ ਸੋਸ਼ਲ ਮੀਡੀਆ ’ਤੇ ਪਾਉਣ ਤੋਂ ਵੀ ਵਰਜਿਆ ਗਿਆ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਤਨਖਾਹ ਲਗਾਉਂਦਿਆ ਕਿਹਾ ਕਿ ਲੰਗਾਹ ਕਿਸੇ ਵੀ ਇਕ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਆਉਣ, ਜਿਹੜੇ ਵੀ ਢਾਡੀ ਜਥੇ ਉਸ ਦਿਨ ਸ੍ਰੀ ਅਕਾਲ ਤਖਤ ਸਾਹਿਬ ’ਤੇ ਲੱਗੇ ਹੋਣਗੇ, ਉਹ ਭਾਵੇਂ ਚਾਰ ਹੋਣ ਜਾਂ ਪੰਜ ਉਨ੍ਹਾਂ ਨੂੰ ਇਕੱਲੇ-ਇਕੱਲੇ ਜਥੇ ਨੂੰ 5100 ਰੁਪਏ ਭੇਟ ਕਰਨਗੇ। ਉਸ ਦਿਨ ਲੰਗਾਹ ਘਰੋਂ ਪਰਸ਼ਾਦਾ ਤਿਆਰ ਕਰਕੇ ਲਿਆਉਣਗੇ ਅਤੇ ਢਾਡੀ ਜਥਿਆਂ ਨੂੰ ਲੰਗਰ ਛਕਾਉਣਗੇ ਅਤੇ ਉਨ੍ਹਾਂ ਦੇ ਜੂਠੇ ਬਰਤਣ ਖੁਦ ਸਾਫ ਕਰਨਗੇ। ਇਸ ਧਾਰਮਿਕ ਸਜ਼ਾ ਵਿਚ ਆਖਿਆ ਗਿਆ ਹੈ ਕਿ ਲੰਗਾਹ ਰਾਜਨੀਤੀ ਵਿਚ ਵਿਚਰ ਸਕਦੇ ਹਨ ਪਰ ਉਹ ਪੰਜ ਸਾਲ ਤੱਕ ਕਿਸੇ ਵੀ ਗੁਰਦੁਆਰਾ ਕਮੇਟੀ ਦੇ ਮੈਂਬਰ ਨਹੀਂ ਬਣ ਸਕਣਗੇ। ਇਥੇ ਹੁਣ ਦੇਖਣਾ ਇਹ ਹੋਵੇਗਾ ਕਿ 21 ਦਿਨ



ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਲੰਗਾਹ ਨੂੰ ਮੁੜ ਪੰਥ ਵਿਚ ਸ਼ਾਮਲ ਕੀਤਾ ਜਾਂਦਾ ਹੈ ਜਾਂ ਨਹੀਂ।

### ਸੰਗਤ ਵੱਲ ਮੂੰਹ ਕਰਕੇ ਮੰਨੀ ਗ਼ਲਤੀ

ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਪੰਥ ਵਿਚ ਮੁਆਫ਼ੀ ਦੀਆਂ ਲਗਾਤਾਰ ਚਾਰਾਜੋਈਆਂ ਕਰ ਰਹੇ ਸੁੱਚਾ ਸਿੰਘ ਲੰਗਾਹ ਨੇ ਸੰਗਤ ਵੱਲ ਮੂੰਹ ਕਰਕੇ ਆਪਣੇ ਵਲੋਂ ਹੋਏ ਬਜਰ ਗੁਨਾਹ ਦੀ ਗ਼ਲਤੀ ਮੰਨੀ ਹੈ। ਸ੍ਰੀ ਅਕਾਲ ਸਾਹਿਬ ਦੀ ਫਸੀਲ ’ਤੇ ਖੜ੍ਹੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਲੰਗਾਹ ਤੋਂ ਪੁੱਛਿਆ ਕਿ ਉਹ ਆਪਣੇ ਵਲੋਂ ਕੀਤੇ ਗਏ ਬਜਰ ਗੁਨਾਹ ਦੀ ਗ਼ਲਤੀ ਮੰਨਦੇ ਹਨ, ਜਿਸ ’ਤੇ ਲੰਗਾਹ ਨੇ ਆਪਣੀ ਗ਼ਲਤੀ ਮੰਨਦਿਆਂ ਸੰਗਤ ਵੱਲ ਮੂੰਹ ਕਰਕੇ ਪੰਜ ਵਾਰ ਮੁਆਫ਼ੀ ਮੰਗੀ।

### ਸੁੱਚਾ ਸਿੰਘ ਲੰਗਾਹ ਵੱਲੋਂ ਮੁੜ ਤੋਂ ਪੰਥ ’ਚ ਸ਼ਾਮਲ ਕਰਨ ਦੀ ਦੁਹਾਈ

ਅਕਾਲੀ ਦਲ ਦੇ ਸਾਬਕਾ ਆਗੂ ਸੁੱਚਾ ਸਿੰਘ ਲੰਗਾਹ ਵਲੋਂ ਲਗਾਤਾਰ ਸ੍ਰੀ ਅਕਾਲ ਤਖਤ ਸਾਹਿਬ ’ਤੇ ਨਤਮਸਤਕ ਹੋ ਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅੱਗੇ ਪੰਥ ’ਚ ਮੁੜ ਵਾਪਸੀ ਲਈ ਹਾੜੇ ਕੱਢੇ ਜਾ ਰਹੇ ਸਨ। ਸੁੱਚਾ ਸਿੰਘ ਵਲੋਂ ਬਜ਼ੁਰਗ ਮਾਂ-ਬਾਪ ਦਾ ਵਾਸਤਾ ਦਿੰਦਿਆਂ ਆਖਿਆ ਜਾ ਰਿਹਾ ਸੀ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਸ੍ਰੀ ਅਕਾਲ ਤਖਤ ਸਾਹਿਬ ’ਤੇ ਮੁਆਫ਼ੀ ਮੰਗਣ ਲਈ ਆ ਰਹੇ ਹਨ, ਉਨ੍ਹਾਂ ਦੀ ਬੇਨਤੀ ਨੂੰ ਸਵਿਕਾਰ ਕਰਦਿਆਂ ਉਨ੍ਹਾਂ ਦੀ ਪੰਥ ਵਿਚ ਵਾਪਸੀ ਕੀਤੀ ਜਾਵੇ।

### ਅਸ਼ਲੀਲ ਵੀਡੀ ਵਾਇਰਲ ਹੋਣ ਤੋਂ ਬਾਅਦ ਪੰਥ ’ਚੋਂ ਛੇਕਿਆ ਗਿਆ ਸੀ

ਦੱਸਣਯੋਗ ਹੈ ਕਿ ਸੁੱਚਾ ਲੰਗਾਹ ਦੀ ਇਕ ਇਤਰਾਜ਼ਯੋਗ ਵੀਡੀਓ ਵਾਇਰਲ ਹੋਈ ਸੀ, ਜਿਸ ਤੋਂ ਬਾਅਦ ਇਕ ਔਰਤ ਨੇ ਲੰਗਾਹ ’ਤੇ ਜਬਰ-ਜ਼ਿਨਾਹ ਦਾ ਦੋਸ਼ ਲਗਾਇਆ ਸੀ। ਇਹ ਇਲਜ਼ਾਮ ਗੁਰਦਾਸਪੁਰ ਜ਼ਿਮਨੀ ਚੋਣ ’ਚ ਵੋਟਿੰਗ ਤੋਂ ਠੀਕ ਪਹਿਲਾਂ ਲਗਾਏ ਗਏ ਸਨ। ਔਰਤ ਦੀ ਸ਼ਿਕਾਇਤ ’ਤੇ ਲੰਗਾਹ ਖਿਲਾਫ ਥਾਣਾ ਸਿਟੀ ਗੁਰਦਾਸਪੁਰ ’ਚ 2017 ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਔਰਤ ਨੇ ਉਦੋਂ ਦੋਸ਼ ਲਾਇਆ ਸੀ ਕਿ ਲੰਗਾਹ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ ਸੀ। ਔਰਤ ਨੇ ਇਹ ਵੀ ਦੋਸ਼ ਲਾਇਆ ਸੀ ਕਿ ਲੰਗਾਹ ਨੇ ਧੋਖੇ ਨਾਲ ਉਸ ਦੀ ਜਾਇਦਾਦ ਵੇਚ ਦਿੱਤੀ ਅਤੇ ਕਈ ਲੱਖ ਰੁਪਏ ਹੜੱਪ ਲਏ। ਔਰਤ ਦੀ ਸ਼ਿਕਾਇਤ ’ਤੇ ਲੰਗਾਹ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ।

# ਦਲਿਤ ਔਰਤ ਦੇ ਪਾਣੀ ਪੀਣ ’ਤੇ ਨਲ ਦਾ ਕੀਤਾ ਗਊ ਮੂਤਰ ਨਾਲ ‘ਸ਼ੁੱਧੀਕਰਨ’

**ਬੈਂਗਲੁਰੂ–** ਇੱਥੇ ਉੱਚੀ ਜਾਤੀ ਦੇ ਲੋਕਾਂ ਨੇ ਇਕ ਅਨੁਸੂਚਿਤ ਜਾਤੀ ਦੀ ਔਰਤ ਵੱਲੋਂ ਨਲ ਤੋਂ ਪਾਣੀ ਪੀਣ ਮਗਰੋਂ ਟੈਂਕੀ ’ਚੋਂ ਪਹਿਲਾਂ ਸਾਰਾ ਪਾਣੀ ਵਹਾ ਕੇ ਉਸ ਨੂੰ ਖਾਲੀ ਕੀਤਾ ਗਿਆ, ਫਿਰ ਉਸ ਤੋਂ ਬਾਅਦ ਟੈਂਕੀ ਅਤੇ ਨਲ ਨੂੰ ਗਊ ਮੂਤਰ ਨਾਲ ‘ਸ਼ੁੱਧ’ ਕੀਤਾ। ਦਰਅਸਲ ਬੀਤੇ ਦਿਨੀਂ ਅਨੁਸੂਚਿਤ ਜਾਤੀ ਦੀ ਔਰਤ, ਜੋ ਕਿ ਕਰਨਾਟਕ ਦੇ ਚਾਮਰਾਜਨਗਰ ਜ਼ਿਲ੍ਹੇ ਦੇ ਹੇਗਗੋਤਾਰਾ ਪਿੰਡ ’ਚ ਇਕ ਵਿਆਹ ਸਮਾਰੋਹ ਵਿਚ ਸ਼ਾਮਲ ਹੋਣ ਆਈ ਸੀ। ਉਸ ਨੇ ਉੱਚ ਜਾਤੀ ਦੇ ਲੋਕਾਂ ਦੇ ਇਲਾਕੇ ’ਚ ਲੱਗੀ ਪਾਣੀ ਦੀ ਟੈਂਕੀ ਦੇ ਨਲ ’ਚੋਂ ਪਾਣੀ ਪੀ ਲਿਆ ਸੀ। ਇਸ ਗੱਲ ਤੋਂ ਨਾਰਾਜ਼ ਸਥਾਨਕ ਲੋਕਾਂ ਨੇ ਤਾਂ ਪਹਿਲਾਂ ਟੈਂਕੀ ’ਚੋਂ ਸਾਰਾ ਪਾਣੀ ਵਹਾ ਦਿੱਤਾ, ਫਿਰ ਉਸ ਨੂੰ ਗਊ ਮੂਤਰ ਨਾਲ ਧੋ ਕੇ ਸ਼ੁੱਧ ਕੀਤਾ। ਉੱਥੇ ਮੌਜੂਦ ਕਿਸੇ ਸ਼ਖ਼ਸ ਨੇ ਇਸ ਦੀ ਸ਼ਿਕਾਇਤ ਤਹਿਸੀਦਾਰ ਨੂੰ ਕਰ ਦਿੱਤੀ। ਘਟਨਾ ਦੀ ਜਾਣਕਾਰੀ ਮਿਲਦੇ ਹੀ ਚਾਮਰਾਜਨਗਰ ਤਹਿਸੀਲਦਾਰ ਬਸਵਰਾਜੂ ਨੇ ਹੋਰ ਸਰਕਾਰੀ ਅਤੇ ਪੁਲਸ ਅਧਿਕਾਰੀਆਂ ਨਾਲ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। ਤਹਿਸੀਲਦਾਰ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਦੇ ਲੋਕਾਂ ਨੇ ਔਰਤ ਵੱਲੋਂ ਜਨਤਕ ਨਲ ਤੋਂ ਪਾਣੀ ਪੀਣ ਮਗਰੋਂ ਟੈਂਕੀ ਅਤੇ ਨਲ ਨੂੰ ਗਊ ਮੂਤਰ ਨਾਲ ਸਾਫ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਲੋਕ ਔਰਤ ਦੀ ਭਾਲ ਕਰ ਰਹੇ ਹਾਂ। ਜੇਕਰ ਉਹ ਔਰਤ ਸ਼ਿਕਾਇਤ ਕਰਦੀ ਹੈ ਤਾਂ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।



# ਪੰਜਾਬ ’ਚ ਸ਼ਾਮਲਾਟ ਅਤੇ ਮਾਲਕੀਅਤ ਹੱਕਾਂ ਵਾਲੀਆਂ ਜ਼ਮੀਨਾਂ ਦਾ ਮਸਲਾ ਭਖਿਆ

ਪੰਜਾਬ ਸਰਕਾਰ ਦੇ ਮੁਸ਼ਤਰਕਾ ਮਾਲਕੀਅਤ ਹੱਕਾਂ ਵਾਲੀਆਂ ਸ਼ਾਮਲਾਟ ਜ਼ਮੀਨਾਂ ਦਾ ਹੱਕ ਕਿਸਾਨਾਂ ਅਤੇ ਮਜ਼ਦੂਰਾਂ ਕੋਲੋਂ ਲੈ ਕੇ ਪੰਚਾਇਤਾਂ ਨੂੰ ਦੇਣਾ ਦੇ ਫ਼ੈਸਲੇ ਦਾ ਵਿਰੋਧ ਸੂਬੇ ਵਿੱਚ ਹੋਣਾ ਸ਼ੁਰੂ ਹੋ ਗਿਆ ਹੈ। ਇੱਕ ਪਾਸੇ ਜਿੱਥੇ ਕਿਸਾਨ ਸੰਗਠਨ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕਰ ਰਹੇ ਹਨ ਉੱਥੇ ਹੀ ਦੂਜੇ ਪਾਸੇ ਰਾਜਨੀਤਿਕ ਪਾਰਟੀਆਂ ਵੀ ਸਰਕਾਰ ਨੂੰ ਇਸ ਮੁੱਦੇ ਉੱਤੇ ਘੇਰ ਰਹੀਆਂ ਹਨ।

ਸਤੰਬਰ ਮਹੀਨੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨ (ਸਾਂਝੀ ਪੇਂਡੂ ਜ਼ਮੀਨ) ਦੀ ਪੂਰਨ ਮਾਲਕੀ ਗ੍ਰਾਮ ਪੰਚਾਇਤਾਂ ਨੂੰ ਦੇਣ ਲਈ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਐਕਟ 1961 ਦੀ ਧਾਰਾ 2(ਜੀ) ’ਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੇ ਦੌਰਾਨ ਇਸ ਸਬੰਧ ਵਿੱਚ ਪ੍ਰਸਤਾਵ ਵੀ ਪਾਸ ਕਰ ਦਿੱਤਾ ਗਿਆ। ਇਸ ਸੋਧ ਪ੍ਰਸਤਾਵ ਦਾ ਮਤਲਬ ਇਹ ਹੋਇਆ ਕਿ ਹੁਣ ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨ (ਸਾਂਝੀ ਪੇਂਡੂ ਜ਼ਮੀਨ) ਦੀ ਮਾਲਕ ਸਿਰਫ਼ ਪਿੰਡ ਦੀ ਗ੍ਰਾਮ ਪੰਚਾਇਤ ਹੋਵੇਗੀ।

ਪੰਜਾਬ ਵਿਲੇਜ ਕਾਮਨ ਲੈਂਡਜ਼ ਐਕਟ ਦੀ ਧਾਰਾ 2 (ਜੀ) ਵਿੱਚ ਕੀਤੀ ਗਈ ਇਸ ਸੋਧ ਮੁਤਾਬਕ ਈਸਟ ਪੰਜਾਬ ਹੋਲਡਿੰਗਜ਼ (ਕੰਸੋਲੀਡੇਸ਼ਨ ਐਂਡ ਪ੍ਰੀਵੈਨਸ਼ਨ ਆਫ਼ ਪਰੈਗਮੈਂਟੇਸ਼ਨ) ਐਕਟ 1948 (ਈਸਟ ਪੰਜਾਬ ਐਕਟ (50 ਆਫ਼ 1948) ਦੀ ਧਾਰਾ 18 ਅਧੀਨ ਪਿੰਡ ਦੇ ਸਾਂਝੇ ਮੰਤਵਾਂ ਲਈ ਰਾਖਵੀਂ ਰੱਖੀ ਜ਼ਮੀਨ ਦਾ ਪ੍ਰਬੰਧ ਅਤੇ ਕੰਟਰੋਲ ਉਪਰੋਕਤ ਐਕਟ ਦੀ ਧਾਰਾ 23 ਏ ਤਹਿਤ ਗ੍ਰਾਮ ਪੰਚਾਇਤ ਦਾ ਹੋਵੇਗਾ।

ਇਸ ਤਹਿਤ ਮਾਲਕੀ ਰਿਕਾਰਡ ਦੇ ਖ਼ਾਨੇ ਵਿੱਚ ਦਰ ਜੁਮਲਾ ਮਾਲਕਾਨ ਵਾ ਦਿਗਰ ਹੱਕਦਾਰਾਨ ਅਰਜ਼ੀ ਹਸਬ ਰਸਦ, ਜੁਮਲਾ ਮਾਲਕਾਨ ਜਾਂ ਮੁਸ਼ਤਰਕਾ ਮਾਲਕਾਨ ਵਜੋਂ ਦਰਜ ਜ਼ਮੀਨ ਨੂੰ ਇਸ ਧਾਰਾ ਦੇ ਘੇਰੇ ਵਿੱਚ ਸ਼ਾਮਲਾਟ ਦੇਹ ਜ਼ਮੀਨ ਮੰਨਿਆ ਜਾਵੇਗਾ।

### ਜੁਮਲਾ ਮੁਸ਼ਤਰਕਾ ਮਾਲਕਾਨ ਜ਼ਮੀਨ ਕੀ ਹੁੰਦੀ ਹੈ

ਪੰਜਾਬ ਵਿੱਚ ਮੁਰੱਬਾ ਬੰਦੀ ਦੇ ਸਮੇਂ ਜਿੰਨ੍ਹਾਂ ਪੰਚਾਇਤਾਂ ਦੇ ਕੋਲ ਸ਼ਾਮਲਾਟ ਨਹੀਂ ਸੀ ਤਾਂ ਉਨ੍ਹਾਂ ਪਿੰਡਾਂ ਦੇ ਸਮੂਹ ਖੇਵਟਦਾਰਾਂ (ਮਾਲਕ) ਨੇ ਪਿੰਡ ਦੇ ਸਾਂਝੇ ਕੰਮਾਂ ਲਈ ਜ਼ਮੀਨਾਂ ਛੱਡੀਆਂ ਸਨ। ਇਹਨਾਂ ਜ਼ਮੀਨਾਂ ਨੂੰ ਜੁਮਲਾ ਮੁਸ਼ਤਰਕਾ ਮਾਲਕਾਂ ਦੀ ਜ਼ਮੀਨ ਆਖਿਆ ਜਾਂਦਾ ਹੈ। ਇਸ ਜ਼ਮੀਨ ਦੇ ਤਹਿਤ ਪਿੰਡ ਦੀਆਂ ਗਲੀਆਂ, ਪੱਕੇ ਨਾਲੇ ਅਤੇ ਹੋਰ ਜ਼ਮੀਨ ਆਉਂਦੀ ਹੈ। ਪੰਚਾਇਤ ਵਿਭਾਗ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਬੇਸ਼ੱਕ ਇਹ ਜ਼ਮੀਨ ਸਾਰੇ ਖੇਵਟਦਾਰਾਂ ਦੀ ਹੁੰਦੀ ਹੈ ਪਰ ਇਸ ਜ਼ਮੀਨ ਦੀ ਕਸਟੋਡੀਅਨ ਪਹਿਲਾਂ ਪੰਚਾਇਤ ਹੀ ਮੰਨੀ ਜਾਂਦੀ ਸੀ ਪਰ ਪੰਜਾਬ ਸਰਕਾਰ ਦੇ ਨਵੇਂ ਫ਼ੈਸਲੇ ਤਹਿਤ ਹੁਣ ਕਾਨੂੰਨੀ ਤੌਰ ਉੱਤੇ ਇਹ ਜ਼ਮੀਨ ਪਿੰਡ ਦੀ ਪੰਚਾਇਤ ਦੇ ਅਧੀਨ ਆ ਗਈ ਹੈ।

### ਸ਼ਾਮਲਾਟ ਜ਼ਮੀਨ ਹੈ ਕੀ

ਹਰ ਪਿੰਡ ਵਿੱਚ ਕੁਝ ਜ਼ਮੀਨ ਅਜਿਹੀ ਹੁੰਦੀ ਹੈ ਜੋ ਸਾਰੇ ਪਿੰਡ ਦੀ ਸਾਂਝੀ ਹੁੰਦੀ ਹੈ, ਜਿਸ ਨੂੰ ਸ਼ਾਮਲਾਟ ਜ਼ਮੀਨ ਆਖਿਆ ਜਾਂਦਾ ਹੈ। ਇਹ ਜ਼ਮੀਨ ਪੰਜਾਬ ਵਿਲੇਜ ਕਾਮਨ ਲੈਂਡ ਐਕਟ, 1966 ਦੇ ਅਧੀਨ ਆਉਂਦੀ ਹੈ। ਇਸ ਜ਼ਮੀਨ ਦੀ ਵਰਤੋਂ ਪਿੰਡ ਦੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ ਅਤੇ ਇਸ ਜ਼ਮੀਨ ਦਾ ਕੰਟਰੋਲ ਪਿੰਡ ਦੀ ਪੰਚਾਇਤ ਦੇ ਕੋਲ ਹੁੰਦਾ ਹੈ। ਸ਼ਾਮਲਾਟ ਜ਼ਮੀਨ ਨੂੰ ਤਕਸੀਮ ਕਰਨ, ਵੰਡਣ ਅਤੇ ਵੇਚਣ ਦੀ ਆਗਿਆ ਨਹੀਂ ਹੁੰਦੀ। ਪਿੰਡ ਦੀ ਪੰਚਾਇਤ ਸ਼ਾਮਲਾਟ ਜ਼ਮੀਨ ਨੂੰ ਆਮਦਨ ਦੇ ਲਈ ਠੇਕੇ ਉੱਤੇ ਕਿਸਾਨਾਂ ਨੂੰ ਦੇ ਸਕਦੀ ਹੈ ਜਿਸ ਨਾਲ ਪਿੰਡ ਦੇ ਵਿਕਾਸ ਕਾਰਜ ਚਲਾਏ ਜਾ ਸਕਦੇ ਹਨ। ਸ਼ਾਮਲਾਟ ਜ਼ਮੀਨ ਦੀਆਂ ਵੀ ਕਿਸਮਾਂ ਹਨ। ਪਿੰਡਾਂ ਦੀਆਂ ਪੰਚਾਇਤਾਂ ਕੋਲ ਇੱਕ 'ਸ਼ਾਮਲਾਟ ਦੇਹ' ਕਿਸਮ ਦੀ ਜ਼ਮੀਨ ਹੁੰਦੀ ਹੈ। ਇਸ ਜ਼ਮੀਨ 'ਤੇ ਪਿੰਡ ਦੀ ਚੁਣੀ ਹੋਈ ਗ੍ਰਾਮ ਪੰਚਾਇਤ ਦਾ ਪੂਰਾ ਹੱਕ ਹੁੰਦਾ ਹੈ। ਇਸ ਜ਼ਮੀਨ ਦੀ ਆਮਦਨ ਦਾ ਲੇਖਾ ਜੋਖਾ ਸਬੰਧਿਤ ਵਿਭਾਗ ਨੂੰ ਹਰ ਮਾਲੀ ਸਾਲ ਦੌਰਾਨ ਭੇਜਿਆ ਜਾਂਦਾ ਹੈ ਤੇ ਆਮਦਨ ਦਾ ਬਣਦਾ ਹਿੱਸਾ ਗ੍ਰਾਮ ਪੰਚਾਇਤ ਪਿੰਡ ਦੇ ਵਿਕਾਸ ਲਈ ਵਰਤ ਸਕਦੀ ਹੈ। ਪੰਚਾਇਤਾਂ ਕੋਲ ਇੱਕ ਹੋਰ ਦੂਜੀ ਕਿਸਮ ਦੀ ਸ਼ਾਮਲਾਟ ਹੁੰਦੀ ਹੈ 'ਹਸਬ ਰਸਦ ਜ਼ਰ ਖੇਵਟ'। ਦੇਸ਼ ਦੀ ਵੰਡ ਤੋਂ ਬਾਅਦ ਹੋਈ ਮੁਰੱਬਾ ਬੰਦੀ ਵੇਲੇ ਸਰਕਾਰ ਵੱਲੋਂ ਕਿਸਾਨਾਂ ਦੀ ਜ਼ਮੀਨ 'ਚੋਂ ਕਾਟ ਕੱਟ ਕੇ, 'ਹਸਬ ਰਸਦ ਜ਼ਰ ਖੇਵਟ' ਵਾਲੀ ਸ਼ਾਮਲਾਟ ਹੋਂਦ ਵਿੱਚ ਲਿਆਂਦੀ ਗਈ ਸੀ।

ਸਰਕਾਰ ਦੇ ਇਸ ਫ਼ੈਸਲੇ ਦਾ ਕਿਸਾਨ ਜਥੇਬੰਦੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਸਰਕਾਰ ਕਿਸਾਨਾਂ ਦੀ ਜ਼ਮੀਨ ਹੜੱਪਣਾ ਚਾਹੁੰਦੀ ਹੈ ਪਰ ਉਸ ਦਾ ਇਹ ਮਨਸੂਬਾ ਪੂਰਾ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਜੋ ਜ਼ਮੀਨ ਕਿਸਾਨ ਦੇ ਨਾਮ ਬੋਲਦੀ ਹੈ ਅਤੇ ਚਾਰ ਸਾਲ ਬਾਅਦ ਪਟਵਾਰੀ ਉਸ ਦੀ ਗਿਰਦਾਵਰੀ ਕਰਦਾ ਹੈ, ਉਸ ਨੂੰ ਸਰਕਾਰ ਕਿਵੇਂ ਪੰਚਾਇਤਾਂ ਦੇ ਅਧੀਨ ਕਰ ਦੇਵੇਗੀ। ਉਨ੍ਹਾਂ ਆਖਿਆ ਕਿ ਪਟਵਾਰੀ ਦੇ ਰਿਕਾਰਡ ਵਿੱਚ ਇਹ ਗੱਲ ਦਰਜ ਹੁੰਦੀ ਹੈ ਕਿ ਕਿਸ ਪਰਿਵਾਰ ਦਾ ਕਿੰਨਾ ਹਿੱਸਾ ਹੈ।

ਉਨ੍ਹਾਂ ਆਖਿਆ ਕਿ ਸਰਕਾਰ ਬਿਨਾਂ ਕਿਸਾਨਾਂ ਨੂੰ ਮੁਆਵਜ਼ਾ ਦਿੱਤੇ ਜ਼ਮੀਨ ਕਿਵੇਂ ਲੈ ਸਕਦੀ ਹੈ। ਉਨ੍ਹਾਂ ਇਸ ਮੁੱਦੇ ਉੱਤੇ ਕਿਸਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਪਿਛਲੇ ਦਿਨੀਂ ਮੁਹਾਲੀ ਜ਼ਿਲ੍ਹੇ ਦੇ ਮੁੱਲਾਂਪੁਰ ਗ਼ਰੀਬ ਦਾਸ ਪਿੰਡ ਵਿੱਚ ਇਕੱਠੇ ਹੋ ਕੇ ਸਰਕਾਰ ਦੇ ਇਸ ਫ਼ੈਸਲੇ ਦੇ ਖ਼ਿਲਾਫ਼ ਪ੍ਰਦਰਸ਼ਨ ਵੀ ਕੀਤਾ। ਇਸ ਮੌਕੇ ਸਰਕਾਰ ਵੱਲੋਂ ਪਾਸ ਕੀਤੇ ਗਏ ਪ੍ਰਸਤਾਵ ਦੀਆਂ ਕਾਪੀਆਂ ਨੂੰ ਵੀ ਅੱਗ ਲਗਾਈ।

ਦੂਜੇ ਪਾਸੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਕਹਿਣਾ ਹੈ ਕਿ ਸਰਕਾਰ ਇਸ ਕਾਨੂੰਨ ਦੀ ਆੜ ਵਿੱਚ ਕਿਸਾਨਾਂ ਦੀ ਜ਼ਮੀਨ ਖੋਹ ਕੇ ਕਾਰਪੋਰੇਟ ਘਰਾਨਿਆਂ ਨੂੰ ਦੇਣਾ ਚਾਹੁੰਦੀ ਹੈ। ਡੱਲੇਵਾਲ ਨੇ ਕਿਹਾ ਹੈ ਕਿ ਕਾਨੂੰਨ ਦੇ ਤਹਿਤ ਜ਼ਮੀਨ ਪੰਚਾਇਤ ਕੋਲ ਜਾਵੇਗੀ ਅਤੇ ਬਾਅਦ ਵਿੱਚ ਸਰਕਾਰ ਸਰਪੰਚ ਉੱਤੇ ਦਬਾਅ ਪਾ ਕੇ ਜ਼ਮੀਨ ਉੱਤੇ ਕਬਜ਼ੇ ਕਰ ਲਵੇਗੀ।

ਮੁਸ਼ਤਰਕਾ ਮਾਲਕੀਅਤ ਹੱਕਾਂ ਵਾਲੀਆਂ ‘ਸ਼ਾਮਲਾਟ’ ਜ਼ਮੀਨਾਂ ਦੇ ਮੁੱਦੇ ਉੱਤੇ ਸੂਬੇ ਦਾ ਰਾਜਨੀਤਿਕ ਮਾਹੌਲ ਵੀ ਗਰਮ ਹੋਣਾ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਲੰਬੇ ਸਮੇਂ ‘ਤੇ ਮੁਸ਼ਤਰਕਾ ਮਾਲਕੀਅਤ ਹੱਕਾਂ ਵਾਲੀਆਂ ਸ਼ਾਮਲਾਟ ਜ਼ਮੀਨਾਂ ਕਿਸਾਨਾਂ ਅਤੇ ਮਜ਼ਦੂਰਾਂ ਕੋਲੋਂ ਜ਼ਬਰੀ ਖੋਹ ਕੇ ਪੰਚਾਇਤਾਂ ਨੂੰ ਦੇਣਾ ਸੂਬੇ ਦੇ ਲੋਕਾਂ ਨਾਲ ਵੱਡਾ ਧੱਕਾ ਅਤੇ ਬੇਇਨਸਾਫ਼ੀ ਹੈ।

ਅਕਾਲੀ ਲੀਡਰਪ੍ਰੋਫੈਸਰ ਚੰਦੂਮਾਜਰਾ ਨੇ ਲੋਕਾਂ ਕੋਲੋਂ ਖ਼ਾਲੀ ਕਰਵਾ ਕੇ ਸ਼ਾਮਲਾਟ ਜ਼ਮੀਨਾਂ ਨੂੰ ਅਚਾਨਕ ਪੰਚਾਇਤ ਵਿਭਾਗ ਨੂੰ ਵਾਪਸ ਕਰਨ ਵਾਲੀ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਗੈਰ-ਸੰਵਿਧਾਨਿਕ ਕਰਾਰ ਦਿੱਤਾ। ਉਨ੍ਹਾਂ ‘ਮੁਰੱਬਾ ਬੰਦੀ ਕਾਨੂੰਨ 1948’ ਦਾ ਜ਼ਿਕਰ ਕਰਦਿਆਂ ਆਖਿਆ ਕਿ ਲੋਕਾਂ ਦੀਆਂ ਆਪਣੀਆਂ ਜ਼ਮੀਨਾਂ ਦੀ ਮੁਰੱਬਾ ਬੰਦੀ ਸਮੇਂ ਸਾਂਝੇ ਕੰਮਾਂ ਲਈ ਜ਼ਮੀਨਾਂ ਦਾ ਹਿੱਸਾ ਰੱਖਿਆ ਗਿਆ ਸੀ। ਪਰੰਤੂ ਜਿੰਨ੍ਹਾਂ ਸ਼ਾਮਲਾਟ ਜ਼ਮੀਨਾਂ ਦੀ ਵਰਤੋਂ ਸਾਂਝੇ ਕੰਮਾਂ ਲਈ ਨਹੀਂ ਕੀਤੀ ਗਈ, ਉਨ੍ਹਾਂ ਜ਼ਮੀਨਾਂ ਨੂੰ ਮਾਲਕੀ ਵਾਲੇ ਕਿਸਾਨਾਂ ਵੱਲੋਂ ਆਪਣੇ ਨਾਂਅ ਕਰਵਾ ਲਿਆ ਗਿਆ, ਜੋ ਉਨ੍ਹਾਂ ਦੇ ਬੁਨਿਆਦੀ ਹੱਕ ਬਣਦੇ ਸਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਸਰਕਾਰ ਦੇ ਇਸ ਫ਼ੈਸਲੇ ਦੇ ਖ਼ਿਲਾਫ਼ ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨਾਲ ਮੁਲਾਕਾਤ ਕਰ ਕੇ ਪੰਜਾਬ ਸਰਕਾਰ ਦੇ ਫ਼ੈਸਲੇ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ।

ਮੁਸ਼ਤਰਕਾ ਮਾਲਕੀਅਤ ਹੱਕਾਂ ਵਾਲੀਆਂ ‘ਸ਼ਾਮਲਾਟ’ ਜ਼ਮੀਨਾਂ ਦਾ ਅਧਿਕਾਰ ਪੰਚਾਇਤ ਨੂੰ ਦੇਣ ਦੇ ਮੁੱਦੇ ਉੱਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਡਾਕਟਰ ਗਿਆਨ ਸਿੰਘ ਦਾ ਕਹਿਣਾ ਹੈ ਕਿ ਇਹ ਜ਼ਮੀਨ ਅਸਲ ਵਿੱਚ ਉਨ੍ਹਾਂ ਲੋਕਾਂ ਦੀ ਹੈ ਜਿੰਨ੍ਹਾਂ ਨੇ ਇਸ ਨੂੰ ਪਿੰਡ ਦੇ ਸਾਂਝੇ ਕੰਮਾਂ ਲਈ ਛੱਡਿਆ ਸੀ। ਭਾਵ ਸਾਂਝੇ ਕੰਮਾਂ ਦੇ ਲਈ ਇਸ ਜ਼ਮੀਨ ਨੂੰ ਵਰਤਿਆ ਜਾਂਦਾ ਸੀ। ਕਈ ਥਾਵਾਂ ਉੱਤੇ ਕਿਸਾਨਾਂ ਨੇ ਇਹ ਜ਼ਮੀਨਾਂ ਸਾਂਝੇ ਤੌਰ ਉੱਤੇ ਵੇਚ ਵੀ ਦਿੱਤੀਆਂ।

ਉਨ੍ਹਾਂ ਆਖਿਆ ਕਿ ਇਸ ਜ਼ਮੀਨ ਨੂੰ ਪੰਚਾਇਤ ਦੇ ਅਧੀਨ ਕਰਨਾ ਵਿਵਹਾਰਕ ਤੌਰ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼ਾਮਲਾਟ ਜ਼ਮੀਨ ਉੱਤੇ ਕਿਸੇ ਨੇ ਨਾਜਾਇਜ਼ ਕਬਜ਼ਾ ਕੀਤਾ ਹੈ, ਸਰਕਾਰ ਉਸ ਨੂੰ ਖ਼ਾਲੀ ਕਟਵਾਉਂਦੀ ਹੈ ਤਾਂ ਉਹ ਠੀਕ ਹੈ ਪਰ ਮੁਸ਼ਤਰਕਾ ਜ਼ਮੀਨਾਂ ਨੂੰ ਪੰਚਾਇਤ ਦੇ ਅਧੀਨ ਕਰਨ ਦੇ ਫ਼ੈਸਲੇ ਦਾ ਲੋਕ ਵਿਰੋਧ ਕਰਨਗੇ ਅਤੇ ਇਹ ਹੋਣਾ ਵੀ ਸ਼ੁਰੂ ਹੋ ਗਿਆ ਹੈ।

# ‘ਪੰਜਾਬੀ ਮਾਂ ਬੋਲੀ ਮਾਹ’ ਨੂੰ ਸਮਰਪਿਤ ਕਾਵਿ ਮਹਿਫਲ ਸ ਪ ਸ ਬਲਵੇੜਾ ਵਿਖੇ ਹੋਈ

ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਪੰਜਾਬੀ ਮਾਹ ਸਮਾਰੋਹਾਂ ਦੀ ਲੜੀ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਬਲਬੇੜਾ ਵਿਖੇ ਵਿਸ਼ਾਲ ਕਵੀ ਦਰਬਾਰ ਸ਼ਤੀਤ ਵਿਦਰੋਹੀ ਦੀ ਰਹਿਨੁਮਾਈ ਹੇਠ ਸਕੂਲ ਦੇ ਸਾਥੀ ਅਧਿਆਪਕਾਂ, ਨਗਰ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ ।ਇਸ ਕਵੀ ਦਰਬਾਰ ਵਿੱਚ ਸਕੂਲੀ ਵਿਦਿਆਰਥੀਆਂ ਤੋਂ ਇਲਾਵਾ ਇਲਾਕੇ ਦੀ ਵਿਸ਼ੇਸ਼ ਸ਼ਖ਼ਸੀਅਤਾਂ, ਬੱਚਿਆਂ ਦੇ ਮਾਪਿਆਂ ਅਤੇ ਆਮ ਪਾਰਟੀ ਦੀਆਂ ਅਹਿਮ ਸ਼ਖ਼ਸੀਅਤਾਂ ਅਤੇ ਪਿੰਡ ਦੇ ਸਰਪੰਚ ਨੇ ਵੀ ਉਚੇਚੇ ਸ਼ਿਰਕਤ ਕੀਤੀ। ਬੱਚਿਆਂ ਵੱਲੋਂ ਮਾਂ ਬੋਲੀ ਪੰਜਾਬੀ ਨਾਲ ਸਬੰਧਤ ਕਵਿਤਾਵਾਂ, ਲੇਖ, ਭਾਸ਼ਣ ਆਦਿ ਦਾ ਉਚਾਰਨ ਕੀਤਾ ਗਿਆ । ਪੰਜਾਬ ਦੇ ਕੋਨੇ-ਕੋਨੇ ਤੋਂ ਨਾਮਵਾਰ ਕਵੀਆਂ ਸ਼ਾਇਰਾਂ ਗਾਇਕਾਂ ਅਤੇ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਨਾਲ ਜਿੱਥੇ ਮਾਂ ਬੋਲੀ ਦਾ ਗੁਣਗਾਨ ਕੀਤਾ ਉਥੇ ਹੀ ਪੰਡਾਲ ਵਿਚ ਬੈਠੀ ਸਾਰੀ ਸੰਗਤ ਸਕੂਲ ਦੇ ਪਿਆਰੇ ਪਿਆਰੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਦਾ ਭਰਪੂਰ ਮਨੋਰੰਜਨ ਵੀ ਕੀਤਾ। ਇਸ ਵਿਸ਼ਾਲ ਕਵੀ ਦਰਬਾਰ ਵਿਚ ਸ਼੍ਰੋਮਣੀ ਬਾਲ ਸਾਹਿਤਕਾਰ ਦਰਸ਼ਨ ਸਿੰਘ ਆਸ਼ਟ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ,ਇੰਜੀ ਸਤਨਾਮ ਸਿੰਘ ਮੱਟੂ, ਸਾਗਰ ਸੂਦ, ਸੰਜੇ, ਕੁਲਵੰਤ ਸਿੰਘ ਸੈਦੋਕੇ, ਮੈਡਮ ਨਿਰਮਲਾ ਗਰਗ, ਜੱਗਾ ਰੰਗੂਵਾਲ, ਬਜਿੰਦਰ ਠਾਕੁਰ, ਕਿਰਨ ਸਿੰਗਲਾ, ਮਨਪ੍ਰੀਤ ਕੌਰ, ਰਮਾ ਰਮੇਸਵਰੀ, ਬਲਬੀਰ ਦਿਲਦਾਰ, ਪੁਆਧੀ ਲੇਖਕ ਚਰਨ ਪੁਆਧੀ, ਹਰੀਸ਼ ਪਟਿਆਲਵੀ, ਬਲਵਿੰਦਰ ਸਿੰਘ ਰਾਜ, ਦਵਿੰਦਰ ਪਟਿਆਲਵੀ, ਕ੍ਰਿਪਾਲ ਸਿੰਘ ਮੂਨਕ , ਤਰਲੋਚਨ ਮੀਰ, ਕੈਪਟਨ ਚਮਕੌਰ ਸਿੰਘ ਰਾਜੀਵ ਸੂਦ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪੁਆਧੀ ਲੇਖਕ ਚਰਨ ਪੁਆਧੀ ਨੇ 'ਮਾਰ੍ਹੇ ਗਾਂਓ ਕੀ ਬੁੜੀਆਂ ਬੜੀਆਂ', ਬਲਵੀਰ ਦਿਲਦਾਰ ਨੇ 'ਪੌਂਡ', ਕੈਪਟਨ ਚਮਕੌਰ ਸਿੰਘ ਨੇ 'ਅਧੂਰੀ ਕਵਿਤਾ ', ਡਾ ਦਰਸ਼ਨ ਸਿੰਘ ਆਸ਼ਟ,ਨਿਰਮਲਾ ਗਰਗ, ਗੁਰਦਰਸ਼ਨ ਸਿੰਘ ਗੁਸੀਲ ਨੇ 'ਪੰਜਾਬੀ ਮਾਂ ਬੋਲੀ' ਨਾਲ ਸਬੰਧਤ ਰਚਨਾਵਾਂ ਪੇਸ਼ ਕਰਕੇ ਪ੍ਰੋਗਰਾਮ ਨੂੰ ਬੁਲੰਦੀਆਂ ਤੇ ਪਹੁੰਚਾਇਆ।






ਇਸ ਮੌਕੇ ਜਿਲ੍ਹਾ ਸਿੱਖਿਆ ਅਫਸਰ ਅਮਰਜੀਤ ਸਿੰਘ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀ ਮਨੋਜ ਜੋਈਆ ਵੱਲੋਂ ਵਿਦਿਆਰਥੀਆਂ ਦਾ ਬਾਲ ਮੈਗਜ਼ੀਨ ਵੀ ਰਿਲੀਜ਼ ਕੀਤਾ ਗਿਆ। ਸਮੂਹ ਅਧਿਆਪਕ ਸਾਥੀਆਂ ਨੇ ਭਰਪੂਰ ਮਿਹਨਤ ਅਤੇ ਸਹਿਯੋਗ ਨਾਲ ਪ੍ਰੋਗਰਾਮ ਨੂੰ ਨੇਪਰੇ ਚੜਾਇਆ ਅਤੇ ਬਲਬੇਹੜਾ ਦੀ ਸਮੂਹ ਪੰਚਾਇਤ ਵਲੋਂ ਭਰਪੂਰ ਮਾਣ ਬਖਸ਼ਿਆ ਗਿਆ ।ਆੜਤੀ ਐਸੋਸੀਏਸ਼ਨ ਵਲੋਂ ਸ੍ਰ ਕਰਮ ਸਿੰਘ ਆੜਤੀ ਅਤੇ ਗੁਰਮੇਲ ਸਿੰਘ ਵਲੋਂ ਇਸ ਪ੍ਰੋਗਰਾਮ ਦਾ ਸਾਰਾ ਆਰਥਿਕ ਬੋਝ ਝੱਲਣ ਦਾ ਐਲਾਨ ਕੀਤਾ ਗਿਆ। ਸਾਹਿਤਕ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੀਆਂ ਸਾਰੀਆਂ ਹੀ ਸਾਹਿਤਕ ਸ਼ਖ਼ਸੀਅਤਾਂ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ।

**ਸਤਨਾਮ ਸਿੰਘ ਮੱਟੂ 9779708257**

# ਇੱਕ ਨਵੀਂ ਚਰਚਾ ਛੇੜ ਗਿਆ ਗਾਇਕ ਰਿਆਜ਼ ਦਾ ਗੀਤ "ਦੁਨੀਆਂ ਤਾਰਨ ਚੱਲ ਪਿਆ ਨਾਨਕ" -ਇੰਜ ਸਤਨਾਮ ਸਿੰਘ ਮੱਟੂ ਗੀਤਕਾਰ

ਜੇਕਰ ਗੀਤ ਦੇ ਸ਼ਬਦਾਂ ਨੂੰ ਇੱਕ ਸੁਰੀਲੀ ਤੇ ਦਿਲਕਸ਼ ਆਵਾਜ਼, ਮਨਮੋਹਕ ਸੰਗੀਤ ਮਿਲ ਜਾਵੇ ਅਤੇ ਦਿਲ ਟੁੰਬਵੀਂ ਵੀਡੀਓ ਚ ਢਾਲ ਦਿੱਤਾ ਜਾਵੇ ਤਾਂ ਗੀਤ ਚ ਜਾਨ ਪੈ ਜਾਂਦੀ ਹੈ ਅਤੇ ਗੀਤ ਲੋਕ ਮਨਾਂ ਉੱਪਰ ਅਮਿੱਟ ਛਾਪ ਛੱਡ ਦਿੰਦਾ ਹੈ,ਜੋ ਟੀਮ ਦੀ ਯਤਨਸ਼ੀਲਤਾ ਨੂੰ ਬਲ ਦਿੰਦਾ ਹੈ। ਇੰਜੀਨੀਅਰ ਸਤਨਾਮ ਸਿੰਘ ਮੱਟੂ ਗੀਤਕਾਰ ਦਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇੱਕ ਗੀਤ "ਦੁਨੀਆਂ ਤਾਰਨ ਚੱਲ ਪਿਆ ਨਾਨਕ" ਲੋਕ ਮਨਾਂ ਉੱਪਰ ਡੂੰਘੀ ਛਾਪ ਛੱਡ ਦੇਣ ਚ ਸਫਲ ਰਿਹਾ ਹੈ।




ਸੁਰੀਲੀ ਅਤੇ ਬੁਲੰਦ ਆਵਾਜ਼ ਦੇ ਮਾਲਕ ਲੋਕ ਗਾਇਕ ਜੇ ਰਿਆਜ਼ ਦੀ ਆਵਾਜ਼ ਚ ਰਿਕਾਰਡ ਹੋ ਕੇ ਆਏ ਇਸ ਗੀਤ ਨੂੰ ਸਰੋਤਿਆਂ ਨੇ ਬਹੁਤ ਹੀ ਭਰਵਾਂ ਹੁੰਗਾਰਾ ਦਿੱਤਾ ਹੈ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਤਨਾਮ ਸਿੰਘ ਮੱਟੂ ਨੇ ਦੱਸਿਆ ਕਿ ਸਾਹਿਤ ਦੇ ਖੇਤਰ ਦੀਆਂ ਦੀਆਂ ਉੱਘੀਆਂ ਹਸਤੀਆਂ ਨੇ ਇਸ ਗੀਤ ਦੀ ਖੂਬ ਸ਼ਲਾਘਾ ਕਰਦਿਆਂ ਟੀਮ ਨੂੰ ਮੁਬਾਰਕਬਾਦ ਦਿੱਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਰੂਹਾਨੀਅਤ ਦੇ ਗੁਰੂ ਸਾਹਿਬ ਦੀ ਉਸਤੁਤ ਚ ਲਿਖੇ ਗੀਤ ਨੂੰ ਗੀਤਕਾਰ ਨੇ ਜਿੰਨੀ ਰੂਹ ਨਾਲ ਸ਼ਬਦਾਂ ਰੂਪੀ ਮਣਕਿਆਂ ਨੂੰ ਮਾਲਾ ਰੂਪੀ ਗੀਤ ਚ ਪਰੋਇਆ ਹੈ ਓਨੀ ਹੀ ਰੂਹ ਨਾਲ ਗਾਇਕ ਜੇ ਰਿਆਜ਼ ਨੇ ਗਾਕੇ ਆਪਣੀ ਸੁਰੀਲੀ ਅਤੇ ਬੁਲੰਦ ਆਵਾਜ਼ ਦਾ ਜਾਦੂ ਵਿਖਾਇਆ ਹੈ।ਇਸ ਗੀਤ ਦਾ ਸੁਰੀਲਾ ਅਤੇ ਆਕਰਸ਼ਕ ਸੰਗੀਤ ਜੇ ਰਿਆਜ ਨੇ ਖੁਦ ਤਿਆਰ ਕੀਤਾ ਹੈ ਜ਼ੋ ਸਰੋਤਿਆਂ ਦੀਆਂ ਉਮੀਦਾਂ ਤੇ ਖਰਾ ਉੱਤਰਿਆ ਹੈ।ਇਸ ਗੀਤ ਦੀ ਵੀਡੀਓ ਜੁਗਰਾਜ ਸਿੰਘ ਸੱਗੂ ਨੇ ਬਹੁਤ ਹੀ ਦਿਲਚਸਪ ਅਤੇ ਦਿਲਕਸ਼ ਬਣਾਈਂ ਹੈ,ਜੋ ਹਰ ਦਿਲ ਨੂੰ ਦਿਲ ਟੁੰਬਦੀ ਹੈ। ਸ਼ਬਦਾਂ ਦੀ ਵਧੀਆ ਚੋਣ, ਬੁਲੰਦ ਆਵਾਜ਼, ਸੁਰੀਲਾ ਸੰਗੀਤ , ਦਿਲਕਸ਼ ਵੀਡੀਓ ਨੇ ਗੀਤ ਨੂੰ ਵਧੀਆ ਬਣਾਉਣ ਲਈ ਆਪਣਾ ਆਪਣਾ ਯੋਗਦਾਨ ਪਾਇਆ ਹੈ। ਇਸ ਗੀਤ ਦੇ ਪ੍ਰੋਡਿਊਸਰ ਅਮਨਦੀਪ ਸਿੰਘ ਮੱਕੜ(ਮੱਕੜ ਇੰਮਪੋਰੀਅਮ) ਨੇ , ਜਿੰਨਾਂ ਨੇ ਇਸ ਧਾਰਮਿਕ ਗੀਤ ਨੂੰ ਰਿਲੀਜ ਕਰਨ ਦੀ ਖੁਸ਼ੀ ਲਈ ਹੈ। ਪੰਜਾਬ ਅਤੇ ਕੇਨੇਡਾ ਦੇ ਕਈ ਰੇਡੀਓਜ਼ ਨੇ ਇਸ ਗੀਤ ਨੂੰ ਆਪਣੇ ਰੇਡਿਓ ਰਾਹੀਂ ਸਰੋਤਿਆਂ ਦੇ ਰੁਬਰੂ ਕੀਤਾ ਹੈ। ਯੂਟਿਊਬ ਦੇ https://youtu.be/3j56mSdeDvY ਲਿੰਕ ਤੇ ਵੀ ਇਸ ਗੀਤ ਨੂੰ ਸੁਣਿਆ ਜਾ ਸਕਦਾ ਹੈ। ਸਰੋਤਿਆਂ ਵੱਲੋਂ ਬੇਹੱਦ ਪਿਆਰ ਜਿਤਾਇਆ ਜਾ ਰਿਹਾ ਹੈ।

**ਸਤਨਾਮ ਸਿੰਘ ਮੱਟੂ 9779708257**

# ਪੰਜਾਬੀ ਮਿੰਨੀ ਕਹਾਣੀ-ਸੰਗ੍ਰਹਿ 'ਇੱਕੋ ਰੈਂਕ' ਲੋਕ ਅਰਪਿਤ




**ਸਟਾਕਟਨ (ਬਿਊਰੋ ਨਿਊਜ਼)** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 19 ਨਵੰਬਰ 2022 ਨੂੰ ਸਥਾਨਕ 'ਮਾਰਗਰੈੱਟ ਟਰੋਕੇ ਲਾਇਬਰੇਰੀ' ਵਿਖੇ ਬੁੱਧੀਜੀਵੀਆਂ ਅਤੇ ਸਾਹਿਤਕਾਰਾਂ ਦੇ ਇਕੱਠ ਦਰਮਿਆਨ ਹਰਨੇਕ ਸਿੰਘ ਦੁਆਰਾ ਰਚਿੱਤ ਮਿੰਨੀ ਕਹਾਣੀ-ਸੰਗ੍ਰਹਿ 'ਇੱਕੋ ਰੈਂਕ' ਲੋਕ ਅਰਪਿਤ ਕੀਤਾ ਗਿਆ। ਪ੍ਰੀਤ ਪਬਲੀਕੇਸ਼ਨ ਨਾਭਾ ਵਲੋਂ ਪ੍ਰਕਾਸ਼ਤ ਇਸ ਸੰਗ੍ਰਹਿ ਵਿੱਚ ਕੁਲ 63 ਮਿੰਨੀ ਕਾਹਾਣੀਆਂ ਸ਼ਾਮਲ ਹਨ। ਮੁੱਖ ਬੰਦ ਜਸਵੀਰ ਰਾਣਾ ਨੇ ਲਿਖਿਆ ਹੈ। ਲੋਕ ਅਰਪਣ ਦਾ ਸ਼ੁਭ ਅਰੰਭ ਇਕਬਾਲ ਬਰਾੜ ਦੇ ਰਸ ਭਿੰਨੀ ਅਵਾਜ਼ ਵਿੱਚ ਗਾਏ ਗੀਤ, 'ਦੂਰ ਕਿਤੇ ਇੱਕ ਤਾਰਾ ਬੋਲੇ' ਨਾਲ ਕੀਤਾ ਗਿਆ। ਇਸ ਉਪਰੰਤ ਹਰਜਿੰਦਰ ਪੰਧੇਰ ਦੁਆਰਾ ' ਪੰਜਾਬੀ ਸਾਹਿਤ ਸਭਾ ਸਟਾਕਟਨ ਦਾ 14 ਵਰ੍ਹਿਆਂ ਦੀ ਪ੍ਰਾਪਤੀ ਦਾ ਇਤਿਹਾਸ' ਸੱਭ ਨਾਲ ਸਾਂਝਾ ਕੀਤਾ ਗਿਆ। ਤ੍ਰਿਪਤ ਸਿੰਘ ਭੱਟੀ ਨੇ ਹਰਨੇਕ ਸਿੰਘ ਨੂੰ ਸਭਾ ਵਲੋਂ ਮਿਲੀ ਪ੍ਰੇਰਨਾ ਅਤੇ ਉਤਸ਼ਾਹ ਸਦਕਾ ਸਾਹਿਤ ਦੀ ਕੰਨੀ ਫੜਦਿਆਂ ਇਕ ਪਾਏਦਾਰ ਮਿੰਨੀ ਕਹਾਣੀ-ਸੰਗ੍ਰਹਿ ਲਿਖਣ ਲਈ ਵਧਾਈ ਦਿੱਤੀ। ਡਾ. ਮਨਰੀਤ ਕੌਰ ਗਰੇਵਾਲ ਨੇ ਕਹਾਣੀਆਂ ਵਿਚਲੇ ਕਥਾਨਕ ਦੇ ਕਥਾਰੱਸ ਦੀ ਤਰੀਫ਼ ਕੀਤੀ। ਕਿਤਾਬ ਦੇ ਮੁੱਖ-ਬੰਦ ਵਿੱਚ ਜਸਵੀਰ ਰਾਣਾ ਨੇ ਇਸ ਸੰਗ੍ਰਹਿ ਨੂੰ ਕਥਾ ਸੰਜਮ ਦਾ ਉੱਤਮ ਪ੍ਰਮਾਣ ਦਸਿਆ ਹੈ। ਸਮਾਗਮ ਦੌਰਾਨ ਤ੍ਰਿਪਤ ਸਿੰਘ ਭੱਟੀ ਨੇ ਦੋ ਮਿੰਨੀ ਕਹਾਣੀਆਂ, 'ਦਾਤ' ਅਤੇ 'ਮੁਥਾਜ', ਹਰਨੇਕ ਸਿੰਘ ਨੇ 'ਦੋ ਹੰਝੂ' ਪੜ੍ਹ ਕੇ ਸੁਣਾਈਆਂ। ਸਮਾਗਮ ਵਿੱਚ ਉਪਰੋਕਤ ਸੱਜਣਾਂ ਤੋਂ ਇਲਾਵਾ ਮਨਜੀਤ ਕੌਰ ਸੇਖੋਂ, ਮ੍ਰਗਿੰਦਰ ਪੰਧੇਰ, ਰਵੀ ਸ਼ੇਰਗਿੱਲ, ਗੁਰਪ੍ਰੀਤ ਕੌਰ, ਡਾ. ਜਸਪਾਲ ਸਿੰਘ ਬਾਸੀ, ਇੰਦਰਬੀਰ ਸਿੰਘ ਬਾਸੀ, ਜੈਸਮੀਨ ਬਾਸੀ, ਰਾਜ ਕੁਮਾਰੀ ਅਤੇ ਜੈ ਕਿਸ਼ਨ ਗਿਰੀ ਤੋਂ ਇਲਾਵਾ ਹੋਰ ਪਤਵੰਤੇ ਸੱਜਣਾਂ ਨੇ ਭਾਗ ਲਿਆ।




**ਰਿਪੋਰਟ (ਹਰਜਿੰਦਰ ਪੰਧੇਰ, ਫੋਨ 209-610-5055)**

# ‘ਮਿਸ ਯੂ ਬਾਪੂ’ ਗੀਤ ਰਾਹੀਂ ਦੋਬਾਰਾ ਚਰਚਾ ਵਿਚ ਆਇਆ ਇੰਟਰਨੈਸ਼ਨਲ ਕਲਾਕਾਰ ਮਨੋਜ ਚੋਟਾਲੀਆ (ਯੂ ਕੇ)

ਯੂ. ਕੇ ਦੀ ਧਰਤ ’ਤੇ ਵਸ ਰਹੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੋਟਾਲਾ ਦੇ ਵਸਨੀਕ ਮਨੋਜ ਚੋਟਾਲੀਆਂ ਨੂੰ ਛੋਟੀ ਉਮਰ ਤੋਂ ਹੀ ਗਾਉਣ ਦੀ ਚੇਟਕ ਲੱਗ ਗਈ ਸੀ। ਸੰਗੀਤ ਦੀਆਂ ਧੁਨਾਂ ਅਤੇ ਗਾਇਕੀ ਕਲਾ ਦੀ ਗਹਿਰਾਈ ਨਾਲ ਜਾਣਕਾਰੀ ਰੱਖਦੇ ਹੋਣ ਸਦਕਾ, ‘ਯਾਰਾਂ ਦਾ ਕਰੇਜ’, ‘ਲੰਬੜਦਾਰਾਂ ਦੇ ਕਾਕੇ’, ‘ਜੀਣ ਦਾ ਸਹਾਰਾ’, ‘ਅੱਜ ਵੀ ਚਾਹੁੰਦਾਂ’, ‘ਚਿੱਟਾ ਕੁੜਤਾ ਪੰਜਾਮਾ’ ਤੇ ਹੋਰ ਵੀ ਕਈ ਸੁਪਰਹਿੱਟ ਗੀਤਾਂ ਨਾਲ ਉਹ ਸਰੋਤਿਆ ਦੇ ਦਿਲਾਂ ’ਤੇ ਰਾਜ ਕਰਦਾ ਆ ਰਿਹਾ ਹੈ। ਪੰਜਾਬੀ ਗੀਤ-ਸੰਗੀਤ ਦੀ ਦੁਨੀਆ ਦੇ ਰੌਕ ਸਟਾਰ ਇੰਟਰਨੈਸ਼ਨਲ ਕਲਾਕਾਰ ਮਨੋਜ ਚੋਟਾਲੀਆ (ਯੂ ਕੇ) ਨੇ ਹੁਣ ਆਪਣੇ ਨਵੇਂ ਗੀਤ, ‘ਮਿਸ ਯੂ ਬਾਪੂ’ ਰਾਹੀਂ ਸਰੋਤਿਆਂ /ਦਰਸ਼ਕਾਂ ਦੀ ਕਚਹਿਰੀ ਵਿਚ ਜਬਰਦਸਤ ਤੇ ਧਮਾਕਾ-ਖੇਜ਼ ਦਸਤਕ ਦਿੱਤੀ ਹੈ। ਚੋਟਾਲੀਆ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ‘ਮਿਸ ਯੂ ਬਾਪੂ’ ਗੀਤ ਉਸਦੀ ਅੰਤਰ ਆਤਮਾ ਨਾਲ ਜੁੜਿਆ ਆਤਮਾ ਦੇ ਧੁਰ ਅੰਦਰੋਂ ਨਿਕਲੀ ਅਵਾਜ਼ ਹੈ। ਇਸ ਗੀਤ ਰਾਹੀਂ ਉਸਨੇ ਆਪਣੇ ਪੂਜਨੀਕ ਪਿਤਾ ਮਰਹੂਮ ਲੰਬੜਦਾਰ ਸ੍ਰੀ ਰਾਮ ਕਿਸ਼ਨ ਜੀ ਨੂੰ ਯਾਦ ਕੀਤਾ ਹੈ। ਜਿਹੜਾ ਕਿ ਉਨਾਂ ਨੇ ਆਪਣੇ ਪਿਤਾ ਜੀ ਦੀ ਬਰਸੀ ’ਤੇ ਉਨਾ ਨੂੰ ਦਰਦ, ਮੋਹ ਤੇ ਅਪਣੱਤ ਭਰੀਆਂ ਭਾਵਨਾਵਾਂ ਨਾਲ ਸਮਰਿਪਤ ਕੀਤਾ ਹੈ।

ਇਹ ਗੀਤ ਯੂ ਕੇ ਦੀ ਮਿਊਜਿਕ ਕੰਪਨੀ ਰੋਇਲ ਅੰਸ਼ ਮਿਊਜਿਕ ਯੂ ਕੇ (+447721683231) ’ਚ ਰਵੀ ਮਹਿਮੀ ਜੀ ਦੀ ਦੇਖ- ਰੇਖ ਹੇਠ ਰਿਲੀਜ ਕੀਤਾ ਗਿਆ ਹੈ। ਇਸ ਦਾ ਲਾ-ਜੁਵਾਬ ਤੇ ਦਿਲਕਸ਼ ਸੰਗੀਤ ਫਿਲਮੀ ਮਿਊਜਿਕ ਡਾਇਰੈਕਟਰ ਸੁਖਵੀਰ ਰੰਧਾਵਾ ਜੀ ਨੇ ਦਿੱਤਾ ਹੈ। ਇਸ ਗੀਤ ਨੂੰ ਆਪਣੇ ਦਰਦ ਭਰੇ ਸ਼ਬਦਾਂ ਨਾਲ ਗੀਤਕਾਰ ਦੇ ਤੌਰ ਤੇ ਵੀ ਮਨੋਜ ਚੋਟਾਲੀਆ (ਯੂ ਕੇ) ਜੀ ਨੇ ਖੁਦ ਆਪ ਹੀ ਪਰੋਇਆ ਹੈ। ਇਸ ਦਾ ਫਿਲਮਾਂਕਣ ਮਸ਼ਹੂਰ ਵੀਡੀਓ ਡਾਇਰੈਕਟਰ ਹਨੀ ਹਰਦੀਪ ਜੀ ਨੇ ਕੀਤਾ ਹੈ। ਇਸ ਗੀਤ ਵਿਚ ਅਦਾਕਾਰੀ ਦੀ ਭੂਮਿਕਾ ਨਿਭਾਉਂਦਿਆਂ ਖੁਦ ਮਨੋਜ ਚੋਟਾਲੀਆ, ਰਵੀ ਮਹਿਮੀ, ਅਮਿਤ ਰਾਏ ਸਾਬ, ਮਨੀ, ਪੰਮੀ ਵਾਲੀਆ, ਰੀਮਾ ਅਤੇ ਮਿੰਕ ਖੁਰਾਨਾ ਜੀ ਨੇ ਗੀਤ ਨੂੰ ਚਾਰ ਚੰਨ ਲਾ ਕੇ ਰੱਖ ਦਿੱਤੇ ਹਨ। ਸਮੁੱਚੀ ਟੀਮ ਨੇ ਆਪੋ-ਆਪਣਾ ਬਣਦਾ ਰੋਲ ਦਿਲ ਜਾਨ ਤੋ ਮੇਹਨਤ ਨਾਲ ਨਿਭਾਇਆ ਹੈ।








ਇਸ ਪ੍ਰੋਜੈਕਟ ਵਿਚ ਦਲੀਪ ਚੋਟਾਲਾ ਅਤੇ ਸੰਦੀਪ ਚੋਟਾਲਾ ਜੀ ਦਾ ਦਿਲੋ ਵਿਸ਼ੇਸ ਧੰਨਵਾਦ ਕੀਤਾ ਗਿਆ ਹੈ।

ਦੇਸ਼-ਵਿਦੇਸ਼ ਤੋਂ ਅਨਗਿਣਤ ਮਾਨ-ਸਨਮਾਨ ਹਾਸਲ ਕਰ ਚੁੱਕੇ ਮਨੋਜ ਚੋਟਾਲੀਆ ਨੇ ਹੋਰ ਗੱਲਬਾਤ ਕਰਨ ਤੇ ਦੱਸਿਆ ਕਿ ਉਨਾ ਦੇ ਹੋਰ ਵੀ ਕਈ ਪਰਿਵਾਰਕ ਗੀਤ ਤਿਆਰ ਹਨ ਜਿਨਾ ਵਿਚੋਂ ‘ਮਾਂ’ ਸ਼ਬਦ ਨਾਲ ਸਬੰਧਿਤ ਗੀਤ ਜਿਹੜਾ ਕਿ ਪਰਦੇਸੀਆਂ ਦੇ ਦਰਦ ਨੂੰ ਬਿਆਨ ਕਰਦਾ ਦਿਲਾਂ ਨੂੰ ਟੁੰਬਦਾ ਗੀਤ ਹੈ, ਯੂ ਕੇ ਦੀ ਮਿਊਜਿਕ ਕੰਪਨੀ ਰੋਇਲ ਅੰਸ਼ ਮਿਊਜਿਕ ਯੂ ਕੇ ਰਾਂਹੀਂ ਜਲਦੀ ਹੀ ਰਿਲੀਜ਼ ਕੀਤਾ ਜਾ ਰਿਹਾ ਹੈ।

ਜਿਸਮਾਨੀ ਤੌਰ ਤੇ ਪਰਦੇਸਾਂ ਦੀ ਧਰਤ ਉਤੇ ਰਹਿੰਦੇ ਹੋਏ ਵੀ ਸੋਚਾਂ ਦੇ ਸਮੁੰਦਰੀਂ ਡੁੱਬੇ ਹੋਏ ਇੰਟਰਨੈਸ਼ਨਲ ਕਲਾਕਾਰ ਮਨੋਜ ਚੋਟਾਲੀਆ ਜੀ ਵਰਗੇ ਜੋ ਆਪਣੇ ਵਤਨ ਨਾਲ ਮੋਹ-ਪਿਆਰ ਤੇ ਮੁਹੱਬਤਾਂ ਦੀਆਂ ਤੰਦਾਂ ਜੋੜ ਕੇ ਸਾਂਝਾਂ ਪਾਲ਼ਦੇ ਪੰਜਾਬ ਦੇ ਵਿਹੜਿਆਂ ਤੇ ਗ਼ਲੀਆਂ ਵਿਚ ਦਿਨੇ ਰਾਤ ਗੇੜੇ ਮਾਰਦੇ ਰਹਿੰਦੇ ਹਨ, ਇਹੋ ਜਿਹੇ ਕਲਾ ਦੇ ਅਨਮੋਲ ਹੀਰਿਆਂ ਦੀ ਸੋਚ ਨੂੰ ਨਤਮਸਤਕ ਹੁੰਦਿਆਂ, ਉਨਾਂ ਦੀ ਤੰਦਰੁਸਤੀ ਤੇ ਚੜਦੀ ਕਲਾ ਦੀਆਂ ਦਿਲੀ ਦੁਆਵਾਂ ਤੇ ਸ਼ੁਭ ਕਾਮਨਾਵਾਂ ਮੰਗਦਾ ਹਾਂ।

**-ਪ੍ਰੀਤਮ ਲੁਧਿਆਣਵੀ (ਚੰਡੀਗੜ), 9876428641**




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# 6 ਦਸੰਬਰ ਲਈ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਅੱਜ 06 ਦਸੰਬਰ ਨੂੰ ਦੇਸ਼ ਵਿਦੇਸ਼ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਬਾਬਾ ਸਾਹਿਬ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਜਾ ਰਿਹਾ ਹੈ।ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ ਹੁਣ ਮੱਧ ਪ੍ਰਦੇਸ਼ ਵਿਚ ਵਿਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਆਪ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾ ਬਾਈ ਮੁਰਬਾਦਕਰ ਸੀ। ਉਹ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਅਛੂਤ ਕਹੀ ਜਾਂਦੀ ਸੀ ਅਤੇ ਹੋਰ ਕਈ ਜਾਤਾਂ ਵਾਂਗ ਹੀ ਸਮਾਜਿਕ ਅਤੇ ਆਰਥਿਕ ਰੂਪ ਨਾਲ ਭੇਦਭਾਵ ਦਾ ਸ਼ਿਕਾਰ ਸੀ। ਆਪ ਦੇ ਪਿਤਾ ਸਤਿਗੁਰੂ ਕਬੀਰ ਦੇ ਭਗਤ ਸਨ। ਆਪ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਸੈਨਾ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਰਤੀ ਸੈਨਾ ਦੀ ਮਊ ਛਾਉਣੀ ਵਿੱਚ ਸੂਬੇਦਾਰ ਦਾ ਦਰਜਾ ਰੱਖਣ ਵਾਲੇ ਫੌਜੀ ਅਫਸਰ ਸਨ। ਸਾਲ1894 ਵਿੱਚ ਪਿਤਾ ਦੀ ਸੇਵਾਮੁਕਤੀ ਤੋਂ ਬਾਦ ਪਰਿਵਾਰ ਸਤਾਰਾ ਚਲਾ ਗਿਆ। ਬਚਪਨ ਵਿੱਚ ਹੀ ਆਪ ਦੀ ਮਾਤਾ ਦੀ ਮੌਤ ਹੋ ਗਈ ਅਤੇ ਬੱਚਿਆਂ ਦੀ ਦੇਖਭਾਲ ਉਨ੍ਹਾਂ ਦੀ ਮਾਸੀ ਦੁਆਰਾ ਕੀਤੀ ਗਈ। ਸਾਲ 1897 ਵਿੱਚ ਆਪ ਦਾ ਪਰਿਵਾਰ ਮੁੰਬਈ ਚਲਾ ਗਿਆ ਜਿੱਥੇ ਅੰਬੇਡਕਰ ਐਲਫਿੰਸਟਨ ਹਾਈ ਸਕੂਲ ਵਿੱਚ ਦਾਖਲ ਹੋਏ।ਇੱਕ ਬ੍ਰਾਹਮਣ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮਹਾਰਾਜਾ ਬੜੋਦਾ ਨੇ ਰਿਆਸਤ ਦੀ ਯੋਜਨਾ ਅਨੁਸਾਰ ਉਚੱ ਵਿੱਦਿਆ ਲਈ ਸਰਕਾਰੀ ਖਰਚੇ ਤੇ ਵਿਦੇਸ਼ ਭੇਜ ਦਿੱਤਾ ਅਤੇ ਆਪ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਆਪ ਦਾ ਵਿਆਹ ਲੱਗਭੱਗ 17 ਸਾਲ ਦੀ ਉਮਰ ਵਿੱਚ ਰਾਮਾ ਬਾਈ ਨਾਲ ਹੋਇਆ ਅਤੇ ਆਪ ਦੇ ਘਰ ਪੰਜ ਬੱਚਿਆਂ ਜਸ਼ਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜ ਰਤਨ ਨੇ ਜਨਮ ਲਿਆ ਪਰ ਜਸਵੰਤ ਰਾਓ ਤੋਂ ਇਲਾਵਾ ਬਾਕੀ ਸਾਰੇ ਬੱਚੇ ਛੋਟੀ ਉਮਰ ਵਿੱਚ ਹੀ ਮਰ ਗਏ। ਮਈ 1935 ਵਿੱਚ ਬਾਬਾ ਸਾਹਿਬ ਦੀ ਜੀਵਨ ਸਾਥਣ ਰਮਾ ਬਾਈ ਬਿਮਾਰੀ ਤੋਂ ਬਾਦ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। 15 ਅਪ੍ਰੈਲ 1948 ਨੂੰ ਆਪ ਨੇ ਡਾਕਟਰ ਸ਼ਾਰਦਾ ਕਬੀਰ ਜਿਸਨੇ ਵਿਆਹ ਤੋਂ ਬਾਦ ਅਪਣਾ ਨਾਮ ਸਵਿਤਾ ਅੰਬੇਡਕਰ ਰੱਖਿਆ ਨਾਲ ਦੂਜਾ ਵਿਆਹ ਕਰਵਾਇਆ। ਪੜਾਈ ਮੁਕੰਮਲ ਕਰਨ ਤੋਂ ਬਾਦ ਮਹਾਰਾਜਾ ਬੜੌਦਾ ਨੇ ਆਪ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਵਿਤਕਰਾ ਹੀ ਝੱਲਣਾ ਪਿਆ, ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉਚੱ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਲੋਕਾਂ ਵਲੋਂ ਕੀਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ 01ਐਂਗਲੋ ਇੰਡੀਅਨ ਲਈ ਰੱਖੀ ਗਈ ਸੀ। ਡਾਕਟਰ ਅੰਬੇਡਕਰ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਅਛੂਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਉਥ ਬੋਰੋਹ ਕਮੇਟੀ ਸਾਹਮਣੇ ਅਛੂਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਕੱਟੜ ਆਗੂਆ ਦੇ ਵਿਰੋਧ ਕਾਰਨ ਅਛੂਤਾਂ ਨੂੰ ਕੋਈ ਲਾਭ ਨਾਂ ਮਿਲਿਆ। ਡਾਕਟਰ ਅੰਬੇਡਕਰ ਅਤੇ ਹੋਰ ਕਈ ਅਛੂਤ ਆਗੂਆਂ ਦੀ ਮੰਗ ਨੂੰ ਵੇਖਦੇ ਹੋਏ ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ1928 ਨੂੰ ਮੁੰਬਈ ਆਇਆ ਜਿਸਦਾ ਕਈ ਕਾਂਗਰਸੀ ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਕਈ ਅਛੂਤ ਆਗੂਆਂ ਨੇ ਆਦਿ ਧਰਮ ਮੰਡਲ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਅਛੂਤਾਂ ਦੇ ਲੱਗਭੱਗ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ।ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਅਛੂਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਡਾਕਟਰ ਅੰਬੇਡਕਰ ਨੇ ਅਛੂਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸੱਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸਦਾ ਕਈ ਕੱਟੜ ਆਗੂਆਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਅਧਿਕਾਰਾਂ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ ਜਿਸ ਨਾਲ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਸਮਝੌਤੇ ਲਈ ਦਬਾਓ ਵੱਧ ਗਿਆ। 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਜਿਸ ਵਿੱਚ ਅਛੂਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ ਰਾਖਵੀਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ, ਵਿੱਦਿਆ ਅਤੇ ਨੌਕਰੀਆਂ ਵਿੱਚ ਅਛੂਤਾਂ ਨੂੰ ਸਹੂਲਤਾਂ ਅਤੇ ਮੌਜੂਦਾ ਰਾਖਵਾਂਕਰਣ ਦੀਆਂ ਸਹੂਲਤਾਂ ਦਿਤੀਆਂ ਗਈਆਂ। ਕਈ ਅਛੂਤ ਆਗੂਆਂ ਨੇ ਇਸ ਪੂਨਾ ਪੈਕਟ ਸਮਝੋਤੇ ਨੂੰ ਕਰੋੜ੍ਹਾਂ ਅਛੂਤਾਂ ਨਾਲ ਧੋਖਾ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। ਆਪ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ ਅਤੇ 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਆਪ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਅਛੂਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਨਾਉਣ ਲਈ ਤਿਆਰ ਹੋ ਗਏ ਪਰ ਸਿੱਖ ਧਰਮ ਦੇ ਕੁੱਝ ਉਚੱ ਜਾਤੀ ਲੀਡਰਾਂ ਕਾਰਨ ਸਿੱਖ ਧਰਮ ਨਾਂ ਅਪਣਾ ਸਕੇ।ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਆਪ ਨੇ ਵੱਖ ਵੱਖ ਧਰਮਾਂ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਅਛੂਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਛੂਆਛਾਤ ਵਿਰੁੱਧ, ਜਨਤਕ ਪੀਣ ਵਾਲੇ ਪਾਣੀ ਦੇ ਸਰੋਤਾਂ ਨੂੰ ਖੋਲ੍ਹਣ ਲਈ ਜਨਤਕ ਅੰਦੋਲਨਾਂ ਦੀ ਸ਼ੁਰੂਆਤ ਕੀਤੀ। ਭਾਰਤ ਦੀ ਵੰਡ ਨੂੰ ਜਾਇਜ਼ ਠਹਿਰਾਉਂਦੇ ਹੋਏ ਉਨ੍ਹਾਂ ਨੇ ਬਾਲ ਵਿਆਹ ਅਤੇ ਮੁਸਲਿਮ ਸਮਾਜ ਵਿੱਚ ਔਰਤਾਂ ਨਾਲ ਹੁੰਦੇ ਦੁਰਵਿਵਹਾਰ ਦੀ ਨਿਖੇਧੀ ਕੀਤੀ। ਪਾਕਿਸਤਾਨ ਦੀ ਮੰਗ ਕਰਨ ਵਾਲੇ ਮੁਸਲਿਮ ਲੀਗ ਦੇ ਲਹੌਰ ਮਤੇ ਤੋਂ ਬਾਅਦ ਅੰਬੇਡਕਰ ਨੇ ਥਾਟਸ ਆਨ ਪਾਕਿਸਤਾਨ ਲਿਖਿਆ ਜਿਸ ਵਿੱਚ ਪਾਕਿਸਤਾਨ ਦੇ ਸੰਕਲਪ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ।ਆਪ ਨੇ ਦੱਬੇ-ਕੁਚਲੇ ਵਰਗਾਂ ਦੇ ਇਸਲਾਮ ਜਾਂ ਈਸਾਈ ਧਰਮ ਵਿੱਚ ਪਰਿਵਰਤਨ ਦਾ ਵਿਰੋਧ ਕਰਦਿਆਂ ਅੱਗੇ ਕਿਹਾ ਕਿ ਜੇਕਰ ਉਹ ਇਸਲਾਮ ਧਾਰਨ ਕਰ ਲੈਂਦੇ ਹਨ ਤਾਂ ਮੁਸਲਿਮ ਗਲਬੇ ਦਾ ਖ਼ਤਰਾ ਵੀ ਅਸਲ ਬਣ ਜਾਂਦਾ ਹੈ ਅਤੇ ਜੇਕਰ ਉਹ ਈਸਾਈ ਧਰਮ ਅਪਣਾ ਲੈਂਦੇ ਹਨ ਤਾਂ ਇਹ ਦੇਸ਼ ਤੇ ਬਰਤਾਨੀਆ ਦੀ ਪਕੜ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ। ਆਪ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ।




ਅਜ਼ਾਦ ਭਾਰਤ ਵਿੱਚ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ 1947 ਨੂੰ ਪੇਸ਼ ਕੀਤਾ ਗਿਆ। 26 ਨਵੰਬਰ 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮੰਨਜੂਰ ਕਰ ਲਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਆਪ ਨੇ ਅਸਤੀਫਾ ਦੇ ਦਿਤਾ। 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਆਪ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਅੰਤਿਮ ਸਮੇਂ ਤੱਕ ਰਾਜ ਸਭਾ ਮੈਂਬਰ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਦਿੱਲੀ ਵਿੱਚ ਅੱਜ ਦੇ ਦਿਨ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ।ਆਪ ਨੇ ਭਾਰਤ ਦੀ ਆਜ਼ਾਦੀ ਲਈ ਮੁਹਿੰਮਾਂ ਅਤੇ ਗੱਲਬਾਤ ਕਰਨ ਵਿੱਚ, ਰਸਾਲੇ ਪ੍ਰਕਾਸ਼ਿਤ ਕਰਨ, ਦਲਿਤਾਂ ਲਈ ਸਿਆਸੀ ਅਧਿਕਾਰਾਂ ਅਤੇ ਸਮਾਜਿਕ ਆਜ਼ਾਦੀ ਦੀ ਵਕਾਲਤ ਕਰਨ ਅਤੇ ਭਾਰਤ ਰਾਜ ਦੀ ਸਥਾਪਨਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।ਡਾਕਟਰ ਅੰਬੇਡਕਰ ਇੱਕ ਨਿਆਂਸ਼ਾਸਤਰੀ, ਅਰਥ ਸ਼ਾਸਤਰੀ, ਸਮਾਜ ਸੁਧਾਰਕ ਅਤੇ ਰਾਜਨੀਤਿਕ ਨੇਤਾ ਸਨ ਜਿਨ੍ਹਾਂ ਨੇ ਸੰਵਿਧਾਨ ਸਭਾ ਦੀਆਂ ਬਹਿਸਾਂ ਵਿੱਚੋਂ ਭਾਰਤ ਦੇ ਸੰਵਿਧਾਨ ਦਾ ਖਰੜ੍ਹਾ ਤਿਆਰ ਕਰਨ ਵਾਲੀ ਕਮੇਟੀ ਦੀ ਅਗਵਾਈ ਕੀਤੀ ਅਤੇ ਪਹਿਲੀ ਕੈਬਨਿਟ ਵਿੱਚ ਕਾਨੂੰਨ ਅਤੇ ਨਿਆਂ ਮੰਤਰੀ ਵਜੋਂ ਕੰਮ ਕੀਤਾ। ਆਪ ਨੇ ਦਲੀਲ ਦਿੱਤੀ ਕਿ ਉਦਯੋਗੀਕਰਨ ਅਤੇ ਖੇਤੀ ਵਿਕਾਸ ਭਾਰਤੀ ਅਰਥਵਿਵਸਥਾ ਨੂੰ ਵਧਾ ਸਕਦੇ ਹਨ। ਆਪ ਨੇ ਭਾਰਤ ਦੇ ਪ੍ਰਾਇਮਰੀ ਉਦਯੋਗ ਵਜੋਂ ਖੇਤੀਬਾੜੀ ਵਿੱਚ ਨਿਵੇਸ਼ ਤੇ ਜ਼ੋਰ ਦਿੱਤਾ। ਆਪ ਨੇ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਵਕਾਲਤ ਕੀਤੀ ਸਿੱਖਿਆ, ਜਨਤਕ ਸਫਾਈ, ਭਾਈਚਾਰਕ ਸਿਹਤ, ਰਿਹਾਇਸ਼ੀ ਸਹੂਲਤਾਂ ਨੂੰ ਬੁਨਿਆਦੀ ਸਹੂਲਤਾਂ ਦੇ ਤੌਰ ਤੇ ਜ਼ੋਰ ਦਿੱਤਾ। 1951 ਵਿੱਚ ਆਪ ਨੇ ਭਾਰਤ ਦੇ ਵਿੱਤ ਕਮਿਸ਼ਨ ਦੀ ਸਥਾਪਨਾ ਕੀਤੀ। ਆਪ ਨੇ ਭਾਰਤੀ ਅਰਥਵਿਵਸਥਾ ਨੂੰ ਵਿਕਸਤ ਕਰਨ ਲਈ ਜਨਮ ਨਿਯੰਤਰਣ ਦੀ ਵਕਾਲਤ ਕੀਤੀ ਅਤੇ ਇਸਨੂੰ ਸਰਕਾਰ ਦੁਆਰਾ ਪਰਿਵਾਰ ਨਿਯੋਜਨ ਲਈ ਰਾਸ਼ਟਰੀ ਨੀਤੀ ਵਜੋਂ ਅਪਣਾਇਆ ਗਿਆ ਹੈ। ਉਸਨੇ ਆਰਥਿਕ ਵਿਕਾਸ ਲਈ ਔਰਤਾਂ ਦੇ ਬਰਾਬਰ ਅਧਿਕਾਰਾਂ ਤੇ ਜ਼ੋਰ ਦਿੱਤਾ। ਭਾਰਤੀ ਰਿਜ਼ਰਵ ਬੈਂਕ ਉਹਨਾਂ ਵਿਚਾਰਾਂ ਤੇ ਆਧਾਰਿਤ ਸੀ ਜੋ ਅੰਬੇਡਕਰ ਨੇ ਹਿਲਟਨ ਯੰਗ ਕਮਿਸ਼ਨ ਨੂੰ ਪੇਸ਼ ਕੀਤੇ। ਡਾਕਟਰ ਅੰਬੇਡਕਰ ਲਈ ਇੱਕ ਯਾਦਗਾਰ ਉਨ੍ਹਾਂ ਦੇ ਦਿੱਲੀ ਸਥਿਤ ਘਰ 26 ਅਲੀਪੁਰ ਰੋਡ ਵਿੱਚ ਸਥਾਪਿਤ ਕੀਤੀ ਗਈ ਸੀ। ਕਈ ਜਨਤਕ ਸੰਸਥਾਵਾਂ ਦਾ ਨਾਮ ਆਪ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ ਅਤੇ ਨਾਗਪੁਰ ਵਿੱਚ ਡਾਕਟਰ ਬਾਬਾ ਸਾਹਿਬ ਅੰਬੇਡਕਰ ਅੰਤਰਰਾਸ਼ਟਰੀ ਹਵਾਈ ਅੱਡਾ ਹੈ। ਡਾਕਟਰ ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਜਲੰਧਰ, ਅੰਬੇਡਕਰ ਯੂਨੀਵਰਸਿਟੀ ਦਿੱਲੀ ਦਾ ਨਾਂ ਵੀ ਉਨ੍ਹਾਂ ਦੇ ਸਨਮਾਨ ਵਿੱਚ ਰੱਖਿਆ ਗਿਆ ਹੈ। ਮਹਾਰਾਸ਼ਟਰ ਸਰਕਾਰ ਨੇ ਲੰਡਨ ਵਿੱਚ ਇੱਕ ਘਰ ਐਕੁਆਇਰ ਕੀਤਾ ਹੈ ਜਿੱਥੇ ਅੰਬੇਡਕਰ 1920 ਦੇ ਦਹਾਕੇ ਵਿੱਚ ਇੱਕ ਵਿਦਿਆਰਥੀ ਦੇ ਰੂਪ ਵਿੱਚ ਰਹਿੰਦੇ ਸਨ ਅਤੇ ਇਸਨੂੰ ਅਜਾਇਬ ਘਰ-ਕਮ-ਸਮਾਰਕ ਵਿੱਚ ਤਬਦੀਲ ਕੀਤੇ ਜਾਣ ਦੀ ਉਮੀਦ ਹੈ। 02 ਅਪ੍ਰੈਲ 1967 ਨੂੰ ਭਾਰਤ ਦੀ ਸੰਸਦ ਵਿੱਚ ਆਪ ਦੀ 12 ਫੁੱਟ ਉੱਚੀ ਕਾਂਸੀ ਦੀ ਮੂਰਤੀ ਸਥਾਪਤ ਕੀਤੀ ਗਈ ਸੀ। 12 ਅਪ੍ਰੈਲ 1990 ਨੂੰ ਡਾਕਟਰ ਅੰਬੇਡਕਰ ਦੇ ਚਿੱਤਰ ਨੂੰ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਰੱਖਿਆ ਗਿਆ ਹੈ। ਆਪ ਦਾ ਇੱਕ ਹੋਰ ਚਿੱਤਰ ਸੰਸਦੀ ਅਜਾਇਬ ਘਰ ਅਤੇ ਸੰਸਦ ਭਵਨ ਦੇ ਪੁਰਾਲੇਖ ਵਿੱਚ ਰੱਖਿਆ ਗਿਆ ਹੈ। ਭਾਰਤੀਡਾਕ ਵਿਭਾਗ ਵਲੋਂ ਬਾਬਾ ਸਾਹਿਬ ਸਬੰਧੀ ਕਈ ਡਾਕ ਟਿਕਟ ਜਾਰੀ ਕੀਤੇ ਹਨ। ਬਾਬਾ ਸਾਹਿਬ ਨੂੰ 1990 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਸਮਾਜਿਕ ਨਿਆਏ ਵਰ੍ਹਾ ਵਜੋਂ ਮਨਾਇਆ। 14 ਅਪ੍ਰੈਲ 2015 ਨੂੰ ਗੂਗਲ ਨੇ ਬਾਬਾ ਸਾਹਿਬ ਦੀ ਫੋਟੋ ਲਗਾਈ ਅਤੇ ਭਾਰਤ ਸਰਕਾਰ ਵਲੋਂ ਵੀ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਅਤੇ 125 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਮਹਾਂਰਾਸ਼ਟਰ ਸਰਕਾਰ ਨੇ 14 ਅਪ੍ਰੈਲ ਦਾ ਦਿਨ ਗਿਆਨ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। 14 ਅਪ੍ਰੈਲ 2020 ਨੂੰ ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 14 ਅਪ੍ਰੈਲ 2021 ਨੂੰ ਬਰਾਬਰਤਾ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ। ਇਸ ਸਾਲ 2022 ਵਿੱਚ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। ਭਾਰਤ ਸਰਕਾਰ ਨੇ ਇਸ ਸਾਲ ਵੀ 14 ਅਪ੍ਰੈਲ ਨੂੰ ਜਨਤਕ ਛੁੱਟੀ ਦਾ ਐਲਾਨ ਕੀਤਾ ਹੈ । ਇਸ ਸਬੰਧੀ ਸੰਯੁਕਤ ਰਾਸ਼ਟਰ ਵਲੋਂ ਵੀ ਵਿਸ਼ੇਸ਼ ਸਮਾਗਮ ਕਰਵਾਏ ਗਏ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦਾ ਐਲਾਨ ਕੀਤਾ ਹੈ। ਅੱਜ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਮੌਕੇ ਤੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ ਉਨ੍ਹਾਂ ਵਲੋਂ ਵਿਖਾਏ ਗਏ ਰਸਤੇ ਤੇ ਚੱਲਕੇ ਵਿਤਕਰਾ ਰਹਿਤ ਬਰਾਬਰਤਾ ਵਾਲਾ ਸਮਾਜ ਬਣਾਇਆ ਜਾਵੇ।

# ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ



ਹਰਦੀਪ ਸਿੰਘ ਚੁੰਬਰ
+91-94636-01616

26 ਨਵੰਬਰ – ਭਾਰਤ ਦਾ ਸੰਵਿਧਾਨ ਦਿਵਸਹੈ, ਇਸ ਨੂੰ ਕਾਨੂੰਨ ਦਿਵਸ ਨੂੰ ਵਜੋਂ ਵੀ ਜਾਣਿਆ ਜਾਂਦਾ ਹੈ। ਇਹ 26 ਨਵੰਬਰ ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਭਾਰਤ ਦੀ ਸੰਵਿਧਾਨ ਸਭਾ ਨੇ 26 ਨਵੰਬਰ, 1949 ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਅਤੇ ਇਹ 26 ਜਨਵਰੀ, 1950 ਨੂੰ ਲਾਗੂ ਹੋਇਆ।

ਸੰਵਿਧਾਨ ਬੁਨਿਆਦੀ ਸਿਧਾਂਤਾਂ ਜਾਂ ਸਥਾਪਿਤ ਘਟਨਾਤਮਿਕਤਾਵਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਰਾਜਨੀਤੀ, ਸੰਗਠਨ ਜਾਂ ਹੋਰ ਕਿਸਮਾਂ ਦੀ ਇਕਾਈ ਦਾ ਕਾਨੂੰਨੀ ਅਧਾਰ ਬਣਦਾ ਹੈ ਅਤੇ ਆਮ ਤੌਰ ਤੇ ਨਿਰਧਾਰਤ ਕਰਦਾ ਹੈ ਕਿ ਉਸ ਇਕਾਈ ਨੇ ਕਿਵੇਂ ਸ਼ਾਸਨ ਕਰਨਾ ਹੈ।ਹਰ ਸੰਵਿਧਾਨ ਦੇ ਸੁਰੂਆਤ ਵਿੱਚ ਉਸ ਦੀ ਪ੍ਰਸਤਾਵਨਾ ਹੁੰਦੀ ਹੈ, ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ/ਉਦੇਸ਼ਿਕਾ ਇਸ ਪ੍ਰਕਾਰ ਹੈ;

### ਪ੍ਰਸਤਾਵਨਾ/ ਉਦੇਸ਼ਿਕਾ

ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਪੂਰਨ ਪ੍ਰਭੂਸਤਾ-ਸੰਪੰਨ ਸੋਸ਼ਲਿਸਟ ਸੈਕੂਲਰ ਡੈਮੋਕ੍ਰੇਟਿਕ ਰੀਪਬਲਿਕ ਵਜੋਂ ਗਠਨ ਕਰਨ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ ਕਰਨ ਦਾ ਵਾਅਦਾ ਕਰਦੇ ਹਾਂ:

ਨਿਆਂ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ;

ਵਿਚਾਰ, ਪ੍ਰਗਟਾਵਾ, ਵਿਸ਼ਵਾਸ, ਵਿਸ਼ਵਾਸ ਅਤੇ ਪੂਜਾ ਦੀ ਆਜ਼ਾਦੀ;

ਰੁਤਬਾ ਅਤੇ ਅਵਸਰ ਦੀ ਸਮਾਨਤਾ;

ਅਤੇ ਉਨ੍ਹਾਂ ਵਿਚਾਲੇ ਸਮੂਹ ਭਾਈਚਾਰੇ ਨੂੰ ਉਤਸ਼ਾਹਤ ਕਰਨਾ ਅਤੇ ਵਿਅਕਤੀ ਦੀ ਮਾਣ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣਾ;

ਅਸੀਂ ਸਾਡੀ ਸੰਵਿਧਾਨ ਸਭਾ ਵਿੱਚ ਨਵੰਬਰ, 1949ਦੇ ਇਸ 26ਵੇਂ ਦਿਨ, ਇਸ ਸੰਵਿਧਾਨ ਨੂੰ ਅਪਣਾਓਂਦੇ ਹਾਂ, ਲਾਗੂ ਕਰਦੇ ਹਾਂ ਅਤੇ ਇਹ ਸੰਵਿਧਾਨ ਆਪਣੇ ਆਪ ਨੂੰ ਅਰਪਿਤ ਕਰਦੇ ਹਾਂ।

ਪ੍ਰਸਤਾਵਨਾ/ਉਦੇਸ਼ਿਕਾਦਾ ਕੀ ਮਤਲਵ ਹੈ?





ਇਕ ਪੇਸ਼ਕਸ਼ ਹੁੰਦੀ ਹੈ, ਇਹ ਇਕ ਦਸਤਾਵੇਜ਼ ਵਿਚ ਇਕ ਸ਼ੁ-ਰੂਆਤੀ ਬਿਆਨ ਹੁੰਦਾ ਹੈ ਜੋ ਦਸਤਾਵੇਜ਼ ਦੇ ਦਰਸ਼ਨ ਅਤੇ ਉਦੇਸ਼ਾਂ ਬਾਰੇ ਦੱਸਦਾ ਹੈ। ਇੱਕ ਸੰਵਿਧਾਨ ਵਿੱਚ, ਇਹ ਆਪਣੇ ਢਾਂਚੇ ਦੀ ਦਿਸ਼ਾ ਅਤੇ ਦਸ਼ਾ ਨੂੰ ਨਿਧਾਰਤ ਕਰਦਾ ਹੈ, ਇਹ ਦਸਤਾਵੇਜ਼ ਦੀ ਸਿਰਜਣਾ ਦੇ ਪਿ-ਛੋਕੜ ਦੇ ਇਤਿਹਾਸ ਅਤੇ ਰਾਸ਼ਟਰ ਦੀਆਂ ਮੁੱਢਲੀਆਂ ਕਦਰਾਂ ਕੀਮਤਾਂ ਅਤੇ ਸਿਧਾਂਤਾਂ ਨੂੰ ਪੇਸ਼ ਕਰਦਾ ਹੈ।

ਪੇਸ਼ਕਾਰੀ ਮੂਲ ਰੂਪ ਵਿੱਚ ਸੰਵਿਧਾਨ ਦਾ ਸਰੋਤ, ਰਾਜ ਦਾ ਸੁਭਾਵ, ਉਦੇਸ਼ਾਂ ਦਾ ਬਿਆਨ, ਅਪਨਾਉਣ ਦੀ ਤਾਰੀਖ ਦੇ ਮੁਦਿਆਂ ਬਿਆਨ ਕਰਦੀ ਹੈ:

### ਪ੍ਰਸਤਾਵ ਦੇ ਹਿੱਸੇ

ਇਹ ਪ੍ਰਸਤਾਵਤ ਦੁਆਰਾ ਸੰਕੇਤ ਦਿੱਤਾ ਗਿਆ ਹੈ ਕਿ ਸੰਵਿਧਾਨ ਦੇ ਅਧਿਕਾਰ ਦਾ ਸਰੋਤ ਭਾਰਤ ਦੇ ਲੋਕਾਂ ਨਾਲ ਹੈ। ਪ੍ਰਸਤਾਵਤ ਭਾਰਤ ਨੂੰ ਇਕ ਪ੍ਰਭੂਸੱਤਾ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਤੰਤਰ ਐਲਾਨਦਾ ਹੈ।

ਪ੍ਰਸਤਾਵ ਦੁਆਰਾ ਦੱਸੇ ਗਏ ਉਦੇਸ਼ ਹਨ, ਸਾਰੇ ਨਾਗਰਿਕਾਂ ਲਈ ਨਿਆਂ, ਆਜ਼ਾਦੀ, ਸਮਾਨਤਾ ਨੂੰ ਸੁਰੱਖਿਅਤ ਕਰਨਾ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖਣ ਲਈ ਭਾਈਚਾਰੇ ਨੂੰ ਉਤਸ਼ਾਹਤ ਕਰਨਾ।

ਤਾਰੀਖ ਦਾ ਜ਼ਿਕਰ ਪ੍ਰਸਤਾਵਤ ਵਿਚ ਕੀਤਾ ਗਿਆ ਹੈ ਜਦੋਂ ਇਸ ਨੂੰ26 ਨਵੰਬਰ, 1949 ਨੂੰ ਅਪਣਾਇਆ ਗਿਆ।

### ਪ੍ਰਸਤਾਵਨਾ ਵਿੱਚ ਮੁੱਖ ਸ਼ਬਦ

ਅਸੀਂ, ਭਾਰਤ ਦੇ ਲੋਕ:ਇਹ ਭਾਰਤ ਦੇ ਲੋਕਾਂ ਦੀ ਪ੍ਰਭੂਸੱਤਾ ਨੂੰ ਦਰਸਾਉਂਦਾ ਹੈ। ਪ੍ਰਭੂਸੱਤਾ ਦਾ ਅਰਥ ਹੈ ਰਾਜ ਦਾ ਸੁਤੰਤਰ ਅਧਿਕਾਰ, ਕਿਸੇ ਵੀ ਹੋਰ ਰਾਜ ਜਾਂ ਬਾਹਰੀ ਸ਼ਕਤੀ ਦੇ ਨਿਯੰਤਰਣ ਦੇ ਅਧੀਨ ਨਹੀਂ ਹੋਣਾ।

ਪ੍ਰਭੂਸਤਾ-ਸੰਪੰਨ: ਇਸ ਸ਼ਬਦ ਦਾ ਅਰਥ ਹੈ ਕਿ ਭਾਰਤ ਦਾ ਆਪਣਾ ਸੁਤੰਤਰ ਅਧਿਕਾਰ ਹੈ ਅਤੇ ਇਹ ਕਿਸੇ ਹੋਰ ਬਾਹਰੀ ਸ਼ਕਤੀ ਦਾ ਦਬਦਬਾ ਹੇਠ ਨਹੀਂ ਹੈ। ਦੇਸ਼ ਵਿਚ, ਵਿਧਾਨ ਸਭਾ ਕੋਲ ਕਾਨੂੰਨ ਬਣਾਉਣ ਦੀ ਸ਼ਕਤੀ ਹੈ ਜੋ ਕੁਝ ਸੀਮਾਵਾਂ ਦੇ ਅਧੀਨ ਹੈ।

ਸਮਾਜਵਾਦੀ: ਇਸ ਸ਼ਬਦ ਦਾ ਅਰਥ ਹੈ ਸਮਾਜ ਨੂੰ ਸਮਾਜ ਦੇ ਲੋਕਾਂ ਦੁਆਰਾ ਸਮੁੱਚੇ ਸਮਾਜ ਦੇ ਲੋਕ ਹਿਤਾਂ ਲਈ ਘੜੇ ਗਏ ਕਾਨੂੰਨਾਂ ਨਾਲ ਸਮਾਜ ਦੇ ਢਾਂਚੇ ਨੂੰ ਪ੍ਰਬੰਧਤ ਕਰਨਾ। ਇਹ ਸ਼ਬਦ ਆਰਥਿਕ, ਸਮਾਜਿਕ, ਰਾਜਨੀਤਿਕ, ਨਿਆਏ ਅਤੇ ਮਾਨਵ ਹਿੱਤ ਵਿਵਸਥਾ ਦੇ ਪ੍ਰਬੰਧਨ ਦੇ ਪ੍ਰੋੜਤਾ ਕਰਦਾ ਹੈ।

ਸੈਕੂਲਰ: ਇਸ ਸ਼ਬਦ ਦਾ ਅਰਥ ਹੈ, ਧਰਮ ਨਿ-ਰਪੱਖ ਅਰਥਾਤ ਰਾਜ ਦੇ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ, ਸੁਰੱਖਿਆ ਅਤੇ ਸਹਾਇਤਾ ਕਰਨਾ ਹੈ।

ਲੋਕਤੰਤਰੀ: ਇਸ ਸ਼ਬਦ ਤੋਂ ਭਾਵ ਹੈ ਕਿ ਦੇਸ਼ ਨੂੰ ਲੋਕਾਂ ਦੁਆਰਾ ਚੁੱਣੇ ਹੋਏ ਨੇਤਾਵਾਂ ਦੁਆਰਾ ਲੋਕਾਂ ਲਈ ਸੰਵਿਧਾਨਦੇ ਨਿਰਦੇਸ਼ ਅਨੁਸਾਰ ਚਲਾਉਣਾ ਹੈ।

ਗਣਤੰਤਰ: ਇਹ ਸ਼ਬਦ ਦਰਸਾਉਂਦਾ ਹੈ ਕਿ ਰਾਜ ਦਾ ਮੁਖੀ ਲੋਕਾਂ ਦੁਆਰਾ ਚੁਣਿਆ ਜਾਂਦਾ ਹੈ। ਭਾਰਤ ਵਿਚ, ਭਾਰਤ ਦਾ ਰਾਸ਼ਟਰਪਤੀ ਰਾਜ ਦਾ ਚੁਣਿਆ ਹੋਇਆ ਮੁਖੀ ਹੁੰਦਾ ਹੈ।

### ਭਾਰਤੀ ਸੰਵਿਧਾਨ ਦੇ ਉਦੇਸ਼

ਸੰਵਿਧਾਨ ਸਰਵਉੱਚ ਕਾਨੂੰਨ ਹੈ ਅਤੇ ਇਹ ਸਮਾਜ ਵਿੱਚ ਅਖੰਡਤਾ ਬਣਾਈ ਰੱਖਣ ਅਤੇ ਇੱਕ ਮਹਾਨ ਰਾਸ਼ਟਰ ਦੇ ਨਿਰਮਾਣ ਲਈ ਨਾਗਰਿਕਾਂ ਵਿੱਚ ਏਕਤਾ ਵਧਾਉਣ ਵਿੱਚ ਸਹਾਇਤਾ ਕਰਦਾ ਹੈ।ਭਾਰਤੀ ਸੰਵਿਧਾਨ ਦਾ ਮੁੱਖ ਉਦੇਸ਼ ਪੂਰੇ ਦੇਸ਼ ਵਿੱਚ ਸਦਭਾਵਨਾ ਨੂੰ ਵਧਾਉਣਾ ਹੈ।ਉਹ ਕਾਰਕ ਜੋ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੇ ਹਨ:

ਇਨਸਾਫ: ਸਮਾਜ ਵਿਚ ਵਿਵਸਥਾ ਬਣਾਈ ਰੱਖਣ ਲਈ ਇਹ ਜ਼ਰੂਰੀ ਹੈ ਕਿ ਭਾਰਤ ਦੇ ਸੰਵਿਧਾਨ ਦੁਆਰਾ ਮੁਹ-ੱਈਆ ਕਰਵਾਏ ਗਏ ਬੁਨਿਆਦੀ ਅਧਿਕਾਰਾਂ ਅਤੇ ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦੇ ਵੱਖ-ਵੱਖ ਪ੍ਰਬੰਧਾਂ ਦੁਆਰਾ ਵਾਅਦਾ ਕੀਤਾ ਜਾਂਦਾ ਹੈ। ਇਸ ਵਿਚ ਤਿੰਨ ਤੱਤ ਸ਼ਾਮਲ ਹਨ, ਜੋ ਸਮਾਜਕ, ਆਰਥਿਕ ਅਤੇ ਰਾਜਨੀਤਿਕ ਹਨ।

ਸਮਾਜਿਕ ਨਿਆਂ – ਸਮਾਜਿਕ ਨਿਆਂ ਦਾ ਅਰਥ ਹੈ ਕਿ ਸੰਵਿਧਾਨ ਜਾਤ, ਧਰਮ, ਲਿੰਗ, ਧਰਮ, ਆਦਿ ਕਿਸੇ ਵੀ ਅਧਾਰ ਤੇ ਬਿਨਾਂ ਕਿਸੇ ਭੇਦਭਾਵ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦਾ ਹੈ।

ਆਰਥਿਕ ਨਿਆਂ– ਆਰਥਿਕ ਨਿਆਂ ਦਾ ਅਰਥ ਹੈ ਕਿ ਲੋਕ ਆਪਣੀ ਦੌਲਤ, ਆਮਦਨੀ ਅਤੇ ਆਰਥਿਕ ਸਥਿਤੀ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕਰ ਸਕਦੇ। ਹਰ ਵਿਅਕਤੀ ਨੂੰ ਇਕ ਬਰਾਬਰ ਅਹੁਦੇ ਲਈ ਬਰਾਬਰ ਦਾ ਭੁਗਤਾਨ ਕਰਨਾ ਲਾਜ਼ਮੀ ਹੈ ਅਤੇ ਸਾਰੇ ਲੋਕਾਂ ਨੂੰ ਆਪਣੀ ਜ਼ਿੰਦਗੀ ਗੁਜ਼ਾਰਨ ਦੇ ਮੌਕੇ ਪ੍ਰਾਪਤ ਕਰਨੇ ਚਾਹੀਦੇ ਹਨ।

ਰਾਜਨੀਤਿਕ ਨਿਆਂ – ਰਾਜਨੀਤਿਕ ਨਿਆਂ ਦਾ ਅਰਥ ਹੈ ਕਿ ਸਾਰੇ ਲੋਕਾਂ ਦਾ ਰਾਜਨੀਤਿਕ ਮੌਕਿਆਂ ਵਿਚ ਹਿੱਸਾ ਲੈਣ ਲਈ ਬਿਨਾਂ ਕਿਸੇ ਭੇਦਭਾਵ ਦੇ ਬਰਾਬਰ, ਸੁਤੰਤਰ ਅਤੇ ਸਹੀ ਅਧਿ-ਕਾਰ ਹੈ।

ਸਮਾਨਤਾ: ਸ਼ਬਦ 'ਸਮਾਨਤਾ' ਦਾ ਅਰਥ ਹੈ ਸਮਾਜ ਦੇ ਕਿਸੇ ਵੀ ਵਰਗ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹਨ ਅਤੇ ਸਾਰੇ ਲੋਕਾਂ ਨੇ ਬਿਨਾਂ ਕਿਸੇ ਭੇਦਭਾਵ ਦੇ ਹਰ ਚੀਜ਼ ਲਈ ਬਰਾਬਰ ਮੌਕੇ ਦਿੱਤੇ ਹਨ। ਕਾਨੂੰਨ ਦੇ ਸਾਹਮਣੇ ਹਰ ਕੋਈ ਬਰਾਬਰ ਹੈ।

ਆਜ਼ਾਦੀ: ਸ਼ਬਦ 'ਲਿਬਰਟੀ' ਦਾ ਅਰਥ ਹੈ ਲੋਕਾਂ ਨੂੰ ਆਪਣੀ ਜ਼ਿੰਦਗੀ ਜਿਉਂਣ ਦੀ ਚੋਣ ਕਰਨ, ਸਮਾਜ ਵਿਚ ਰਾਜਨੀਤਿਕ ਵਿਚਾਰਾਂ ਅਤੇ ਵਿਵਹਾਰ ਦੀ ਆਜ਼ਾਦੀ। ਆਜ਼ਾਦੀ ਦਾ ਅਰਥ ਕੁਝ ਵੀ ਕਰਨ ਦੀ ਆਜ਼ਾਦੀ ਨਹੀਂ ਹੈ, ਇਕ ਵਿਅਕਤੀ ਕੁਝ ਵੀ ਕਰ ਸਕਦਾ ਹੈ ਪਰ ਕਾਨੂੰਨ ਦੁਆਰਾ ਨਿਰਧਾਰਤ ਸੀਮਾ ਵਿਚ।

ਭਰੱਪਣ: ਸ਼ਬਦ 'ਭਾਈਚਾਰਾ' ਦਾ ਅਰਥ ਹੈ ਭਾਈਚਾਰੇ ਦੀ ਭਾਵਨਾ ਅਤੇ ਦੇਸ਼ ਅਤੇ ਸਾਰੇ ਲੋਕਾਂ ਨਾਲ ਭਾਵਨਾਤਮਕ ਲਗਾਵ। ਭਾਈਚਾਰੇ ਵਾਲੇ ਰਾਸ਼ਟਰ ਵਿਚ ਮਾਣ ਅਤੇ ਏਕਤਾ ਨੂੰ ਵਧਾਉਣ ਵਿਚ ਸਹਾਇਤਾ ਕਰਦਾ ਹੈ।

### ਉਦੇਸ਼ਾਂ ਦੀ ਮਹੱਤਤਾ:

ਇਹ ਜੀਵਨ ਦਾ ਇੱਕ ਢੰਗ ਪ੍ਰਦਾਨ ਕਰਦਾ ਹੈ। ਇਸ ਵਿੱਚ ਖੁਸ਼ਹਾਲ ਜ਼ਿੰਦਗੀ ਦੀ ਧਾਰਣਾ ਵਜੋਂ ਭਾਈਚਾਰਾ, ਆਜ਼ਾਦੀ ਅਤੇ ਸਮਾਨਤਾ ਸ਼ਾਮਲ ਹੁੰਦੀ ਹੈ ਅਤੇ ਜੋ ਇਕ ਦੂਜੇ ਤੋਂ ਨਹੀਂ ਲਈ ਜਾ ਸਕਦੀ।

ਆਜ਼ਾਦੀ ਨੂੰ ਬਰਾਬਰੀ ਤੋਂ ਤਲਾਕ ਨਹੀਂ ਦਿੱਤਾ ਜਾ ਸਕਦਾ, ਬਰਾਬਰੀ ਨੂੰ ਅਜ਼ਾਦੀ ਤੋਂ ਤਲਾਕ ਨਹੀਂ ਦਿੱਤਾ ਜਾ ਸਕਦਾ। ਨਾ ਹੀ ਆਜ਼ਾਦੀ ਅਤੇ ਸਮਾਨਤਾ ਨੂੰ ਭਰੱਪਣ ਤੋਂ ਤਲਾਕ ਦਿੱਤਾ ਜਾ ਸਕਦਾ ਹੈ।

ਬਰਾਬਰੀ ਦੇ ਬਗੈਰ, ਆਜ਼ਾਦੀ ਬਹੁਤ ਸਾਰੇ ਲੋਕਾਂ ਤੇ ਬਹੁਤ ਸਾਰੇ ਲੋਕਾਂ ਦਾ ਸਰਵਉਚਤਾ ਪੈਦਾ ਕਰਦੀ ਹੈ।

ਆਜ਼ਾਦੀ ਤੋਂ ਬਗੈਰ ਬਰਾਬਰਤਾ ਵਿਅਕਤੀਗਤ ਪਹਿਲਕਦਮੀ ਨੂੰ ਖਤਮ ਕਰ ਦੇਵੇਗੀ।

ਭਰੱਪਣ ਦੇ ਬਗੈਰ, ਆਜ਼ਾਦੀ ਬਹੁਤ ਸਾਰੇ ਲੋਕਾਂ ਤੇ ਬਹੁਤ ਸਾਰੇ ਲੋਕਾਂ ਦਾ ਸਰਵਉਚਤਾ ਪੈਦਾ ਕਰਦੀ ਹੈ।

ਭਰੱਪਣ ਦੇ ਬਗੈਰ, ਆਜ਼ਾਦੀ ਅਤੇ ਬਰਾਬਰੀ ਚੀਜ਼ਾਂ ਦਾ ਕੁਦਰਤੀ ਤਰੀਕਾ ਨਹੀਂ ਬਣ ਸਕਦਾ।

### ਪ੍ਰਸਤਾਵਨਾ ਦੀ ਸੋਧ

42 ਵਾਂ ਸੋਧ ਐਕਟ, 1976: ਕੇਸਾਵਾਨੰਦ ਭਾਰਤੀ ਕੇਸ ਦੇ ਫੈਸਲੇ ਤੋਂ ਬਾਅਦ, ਇਹ ਸਵੀਕਾਰ ਕਰ ਲਿਆ ਗਿਆ ਕਿ ਪ੍ਰਸਤਾਵਨਾ ਸੰਵਿਧਾਨ ਦਾ ਹਿੱਸਾ ਹੈ। ਸੰਵਿਧਾਨ ਦੇ ਇੱਕ ਹਿੱਸੇ ਦੇ ਤੌਰ ਤੇ, ਪ੍ਰਸਤਾਵ ਨੂੰ ਸੰਵਿਧਾਨ ਦੇ ਅਨੁਛੇਦ 368 ਦੇ ਅਧੀਨ ਸੋਧਿਆ ਜਾ ਸਕਦਾ ਹੈ, ਪਰ ਪ੍ਰਸਤਾਵਨਾ ਦੇ ਮੁਢਲੇ ਢਾਂਚੇ ਵਿੱਚ ਸੋਧ ਨਹੀਂ ਕੀਤੀ ਜਾ ਸਕਦੀ।ਕਿਉਂਕਿ ਸੰਵਿਧਾਨ ਦਾ ਢਾਂਚਾ ਪ੍ਰਸਤਾਵ ਦੇ ਮੁਢਲੇ ਤੱਤ 'ਤੇ ਅਧਾਰਤ ਹੈ। ਹੁਣ ਤੱਕ, ਪ੍ਰਸਤਾਵਨਾ ਸਿਰਫ 42 ਵੇਂ ਸੋਧ ਐਕਟ, 1976 ਦੁਆਰਾ ਇੱਕ ਵਾਰ ਸੰਸ਼ੋਧਿਤ ਕੀਤੀ ਗਈ ਹੈ।'ਸਮਾਜਵਾਦੀ'/ 'ਸੈਕੂਲਰ' ਸ਼ਬਦ ਨੂੰ 42 ਵੇਂ ਸੋਧ ਐਕਟ, 1976 ਰਾਹੀਂ ਪ੍ਰਸਤਾਵ ਵਿੱਚ ਸ਼ਾਮਲ ਕੀਤਾ ਗਿਆ ਸੀ।

### ਘੱਟ ਗਿਣਤੀਆਂ ਦੀ ਪਛਾਣ ਅਤੇ ਸੁਰਖਿਆ

ਭਾਰਤ ਦਾ ਸੰਵੀਧਾਨ ਘੱਟ ਗਿਣਤੀਆਂ ਦੀ ਪਛਾਣ ਕਰਨ, ਉਹਨਾ ਦੀ ਸੁਰਖਿਆ ਕਰਨ ਦੀ ਬਚਨਬੱਧਤਾ ਦਰਸਾਉਂਦਾ ਹੈ। ਜਿਸ ਦੇ ਅਨੁਸਾਰ ਕਮਿਸ਼ਨ ਬਨਾਉਣ ਦਾ ਕੰਮ ਕੀਤੇ ਗਏ, ਉਹਨਾ ਦੀਆਂ ਬਣਾਈਆਂ ਰਿਪੋਰਟਾਂ ਨੂੰ ਲਾਗੂ ਕਰਨ ਦੇ ਕੰਮ ਕੀਤੇ ਗਏ। ਕਾਲੇਲਕਰ ਕਮਿਸ਼ਨ (1955) ਅਤੇ ਮੰਡਲ ਕਮਿਸ਼ਨ (1980) ਦੇ ਅਨੁਸਾਰ ਦੇਸ਼ ਵਿੱਚ ਪੱਛੜੀਆਂ ਸ਼੍ਰੇਣੀਆਂ ਦੀਆਂ ਸਥਿਤੀਆਂ ਨੂੰ ਵੇਖਣ ਲਈ ਬਣਾਇਆ ਗਿਆ ਸੀ। ਕਾਲੇਲਕਰ ਕਮਿਸ਼ਨ ਦੁਆਰਾ "ਹੋਰ ਪੱਛੜੀਆਂ ਸ਼੍ਰੇਣੀਆਂ" ਦੀ ਪਛਾਣ ਲਈ ਕੋਈ ਨਿਰਧਾਰਤ ਮਾਪਦੰਡ ਮੁਹੱਈਆ ਨਹੀਂ ਕਰਵਾਏ ਗਏ ਸਨ। ਜਦੋਂ ਕਿ, ਮੰਡਲ ਕਮਿਸ਼ਨ ਨੇ ਕਿਹਾ ਹੈ ਕਿ "ਸਮਾਜਕ ਅਤੇ ਵਿਦਿਅਕ ਤੌਰ 'ਤੇ ਪਿੱਛੜੇ ਹੋਏ" ਜ਼ਰੂਰੀ ਨਹੀਂ ਕਿ "ਆਰਥਿਕ ਤੌਰ' ਤੇ ਪਛੜੇ ਹੋਣ। ਕਮਿਸ਼ਨ ਨੇ ਪਾਇਆ ਕਿ ਜਮਾਤੀ ਪਛੜੇਪਨ ਨੀਵੀਂ ਜਾਤ ਦਾ ਵਰਤਾਰਾ ਸੀ, ਇਸ ਲਈ, ਇੱਕ ਵਰਗ ਦੇ ਪੱਛੜੇਪਣ ਬਾਰੇ ਫੈਸਲਾ ਲੈਣ ਲਈ ਮਾਪਦੰਡ ਹੇਠਾਂ ਦਿੱਤੇ ਗਏ ਹਨ:

- ਹਿੰਦੂ ਸੁਸਾਇਟੀ ਦੇ ਰਵਾਇਤੀ ਜਾਤੀ ਲੜੀ ਵਿਚ ਨੀਂਵੀ ਸਮਾਜਿਕ ਸਥਿਤੀ ਹੋਣਾ।
- ਇੱਕ ਪਛੜੇ ਵਰਗ ਜਾਂ ਕਮਿਊਨਿਟੀ ਦੇ ਪ੍ਰਮੁੱਖ ਵਰਗ ਲਈ ਆਮ ਸਿੱਖਿਆ ਦੇ ਮੌਕਿਆਂ ਦੀ ਘਾਟ ਹੋਣਾ।
- ਜਨਤਕ ਸੇਵਾ ਦੇ ਮਾਮਲਿਆਂ ਵਿਚ ਨਾਕਾਫੀ ਜਾਂ ਕੋਈ ਅਵਸਰ ਨਹੀਂ ਹੋਣਾ।
- ਵਪਾਰ, ਵਣਜ ਅਤੇ ਉਦਯੋਗ ਵਿਚ ਢੁਕਵੀਂ ਨੁਮਾਇੰਦਗੀ ਨਾਂ ਹੋਣਾ।

ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਸੁਰੱਖਿਆ ਲਈ ਭਾਰਤੀ ਸੰਵਿਧਾਨ ਵਿਚ ਵਿਸ਼ੇਸ਼ ਵਿਵਸਥਾਵਾਂ ਰੱਖੀਆਂ ਗਈਆਂ ਹਨ।

ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਮਾਨਤਾ ਦਿੰਦੇ ਹੋਏ, ਭਾਰਤ ਦਾ ਸੰਵਿਧਾਨ ਉਨ੍ਹਾਂ ਨੂੰ ਨਾ ਸਿਰਫ ਆਰਟੀਕਲ 14 ਦੇ ਅਧੀਨ ਕਾਨੂੰਨ ਦੀ ਬਰਾਬਰੀ ਦੀ ਗਰੰਟੀ ਦਿੰਦਾ ਹੈਪਰ ਰਾਜ ਦੇ ਅਧਿਕਾਰ ਮਾਨਣਦਾ ਹੱਕ ਦਿੰਦਾ ਹੈ ਕਿ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹੱਕ ਵਿਚ ਵਿਸ਼ੇਸ਼ ਧਾਰਾਵਾਂ ਨੂੰ ਉਨ੍ਹਾਂ ਦੇ ਸਮਾਜ ਵਿਚ ਉੱਨਤੀ ਲਈ ਆਰਟੀਕਲ 15 (4) ਦੇ ਤਹਿਤ ਵਿਸ਼ੇਸ਼ ਪ੍ਰਬੰਧ ਕਰੇ।ਇਹ ਰਾਜ ਨੂੰ ਅਧਿਕਾਰ ਵੀ ਦਿੰਦਾ ਹੈ ਕਿ ਧਾਰਾ 16 (4) ਅਧੀਨ ਕਿਸੇ ਵੀ ਪਛੜੇ ਵਰਗ ਦੇ ਹੱਕ ਵਿੱਚ ਨਿਯੁਕਤੀਆਂ ਅਤੇ ਤਰੱਕੀਆਂ ਲਈ ਰਾਖਵੇਂਕਰਨ ਦਾ ਪ੍ਰਬੰਧ ਕਰੇ।ਸੰਵਿਧਾਨ ਵਿਚ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਸੁਰੱਖਿਆ ਦੀ ਗਰੰਟੀ ਦੇਣ ਵਾਲੇ ਪ੍ਰਾਵਧਾਨਾਂ ਦਾ ਅਧਿਐਨ 3 ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ ਅਰਥਾਤ।

1 ਸਮਾਜਕ ਹਿੱਤਾਂ ਦੀ ਰੱਖਿਆ
2 ਆਰਥਿਕ ਹਿੱਤ ਦੀ ਰੱਖਿਆ
3 ਰਾਜਨੀਤਿਕ ਹਿੱਤਾਂ ਦੀ ਰੱਖਿਆ

### ਸਮਾਜਿਕ ਹਿੱਤਾਂ ਦੀ ਰੱਖਿਆ

ਘੱਟ ਗਿਣਤੀਆਂ ਦੇ ਸਮਾਜਿਕ ਹਿੱਤਾਂ ਦੀ ਰਾਖੀ ਧਾਰਾ 14 ਅਧੀਨ ਰੱਖੀ ਗਈ ਹੈ ਜੋ ਕਾਨੂੰਨ ਦੇ ਸਾਹਮਣੇ ਬਰਾਬਰਤਾ ਦੀ ਗੱਲ ਕਰਦੀ ਹੈ।ਇਸਦਾ ਅਰਥ ਇਹ ਹੈ ਕਿ ਕਿਸੇ ਨਾਲ ਵੀ ਜਾਤ, ਰੰਗ, ਲਿੰਗ, ਜਾਤੀ ਆਦਿ ਦੇ ਅਧਾਰ 'ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ, ਆਰਟੀਕਲ 15 (4) ਸਮਾਜਿਕ ਅਤੇ ਵਿਦਿਅਕ ਤੌਰ' ਤੇ ਪਛੜੇ ਲੋਕਾਂ ਦੀ ਉੱਨਤੀ ਲਈ ਵਿਸ਼ੇਸ਼ ਪ੍ਰਬੰਧਾਂ ਨੂੰ ਦਰਸਾਉ-ਂਦਿਆਂ ਸਮਾਜਿਕ ਹਿੱਤਾਂ ਦੀ ਰਾਖੀ ਬਾਰੇ ਗੱਲ ਕਰਦਾ ਹੈ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਸਮੇਤ ਕਲਾਸਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਆਰਟੀਕਲ 16 ਕਿਸੇ ਵੀ ਰੂਪ ਵਿਚ ਅਛੂਤਤਾ ਦੇ ਖਾਤਮੇ ਅਤੇ ਇਸ ਦੀ ਸੁਰ-ੱਖਿਆ ਦੇ ਕੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਕਰਦਾ ਹੈ। ਆਰਟੀਕਲ 30 ਸਾਰੀਆਂ ਘੱਟ ਗਿਣਤੀਆਂ ਦਾ ਪ੍ਰਬੰਧ ਕਰਦਾ ਹੈ, ਭਾਵੇਂ ਉਹ ਧਰਮ ਜਾਂ ਭਾਸ਼ਾ ਦੇ ਅਧਾਰ ਤੇ ਹੋਵੇ, ਆਪਣੀ ਪਸੰਦ ਦੇ ਵਿਦਿਅਕ ਅਦਾਰਿਆਂ ਦੀ ਸਥਾਪਨਾ ਅਤੇ ਪ੍ਰਬੰਧਨ ਦਾ ਅਧਿਕਾਰ ਦਿੰਦਾ ਹੈ। ਆਰਟੀਕਲ 341 ਅਤੇ ਆਰਟੀਕਲ 342 ਘੱਟ ਗਿਣਤੀਆਂ ਲਈ ਆਪਣੇ ਸਮਾਜਿਕ ਹਿੱਤਾਂ ਦੀ ਰਾਖੀ ਲਈ ਵੱਖ ਵੱਖ ਵਿਵਸਥਾਵਾਂ ਵੀ ਪ੍ਰਦਾਨ ਕਰਦਾ ਹੈ।

### ਆਰਥਿਕ ਹਿੱਤ ਦੀ ਰੱਖਿਆ

ਸੰਵਿਧਾਨ ਦੇ ਆਰਟੀਕਲ 46 ਵਿਚ ਰੱਖੇ ਆਰਥਿਕ ਹਿੱਤਾਂ ਦੀ ਰੱਖਿਆ ਜਿਸ ਵਿਚ ਕਿਹਾ ਗਿਆ ਹੈ ਕਿ ਰਾਜ ਲੋਕਾਂ ਦੇ ਕਮਜ਼ੋਰ ਵਰਗਾਂ ਅਤੇ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਦਿਅਕ ਅਤੇ ਆਰਥਿਕ ਹਿੱਤਾਂ ਨੂੰ ਵਿਸ਼ੇਸ਼ ਧਿਆਨ ਨਾਲ ਉਤਸ਼ਾਹਤ ਕਰੇਗਾ ਅਤੇ ਉਹਨਾਂ ਨੂੰ ਸਮਾਜਿਕ ਬੇਇਨਸਾਫੀ ਅਤੇ ਹਰ ਕਿਸਮ ਦੇ ਸ਼ੋਸ਼ਣ ਤੋਂ ਬਚਾਏਗਾ। ਆਰਟੀਕਲ 275 (1) ਦੇ ਤਹਿਤ ਅਨੁਸੂਚਿਤ ਖੇਤਰਾਂ ਦੀ ਭਲਾਈ ਅਤੇ ਅਨੁਸੂਚਿਤ ਖੇਤਰਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਗ੍ਰਾਂਟ-ਇਨ-ਏਡ ਦੇ ਰੂਪ ਵਿੱਚ ਹਰ ਸਾਲ ਭਾਰਤ ਦੇ ਇੱਕਤਰ ਫੰਡ ਤੋਂ ਇੱਕ ਵਿਸ਼ੇਸ਼ ਵਿੱਤੀ ਸਹਾਇਤਾ ਫੰਡ ਕੱਢਿਆ ਜਾਂਦਾ ਹੈ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਮੈਂਬਰਾਂ ਦੇ ਦਾਅਵਿਆਂ ਲਈ ਆਰਟੀਕਲ 335 ਵਿਚ ਦਰਸਾਏ ਗਏ ਪ੍ਰਬੰਧਾਂ ਨੂੰ ਪ੍ਰਸ਼ਾਸਨ ਦੀ ਕੁਸ਼ਲਤਾ ਦੀ ਸੰਭਾਲ ਅਤੇ ਸੇਵਾਵਾਂ ਅਤੇਯੂਨੀਅਨ ਜਾਂ ਰਾਜ ਦੇ ਅਹੁਦਿਆਂ 'ਤੇ ਨਿਯੁਕਤੀਆਂ ਦੇ ਮਾਮਲਿਆਂ ਵਿਚ ਧਿਆਨ ਵਿਚ ਰੱਖਿਆ ਜਾਵੇਗਾ।

### ਰਾਜਨੀਤਿਕ ਹਿੱਤਾਂ ਦੀ ਰੱਖਿਆ

ਸਮਾਜਿਕ ਤੌਰ ਤੇ ਪਛੜੇ ਸਮੂਹਾਂ ਦੇ ਹਿੱਤਾਂ ਦੀ ਸੁਰੱਖਿਆ ਅਤੇ ਉਨਤੀ ਲਈ ਕਈ ਸੰਵਿਧਾਨਕ ਵਿਵਸਥਾਵਾਂ ਮੌਜੂਦ ਹਨ। ਆਰਟੀਕਲ244 ਅਤੇ 329 ਕਿਸੇ ਵੀ ਖੇਤਰ ਵਿੱਚ ਅਨੁਸੂਚਿਤ ਖੇਤਰਾਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਪ੍ਰਸ਼ਾਸਨ ਨੂੰ ਨਿਯੰਤਰਿਤ ਕਰਦੇ ਹਨ।ਆਰਟੂਕਲ330 ਅਤੇ 332 ਵਿਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਸੀਟਾਂ ਦੇ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ।

# ਸ੍ਰੀ ਗੁਰੂ ਨਾਨਕ ਦੇਵ ਜੀ- ਮਹਾਂਕਵੀ ਤੇ ਮਸੀਹਾ



ਉਹ ਸਭ ਲੋਕ ਜੋ ਪਿਛਲੀਆਂ ਪੰਜ ਸਦੀਆਂ ਦੇ ਸਮੇਂ 'ਚ ਪੰਜ ਦਰਿਆਵਾਂ ਦੀ ਪਵਿੱਤਰ ਤੇ ਪੁਰਾਤਨ ਮਿੱਟੀ 'ਚ ਪੈਦਾ ਹੋ ਕੇ, ਇਸ ਵਿਚ ਸਮਾਅ ਚੁੱਕੇ ਹਨ- ਭਾਵ ਉਸ ਭੂਮੀ ਦੀ ਸੰਤਾਨ ਜੋ ਭਾਰਤ ਦੇ ਉੱਤਰ-ਪੱਛਮੀ ਭਾਗ 'ਚ ਦੂਰ ਤੱਕ ਪੱਸਰੀ ਹੋਈ ਹੈ- ਨਿਸਚੇ ਹੀ ਬਾਬਾ ਗੁਰੂ ਨਾਨਕ ਦੇਵ ਜੀ (ਅਪ੍ਰੈਲ 15, 1469- ਸਤੰਬਰ 22, 1539 ਈਸਵੀ) ਦੀ ਪ੍ਰਕਾਸ਼ਮਈ ਰੂਹਾਨੀ ਉਪਸਥਿਤੀ ਤੋਂ ਆਤਮਿਕ ਧਰਵਾਸ ਤੇ ਪ੍ਰੇਰਣਾਤਮਕ ਸ਼ਕਤੀ ਪ੍ਰਾਪਤ ਕਰਦੇ ਆ ਰਹੇ ਹਨ। ਇਸ ਸਾਰੇ ਸਮੇਂ 'ਚ ਆਮ ਲੋਕਾਂ ਤੇ ਜੋ ਵੀ ਅੱਤਿਆਚਾਰ ਤੇ ਵਧੀਕੀਆਂ ਹੋਈਆਂ- ਭਾਵੇਂ, ਉਹ ਉਨ੍ਹਾਂ ਦੇ ਆਪਣੇ ਸਮੂਹਿਕ ਚਰਿੱਤਰ ਦੀਆਂ ਕਮਜ਼ੋਰੀਆਂ ਕਾਰਨ ਵਾਪਰੀਆਂ; ਨਿਰਦਈ ਸਥਾਨਕ ਸ਼ਾਸਕਾਂ ਦੁਆਰਾ ਜਾਂ ਫਿਰ ਜ਼ੁਲਮੀ ਵਿਦੇਸ਼ੀ ਹਮਲਾਵਰਾਂ ਨੇ ਕੀਤੀਆਂ- ਗੁਰੂ ਜੀ ਵਲੋਂ ਬਖਸ਼ੀ 'ਧੁਰ ਕੀ ਬਾਣੀ'- ਸਿੱਧੇ ਸੱਤ ਕਥਨ, ਜੋ ਰੂਹ ਨੂੰ ਝੰਜੋੜ ਦੇਣ ਵਾਲੀ ਕਾਵਿ ਸ਼ੈਲੀ, ਲੋਕਾਂ ਦੀ ਆਪਣੀ ਸਟੀਕ ਬੋਲੀ 'ਚ ਰਚਿਤ ਹਨ- ਸਦਾ ਹੀ ਸਹੀ ਤੇ ਸਾਂਝੀਵਾਲਤਾ ਦੇ ਮਾਰਗ 'ਤੇ ਤੁਰਨ ਵਾਲਿਆਂ ਦੀਆਂ ਰੂਹਾਂ ਨੂੰ ਰੁਸ਼ਨਾਉਂਦੀ ਰਹੀ ਹੈ। ਜਦੋਂ ਚਾਰ ਸੌ ਵਰ੍ਹਿਆਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਪੰਜਾਬ ਦੇ ਲੋਕਾਂ ਨੂੰ ਰਾਜਨੀਤੀ ਦੀ ਤਿੱਖੀ ਤੇ ਫ਼ਰੇਬੀ ਤਲਵਾਰ ਨਾਲ ਦੋ ਟੋਟਿਆਂ 'ਚ ਵੱਢ ਦਿੱਤਾ ਗਿਆ ਸੀ, ਮੇਰੇ 'ਬਾਲ' ਮਨ ਦੇ ਕੰਨਾਂ ਦੇ ਧੁਰ ਅੰਦਰ ਇਕ ਦਰਦ ਭਰਿਆ ਗੀਤ ਗੂੰਜਿਆ ਸੀ, ਉਨਨਕਾਣੇ ਵੱਲ ਨੂੰ ਜਾਂਦਿਆ ਰਾਹੀਆ ਵੇ, ਮੇਰੇ ਪ੍ਰੀਤਮ ਨੂੰ ਸੰਦੇਸ਼ਾ ਦੇਵੀਂ ਜਾ..."

ਆਦਰਯੋਗ ਵਿਦਵਾਨ ਸਰੋਤੇ ਮਿਤਰੋ ਮੈਂ ਆਪਣੇ ਅੱਜ ਦੇ ਇਸ ਗੰਭੀਰ ਵਿਸ਼ੇ ਦੇ ਵਿਸਤਾਰ 'ਚ ਜਾਣ ਤੋਂ ਪਹਿਲਾਂ ਤੁਹਾਡੇ ਨਾਲ ਕੁਝ ਤੱਥ ਤੇ ਹਵਾਲੇ ਸਪੱਸ਼ਟ ਕਰ ਦੇਣੇ ਜ਼ਰੂਰੀ ਸਮਝਦਾ ਹਾਂ। ਸਭ ਤੋਂ ਪਹਿਲਾਂ ਸਾਨੂੰ ਇਹ ਸੱਚਾਈ ਸਵੀਕਾਰ ਕਰਕੇ ਅੱਗੇ ਤੁਰਨਾ ਹੈ ਕਿ 'ਗੁਰੂ ਨਾਨਕ ਜੀ ਦੇ ਆਪਣੇ ਹਸਤ ਲਿਖਤ ਦਾ ਕੋਈ ਹਵਾਲਾ-ਦਸਤਾਵੇਜ਼ ਸਮੇਂ ਦੀਆਂ ਪ੍ਰਕ੍ਰਿਆ 'ਚ ਸਾਡੇ ਪਾਸ ਨਹੀਂ ਬਚ ਸਕਿਆ।' ਪੁਰਾਤਨ ਹਸਤਲਿਖਤ ਖਰੜਿਆਂ ਦੇ ਅਤਿ ਪ੍ਰੀਸ਼ਰਮੀ ਤੇ ਇਮਾਨਦਾਰ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਜੀ ਨੇ ਸਮਝਾਇਆ ਹੈ ਕਿ ਗੁਰਮੁਖੀ ਤੇ ਦੇਵਨਾਗਰੀ ਲਿਪੀਆਂ 'ਚ ਸ਼ਬਦ ਸਮੂਹਾਂ ਨੂੰ ਲੋੜ ਅਨੁਸਾਰ ਜੁਦਾ ਕਰਕੇ ਨਾ ਲਿਖਣ ਦੀ ਪ੍ਰਚਲਤ ਪ੍ਰੰਪਰਾ ਨੇ ਇਕ ਵੱਡੀ ਔਕੜ ਪੈਦਾ ਕਰ ਰੱਖੀ ਸੀ ਤੇ ਪਾਠ ਕਰਨ ਵਾਲਿਆਂ ਨੂੰ ਐਸੀ ਟੈਕਸਟ- ਅਸਲ ਇਬਾਰਤ- ਨੂੰ ਠੀਕ ਪੜ੍ਹਨ ਲਈ ਲੰਬੇ ਅਭਿਆਸ ਤੇ ਯੋਗ ਸਿੱਖਿਆ ਦੀ ਅਵੱਸ਼ਕਤਾ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਭ ਸਮੱਸਿਆਵਾਂ ਦੀਆਂ ਗੁੰਝਲਾਂ ਨੂੰ ਪਹਿਚਾਣਦੇ ਹੋਏ, ਆਪਣੇ ਪੂਰੀ ਤਰ੍ਹਾਂ ਪਰਖੇ ਤੇ ਵਿਸ਼ਵਾਸਯੋਗ ਉੱਤਰਾਧਿਕਾਰੀ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੀ ਪਦਵੀ ਪ੍ਰਦਾਨ ਕਰਦੇ ਹੋਏ, ਆਪਣੀਆਂ ਸਭ ਰਚਨਾਵਾਂ ਤੇ ਹੋਰ ਸੋਚ-ਵਿਚਾਰ ਦੀ ਸਾਂਝ ਵਾਲੇ ਸੰਤ-ਕਵੀਆਂ ਦੀਆਂ ਚੋਣਵੀਆਂ ਲਿਖਤਾਂ- ਜੋ ਉਨ੍ਹਾਂ ਨੇ ਆਪਣੀਆਂ ਲੰਬੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਮਹਾਂਪੁਰਸ਼ਾਂ ਨਾਲ ਗਹਿਰੇ ਪ੍ਰਵਚਨ ਕਰਦੇ ਹੋਏ ਇਕੱਤ੍ਰਿਤ ਕੀਤੀਆਂ ਸਨ- ਸੌਂਪ ਦਿੱਤੀਆਂ। ਇਸ ਤਰ੍ਹਾਂ ਕੁਲ 974 ਭਜਨ, ਸ਼ਬਦ, ਗੀਤ- ਜੋ ਭਾਰਤੀ ਕਲਾਸੀਕਲ ਸੰਗੀਤ ਦੇ 19 ਪ੍ਰਮੁੱਖ ਰਾਗਾਂ 'ਚ ਰਚੇ ਗਏ ਹਨ- ਤੇ ਗੁਰੂ ਨਾਨਕ ਦੇਵ ਜੀ ਦੀ ਪ੍ਰਵਾਨਿਤ ਬਾਣੀ ਦੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਪੰਜਵੇਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਨ ਕਰਕੇ ਸ਼ਾਮਿਲ ਕੀਤੇ ਗਏ ਹਨ। ਗੁਰੂ ਨਾਨਕ ਜੀ ਦੀ ਬਾਣੀ ਦਾ ਪ੍ਰਮੁੱਖ ਹਿੱਸਾ ਚੌਪਾਈਆਂ ਤੇ ਹੋਰ ਪ੍ਰਚਲਤ ਕਾਵਿਕ ਰੂਪਾਂ 'ਚ ਰਚਿਤ ਹੈ ਜਿਸ ਵਿਚ 'ਸਦਾਚਾਰ, ਦਰਸ਼ਨ ਤੇ ਬ੍ਰਹਮੰਡ ਦੇ ਸੰਪੂਰਣ ਸੰਕਲਪ' ਨਾਲ ਸੰਬੰਧਤ ਵਿਸ਼ੇ ਹਨ।

ਗੁਰੂ ਨਾਨਕ ਜੀ ਦੀ ਰਚਨਾ, 'ਜਪੁਜੀ- ਪਵਿੱਤਰ ਬੋਲ- 38 ਪਉੜੀਆਂ ਭਾਵ ਸੀੜੀਆਂ' ਜਾਂ 'ਕਾਵਿਕ ਪਦ' ਦਾ ਅਲੰਕਾਰ- ਸਿੱਖ ਪ੍ਰੰਪਰਾ 'ਚ ਸੁਬਹਸਵੇਰੇ ਅੰਮ੍ਰਿਤ ਵੇਲੇ ਸਿਮਰਨ ਕਰਨ ਵਾਲੀ ਪ੍ਰਾਰਥਨਾ ਦੇ ਤੌਰ 'ਤੇ ਸਥਾਪਿਤ ਹੋ ਗਈ ਹੈ। ਜਪੁਜੀ ਪ੍ਰਮਾਤਮਾ ਨੂੰ ਸੰਬੋਧਨ ਨਾਲ ਆਰੰਭ ਹੋ ਕੇ, 'ਉੱਚਤਮ ਸ਼ਕਤੀ- ਸੁਪਰੀਮ ਬੀਇੰਗ' ਦੇ ਸਿਧਾਂਤ ਦਾ ਵਿਸਤਾਰ 'ਚ ਵਰਨਣ ਹੈ ਕਿ ਕਿਵੇਂ 'ਉਹ ਅਦੁੱਤੀ, ਸਰਵਸ਼ਕਤੀਮਾਨ ਤੇ ਅਮਰ ਹੈ; ਸਦਾ ਸਤਯ ਤੇ ਵਾਸਤਵਿਕਤਾ' 'ਤੇ ਆਧਾਰਿਤ ਹੈ। ਪਰਮਾਤਮਾ ਸੰਬੰਧੀ ਗਿਆਨ-ਪ੍ਰਕਾਸ਼ ਗੁਰੂ ਦੀ ਮਿਹਰ ਨਾਲ ਹੀ ਹਾਸਲ ਹੋ ਸਕਦਾ ਹੈ। ਜਪੁਜੀ ਦੀ ਬਾਣੀ ਦਾ ਵਿਸ਼ੇਸ਼ ਆਤਮਿਕ ਮਹੱਤਵ ਸਮਝਦੇ ਹੋਏ, ਪੰਜਵੇਂ ਗੁਰੂ ਅਰਜਨ ਜੀ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਰੰਭਕ ਬਾਣੀ ਦੀ ਪ੍ਰਾਥਮਿਕਤਾ ਦਿੱਤੀ। 'ਇਕ ਓਅੰਕਾਰ' ਈਸ਼ਵਰ ਦੀ 'ਇਕਾਤਮਕ ਏਕਤਾ'- ਮੋਨੋਥੀਇਸਟਿਕ' ਪਰਿਕਲਪਨਾ ਨੂੰ 'ਆਸਾ ਦੀ ਵਾਰ' ਰਾਹੀਂ ਹੋਰ ਵਿਆਖਿਆ ਕੀਤੀ ਗਈ ਹੈ। 'ਵਾਰ ਮਾਝ', 'ਸੋਹਿਲੇ' ਤੇ 'ਸਿੱਧ ਗੋਸਟ' ਦੀਆਂ ਬਾਣੀਆਂ 'ਚ ਵੀ ਲੋਕ ਮਾਨਸਿਕਤਾ ਨੂੰ ਭਰਮ-ਭੁਲੇਖੇ ਤੇ ਸਮਾਜਿਕ ਕੁਰੀਤੀਆਂ ਤੋਂ ਮੁਕਤ ਹੋਣ ਦਾ ਸਪੱਸ਼ਟ ਕਾਵਿ ਸੁਨੇਹਾ ਹੈ।

ਜਦੋਂ ਅਸੀਂ ਉਨ੍ਹਾਂ ਚਾਰ ਕਾਵਿ ਰਚਨਾਵਾਂ, ਜੋ ਰਾਗ ਆਸਾ ਅਤੇ ਤਿਲੰਗ 'ਚ ਉਚਾਰੀਆਂ ਗਈਆਂ ਹਨ ਅਤੇ ਗੁਰੂ ਜੀ ਦੇ ਗਹਿਰੇ ਗੁੱਸੇ ਤੇ ਵਿਦਰੋਹ ਦੇ ਭਾਵ ਪ੍ਰਗਟਾਉਂਦੀਆਂ ਹਨ, ਜਦੋਂ ਬਾਬਰ ਦੀਆਂ ਬੇ-ਰਹਿਮ ਫੌਜਾਂ ਨੇ ਪੰਜਾਬ ਦੇ ਲੋਕਾਂ ਤੇ ਜ਼ੁਲਮ ਢਾਹੇ ਸਨ ਅਤੇ ਇਸਤਰੀਆਂ ਦੇ ਅਪਮਾਨ ਕੀਤੇ ਸਨ। ਇਥੇ ਅਸੀਂ ਇਕ ਐਸੀ ਅਦੁੱਤੀ ਉਦਾਹਰਣ ਦੇ ਰੂਬਰੂ ਹੁੰਦੇ ਹਾਂ ਜਦੋਂ ਕਿ ਇਕ ਭਗਤੀਭਾਵਨਾ ਤੇ ਅਰਚਨਾ ਦੇ ਮਾਰਗ ਤੇ ਚੱਲਣ ਵਾਲੀ ਨੇਕ ਸ਼ਖਸੀਅਤ ਨੇ 'ਪਾਪ ਕੀ ਜੰਞ ਲੈ ਕਾਬਲੋਂ ਧਾਇਆ' ਵਾਲੇ ਜ਼ਾਲਮ ਨੂੰ ਵੰਗਾਰਿਆ ਹੈ। ਜਨਵਰੀ 1524 'ਚ ਲਾਹੌਰ 'ਚ ਕੀਤੇ ਕਤਲੇ-ਆਮ ਤੇ ਤਬਾਹੀ ਦਾ ਫਖ਼ਰ ਨਾਲ ਜ਼ਿਕਰ ਕੀਤਾ ਹੈ, ਅਕਬਰ ਮਹਾਨ ਦੇ ਦਾਦੇ ਨੇ ਆਪਣੇ 'ਬਾਬਰਨਾਮੇ' 'ਚ। ਗੁਰੂ ਨਾਨਕ ਜੀ ਨੇ 'ਬਾਬਰ ਬਾਣੀ ਫਿਰ ਗਈ...' ਦੀਆਂ ਰਚਨਾਵਾਂ ਰਾਹੀ, ਜ਼ੁਲਮੋ-ਤਸ਼ੱਦਦ ਦੀਆਂ ਤਸਵੀਰਾਂ ਪੇਸ਼ ਕਰਦੇ ਹੋਏ 'ਤੈਂ ਕੀ ਦਰਦ ਨਾ ਆਇਆ...?' ਸਿਰਜਨਹਾਰ ਨੂੰ ਵੀ ਉਲ੍ਹਾਂਭਾ ਦਿੱਤਾ ਹੈ ਕਿ ਇਤਨਾ ਕੁਝ ਦੇਖਦੇ ਹੋਏ ਵੀ, ਉਸਨੇ ਇਹ ਸਭ ਕੁਝ ਕਿਉਂ ਵਾਪਰਨ ਦਿੱਤਾ? ਗੁਰੂ ਜੀ ਸਦਾ ਹੀ ਸੱਚੀ ਮੁਕਤੀ ਤੇ ਨੇਕ ਜੀਵਨ ਦੀ ਭਾਲ 'ਚ ਕਦੀ ਵੀ ਨਾ ਥੱਕਣ ਵਾਲੇ ਖੋਜੀ-ਮੁਸਾਫਿਰ ਬਣੇ ਰਹੇ। ਸਮਾਜਿਕ ਨਿਆਇ, ਸਮਾਨਤਾ ਤੇ ਭਾਈਚਾਰੇ ਦੇ ਮਹਾਨ ਅਸੂਲਾਂ ਨੂੰ ਅਮਲ 'ਚ ਲਿਆਉਣ ਵਾਲੇ ਕਾਰਜ ਉਨ੍ਹਾਂ ਦੇ ਆਦਰਸ਼ ਰਹੇ। ਉਹ ਗਰੀਬ ਕਾਰੀਗਰ ਭਾਈ ਲਾਲੋ ਜੀ ਤੇ ਇਸਲਾਮ ਵਰਗੇ ਬਰਾਬਰੀ ਦੇ ਢੋਲ ਪਿੱਟਣ ਵਾਲੇ ਮਜ਼ਹਬ 'ਚ ਵੀ ਨੀਵੇਂ ਗਿਣੇ ਗਏ ਭਾਈ ਮਰਦਾਨਾ ਜੀ ਦੀਆਂ ਸ਼੍ਰੇਣੀਆਂ ਨਾਲ ਮਜ਼ਬੂਤੀ ਨਾਲ ਜੁੜਕੇ ਖੜ੍ਹੇ ਰਹੇ। ਇਸ ਤਰ੍ਹਾਂ ਗੁਰੂ ਜੀ ਨੇ ਭਗਤੀ ਪ੍ਰੰਪਰਾ ਦੀਆਂ ਸੀਮਾਵਾਂ ਤੇ 'ਨਿਰਗੁਣ-ਸਰਗੁਣ' ਸਿਧਾਂਤਾਂ ਦੇ ਵਿਵਾਦਾਂ ਤੋਂ ਉਪਰ ਉਠਕੇ ਉਸ ਸਮੇਂ ਦੇ ਸਮਾਜ ਦੇ ਪਖੰਡਾਂ ਦਾ ਜ਼ਬਰਦਸਤ ਖੰਡਨ ਕੀਤਾ। ਉਨ੍ਹਾਂ ਨੇ ਜਾਤ-ਪਾਤ ਦੇ ਕੋਹੜ-ਗ੍ਰਸਤ ਪੁਰਾਤਨ ਹਿੰਦੂ ਮੱਤ ਤੇ ਨਵੇਂ ਆਏ ਕੱਟੜਪੰਥੀ ਤੇ ਹਿੰਸਾਤਮਕ ਇਸਲਾਮ ਦੇ ਮਾਨਵਤਾ ਤੇ ਮੁਹੱਬਤ ਦੇ ਮਾਰਗ ਤੋਂ ਭਟਕ ਜਾਣ ਨੂੰ ਖੁੱਲ੍ਹ ਕੇ ਉਜਾਗਰ ਕੀਤਾ। 'ਜਿਹੋ ਡਿੱਠਾ, ਤਿਹੋ ਕਿਹਾ'। ਗੁਰੂ ਅਰਜਨ ਦੇਵ ਜੀ ਲਈ ਅਖੌਤੀ ਨਿਮਨ ਵਰਗ ਦੇ ਮਹਾਂ-ਪੁਰਸ਼ਾਂ- ਜਿਨ੍ਹਾਂ 'ਚ ਕਬੀਰ, ਰਵੀਦਾਸ, ਨਾਮਾ, ਸਦਨਾ, ਸੈਨ ਆਦਿ ਪ੍ਰਮੁੱਖ ਹਨ- ਦੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ਼ਾਮਲ ਕਰਕੇ ਮਾਣ ਬਖਸ਼ਣ ਦਾ ਮੁੱਢਲਾ ਹੌਸਲਾ ਤੇ ਪ੍ਰੇਰਣਾ ਗੁਰੂ ਨਾਨਕ ਜੀ ਦੀਆਂ ਪ੍ਰਕਾਸ਼ਮਈ ਸਿੱਖਿਆਵਾਂ ਤੋਂ ਹੀ ਮਿਲਿਆ ਸੀ। ਵਾਸਤਵ 'ਚ ਗ੍ਰੰਥ ਸਾਹਿਬ ਜੀ ਦੀ ਸਾਂਝੀਵਾਲਤਾ ਤੇ ਮਾਨ-ਵਤਾ ਦਾ ਆਤਮਿਕ ਪਿਛੋਕੜ ਤੇ ਦ੍ਰਿੜ੍ਹਤਾ ਨਾਲ ਭਰਪੂਰ ਵਿਸ਼ਵਾਸ ਦਾ ਵਿਰਸਾ ਗੁਰੂ ਨਾਨਕ ਜੀ ਵਲੋਂ ਹੀ ਸਥਾਪਿਤ ਕੀਤਾ ਗਿਆ ਸੀ।

ਗੁਰੂ ਜੀ ਨੇ ਸਮਕਾਲੀ ਸਮਾਜ ਦੀਆਂ ਧਾਰਮਿਕ ਤੇ ਸਦਾਚਾਰਕ ਸਮੱਸਿਆਵਾਂ ਦਾ ਨਿਰਪੱਖ ਤੇ ਸਮੁੱਚਾ ਨਿਰੀਖਣ ਕੀਤਾ। ਹਿੰਦੂ ਲੋਕ ਹੌਸਲਾ ਖੋ ਕੇ, ਨਿਰਾਸ਼ਾ 'ਚ ਵਿਰੋਧਾਭਾਸ ਦਾ ਜੀਵਨ ਗੁਜ਼ਾਰ ਰਹੇ ਸਨ। ਗੁਰੂ ਨਾਨਕ ਜੀ ਨੇ ਬੜੇ ਹੀ ਸੰਵੇਦਨਸ਼ੀਲ ਸ਼ਬਦਾਂ 'ਚ ਉਨ੍ਹਾਂ ਨੂੰ ਬੋਲੇਤੇ ਰੀਤੀ-ਰਿਵਾਜਾਂ ਤੇ ਸਮਾਜਿਕ ਕੁਰੀਤੀਆਂ ਵਲੋਂ ਵਰਜਿਆ- 'ਦਇਆ ਕਪਾਹ, ਸੰਤੋਖੁ ਸੂਤ, ਜਤ ਗੰਢੀ ਸਤੁ ਵਟੁ॥ ਏਹ ਜਨੇਊ ਜੀਅ ਕਾ ਹਈ, ਤਾ ਪਾਡੇ ਘਤੁ॥' ਉਨ੍ਹਾਂ ਨੇ ਮੁਸਲਮਾਨਾਂ ਨੂੰ ਵੀ ਸਹੀ ਰਸਤੇ 'ਤੇ ਚੱਲਦੇ ਹੋਏ ਨੇਕ ਜੀਵਨ ਬਿਤਾਉਣ ਲਈ ਪ੍ਰੇਰਿਆ, 'ਮੁਸਲਮਾਨ ਕਹਾਣੂ ਮੁਸਕਲ ਹੋਏ ਤਾ ਮੁਸਲਮਾਨ ਕਹਾਵੈ; ਅੱਵਲ ਆਉਲੀ ਦਿਨ ਕਰ ਮਿੱਠਾ ਮੁਸਕਲਮਨ ਮਾਲ ਮੁਸਾਵੇ।'

ਗੁਰੂ ਜੀ ਨੇ ਉਸ ਸਮੇਂ ਦੇ ਸਮਾਜ ਨੂੰ ਇਸਤਰੀ ਦੇ ਸਮਾਜਕ ਜੀਵਨ 'ਚ ਤੇ ਮਹਾਨ ਕਰਤਾਰੀ ਕਿਰਦਾਰ ਤੋਂ ਜਾਣੂ ਕਰਾਉਂਦੇ ਹੋਏ ਕੁਦਰਤ ਦੇ ਨਿਯਮਾਂ ਅਨੁਸਾਰ ਪੂਰੀ ਜੁਮੇਵਾਰੀ ਵਾਲੇ ਗ੍ਰਹਿਸਥ ਜੀਵਨ ਦੇ ਮਾਰਗ ਨੂੰ ਹੀ ਉੱਚਤਮ ਤੇ ਨੇਕੀ ਭਰਪੂਰ ਕਰਾਰ ਦਿੱਤਾ। ਉਨ੍ਹਾਂ ਨੇ ਵਿਗਾੜੇ ਗਏ ਤੇ ਉਸ ਇਸਲਾਮੀ-ਦ੍ਰਿਸ਼ਟੀਕੋਣ ਦੀ ਕੜੀ ਆਲੋਚਨਾ ਕੀਤੀ ਜਿਸ ਅਨੁਸਾਰ ਔਰਤ ਨੂੰ ਗੁਲਾਮ ਜਾਂ ਪਸ਼ੂ ਬਿਰਤੀ ਦੀ ਕੇਵਲ ਕਾਮੁਕ ਭੁੱਖ ਦੀ ਵਸਤੂ ਹੀ ਸਮਝ ਲਿਆ ਗਿਆ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਪਤੀ ਤੇ ਪਤਨੀ ਕੁਦਰਤ ਨੇ ਸਮਾਨਤਾ ਦੇ ਸਬੰਧਾਂ 'ਚ ਸਿਰਜੇ ਹਨ ਅਤੇ ਵਫਾਦਾਰੀ ਦੋਵਾਂ ਲਈ ਸਦਾਚਾਰਕ ਨਿਯਮ ਤੇ ਧਰਮ-ਕਰਮ ਹੈ। ਗ੍ਰਹਿਸਥ ਆਸ਼ਰਮ 'ਚ ਆਨੰਦ ਤੇ ਸ਼ਾਦੀ ਦਾ ਰੂਪਕ ਅਲੰਕਾਰ ਦੈਵੀ ਪ੍ਰਕ੍ਰਿਆ ਦੀ ਸੰਪੂਰਣਤਾ ਹੈ। ਉਨ੍ਹਾਂ ਨੇ 'ਸੂਤਕ' ਸਮੇਂ ਨਾਲ ਅਪਵਿੱਤਰਤਾ ਨੂੰ ਭਰਮ-ਜਾਲ ਕਹਿਕੇ ਨਕਾਰਿਆ ਤੇ ਸਮਝਾਇਆ, 'ਮਨ ਦੀ ਮੈਲ. ਲਾਲਸਾ ਹੈ ਤੇ ਜੁਬਾਨ ਦੀ ਬੁਰਾਈ, ਝੂਠ ਹੈ; ਦੂਸਰਿਆਂ ਦੀ ਬੁਰਾਈ ਸੁਣਨਾ ਨਿੰਦਣਯੋਗ ਹੈ; ਕਿਸੇ ਦੀ ਪਤਨੀ ਦੀ ਸੁੰਦਰਤਾ ਤੇ ਦੌਲਤ ਤੇ ਬੁਰੀ ਨਜ਼ਰ ਰੱਖਣਾ ਚਿੱਤ ਦੀ ਖੋਟ ਹੈ।' ਇਸਤਰੀ ਦੇ ਸ੍ਰਿਸ਼ਟੀ 'ਚ ਆਧਾਰ-ਭੂਤ ਕਿਰਦਾਰ ਦੀ ਗੱਲ ਕਰਦੇ ਹੋਏ, ਗੁਰੂ ਜੀ ਕਹਿੰਦੇ ਹਨ, 'ਇਨਸਾਨ ਇਸਤਰੀ ਦੇ ਗਰਭ ਰਾਹੀਂ ਹੀ ਹੋਂਦ 'ਚ ਆਉਂਦਾ ਹੈ; ਉਸਦੇ ਨਾਲ ਸੰਬੰਧਾਂ ਰਾਹੀਂ ਸ਼ਾਦੀ ਕਰਦਾ ਹੈ ਤੇ ਨਸਲ ਨੂੰ ਅੱਗੇ ਤੋਰਦਾ ਹੈ- 'ਸੋ ਕਿਉ ਮੰਦਾ ਆਖੀਐ, ਜਿਤ ਜੰਮੇ ਰਾਜਾਨ।' ਗੁਰੂ ਜੀ ਸਤੀਪ੍ਰਥਾ ਨੂੰ ਨਕਾਰਦੇ ਹੋਏ ਕਹਿੰਦੇ ਹਨ, 'ਵਿਛੜੇ ਪ੍ਰੀਤਮ ਦੀ ਯਾਦ 'ਚ ਨੇਕੀ ਦਾ ਜੀਵਨ ਜਿਉਣਾ ਗੈਰ-ਕੁਦਰਤੀ, ਫੌਰੀ ਮ੍ਰਿਤੂ ਨਾਲੋਂ ਜੀਵਨ ਦੇ ਅੰਤ ਕਰਨ ਤੋਂ ਕਿਤੇ ਚੰਗਾ ਮਾਰਗ ਹੈ।'


ਪਿਆਰੇ ਸਰੋਤੇ ਮਿੱਤਰੋ, ਭਾਰਤ ਦੇ ਸਮੁੱਚੇ ਪ੍ਰਸੰਗ 'ਚ ਸਭ ਸਮਾਜ-ਸੁਧਾਰਕ ਤੇ ਰੂਹਾਨੀ ਅੰਦੋਲਨਾ ਦਾ ਅੰਤਿਮ ਮੁਲਾਂਕਣ ਅਤੇ ਸਭ ਮਹਾਨ ਸ਼ਖਸੀਅਤਾਂ ਦੀ ਵਾਸਤਵਿਕ ਪਰਖ ਉਨ੍ਹਾਂ ਦੇ ਮਾਨਵਤਾ ਦੇ ਭਾਈਚਾਰੇ ਤੇ ਸਮਾਨਤਾ ਦੀ ਕਸਵੱਟੀ ਤੇ ਹੀ ਹੋ ਸਕਦੇ ਹਨ। ਭਾਰਤ ਦੇ ਅਨੇਕ ਅਖੌਤੀ ਦੈਵੀ ਗ੍ਰੰਥਾਂ ਤੇ ਝੂਠੇ ਪੁਰਾਤਨ ਹਵਾਲਿਆਂ ਤੇ ਆਧਾਰਿਤ ਪ੍ਰੰਪਰਾਵਾਂ ਨੇ ਲੋਕਾਂ ਨੂੰ ਊਚ-ਨੀਚਤਾ ਦੇ ਘ੍ਰਿਣਾਤਮਕ ਵਖਰੇਵਿਆਂ 'ਚ ਵੰਡਕੇ ਜਿਵੇਂ ਦੇਸ ਦੇ ਮਹਾਨ ਵਿਰਸੇ ਦੀਆਂ ਹੋਰ ਸਭ ਨੇਕ ਪ੍ਰਾਪਤੀਆਂ ਨੂੰ ਸ਼ੂਨਯ-ਜ਼ੀਰੋ ਨਾਲ ਗੁਣਾ ਕਰਕੇ ਸ਼ੂਨਯ-ਜ਼ੀਰੋ ਹੀ ਬਣਾ ਰੱਖਿਆ ਹੋਇਆ ਹੈ। ਗੁਰੂ ਨਾਨਕ ਜੀ ਵਲੋਂ ਦੂਰ-ਨੇੜੇ ਦੀਆਂ ਅਨੇਕ ਯਾਤਰਾਵਾਂ ਕਰਕੇ ਤੇ ਸਭ ਵਿਚਾਰ-ਧਾਰਾਵਾਂ ਦੇ ਚਿੰਤਕਾਂ-ਵਿਦਵਾਨਾਂ ਤੇ ਸਰਵ-ਸਾਧਾਰਣ ਨੇਕ ਰੂਹਾਂ ਨਾਲ ਗਹਿਰੇ ਸੰਵਾਦਾਂ ਰਾਹੀਂ ਸਹੀ ਮਾਰਗ ਦੀ ਤਲਾਸ਼ ਕਰਨਾ, ਸ਼ਾਇਦ, ਸੰਸਾਰ 'ਚ ਆਪਣੀ ਮਿਸਾਲ ਆਪ ਹੈ। ਉਨ੍ਹਾਂ ਨੇ 'ਜਾਤੀ-ਪ੍ਰਥਾ-ਵਰਣ-ਆਸ਼ਰਮ' ਤੇ ਇਸ ਨਾਲ ਜੁੜੇ ਸਭ ਹਿੰਦੂ ਸੰਸਕਾਰਾਂ ਦੀ ਜਬਰਦਸਤ ਨਿਖੇਧੀ ਕੀਤੀ ਅਤੇ ਕੋਝੀ ਮਤਲਬ-ਪ੍ਰਸਤੀ ਦੇ ਸਭ ਸਮਾਜਿਕ ਭੇਦਭਾਵਾਂ ਨੂੰ ਸਖਤ ਸ਼ਬਦਾਂ 'ਚ ਨਕਾਰਿਆ। ਸ੍ਰੀ ਗੁਰੂ ਨਾਨਕ ਜੀ ਦੇ ਰੁਸ਼ਨਾਏ ਰਸਤੇ ਤੇ ਤੁਰਦੇ ਹੋਏ, ਪੰਜਵੇਂ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਿਤ ਗ੍ਰੰਥ ਸਾਹਿਬ ਨਿਸ਼ਚੇ ਹੀ ਸੰਸਾਰ ਦੀਆਂ ਆਤਮਿਕ ਪ੍ਰੰਪਰਾਵਾਂ ਦੇ ਇਤਿਹਾਸ ਦਾ ਇਕ ਅਦੁੱਤੀ ਤੇ ਮਹਾਨ ਮੀਲ ਪੱਥਰ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਜੀ ਨੂੰ ਅਸਲ ਅਰਥਾਂ 'ਚ ਸੱਚੀ ਸ਼ਰਧਾਂਜਲੀ ਆਪਣੇ ਦਿਲ ਦਿਮਾਗ ਤੇ ਰੂਹ 'ਚੋਂ 'ਜਾਤੀ ਅਭਿਮਾਨ' ਦੇ ਸਭ ਸਰੂਪਾਂ ਨੂੰ ਮੁਕੰਮਲ ਤੌਰ 'ਤੇ ਖਾਰਜ ਕਰਨਾ ਹੈ। ਵਾਸਤਵ 'ਚ, ਸਿੱਖ ਮੱਤ ਦਾ ਉਦੈ ਹੋਇਆਂ ਹੀ 'ਸੰਗਤ ਤੇ ਪੰਗਤ' ਦੇ ਸਮਾਨਤਾ ਦੇ ਆਧਾਰ ਤੋਂ ਹੋਇਆ ਹੈ। ਗੁਰੂ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੇ ਸਾਨੂੰ ਸਭਨਾਂ ਨੂੰ ਉਨ੍ਹਾਂ ਦੇ ਪ੍ਰਿਥਵੀ ਤੇ ਸੱਤਰ ਸਾਲ ਪੰਜ ਮਹੀਨੇ ਤੇ ਸੱਤ ਦਿਨਾਂ ਦੇ ਜੀਵਨ ਦੇ ਹਰ ਪਲ ਤੋਂ ਅਤੇ 974 ਕਾਵਿ-ਭਜਨਾਂ ਤੋਂ ਆਪਣੇ ਜੀਵਨ ਨੂੰ ਪ੍ਰਕਾਸ਼ਮਈ ਬਣਾਉਣ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ। ਗੁਰੂ ਜੀ ਆਪਣੀਆਂ ਰਚਨਾਵਾਂ 'ਚ ਅਕਸਰ 'ਨਾਨਕ ਸਾਇਰ ਇਵ ਕਹਿਆ...' ਦਾ ਪ੍ਰਯੋਗ ਕਰਦੇ ਹੋਏ ਆਪਣੇ ਆਪ ਨੂੰ 'ਮਹਾਨ ਮਹਾਸ਼ਕਤੀ' ਦਾ ਗਵੱਈਆ ਕਹਿੰਦੇ ਹਨ। ਗੁਰੂ ਜੀ 'ਮੇਲ-ਮਿਲਾਪ' ਦੇ ਮਸੀਹਾ ਸਨ ਤੇ ਅੱਜ ਦੇ ਭਾਰਤ ਲਈ ਬਹੁ-ਵਿਸ਼ਵਾਸਮੁਖੀ ਤੇ ਵਿਭਿਨਤਾਵਾਂ ਦੀ ਵਡਿਆਈ ਵਾਲੇ ਸਮਾਜਿਕ ਨਿਆਏ ਆਧਾਰਿਤ ਰਾਜ ਦੇ ਸੰਕਲਪ ਦੇ ਰਾਹ ਦਸੇਰੇ ਵੀ। ਇਹ ਸ਼ੁਭ ਸੰਜੋਗ ਹੀ ਸੀ ਕਿ ਡਾ. ਭੀਮ ਰਾਓ ਅੰਬੇਦਕਰ ਜੀ ਸਿੱਖ ਮੱਤ ਦੇ ਦਰਸ਼ਨ ਤੇ ਜੀਵਨ ਵਿਵਹਾਰ ਦੇ ਵੱਡੇ ਪ੍ਰਸ਼ੰਸਕ ਸਨ ਅਤੇ ਇਸ ਵਿਚ ਦੱਬੇ-ਕੁਚਲੇ ਲੋਕਾਂ ਲਈ ਬਰਾਬਰੀ ਤੇ ਨਿਆਏ ਦੇ ਸਿਧਾਂਤਾਂ ਦਾ ਪ੍ਰੇਰਣਾਸਰੋਤ ਲੱਭਦੇ ਸਨ। ਗੁਰੂ ਨਾਨਕ ਜੀ ਦੀ ਨਾਮ ਲੇਵਾ ਸਭ ਸੰਗਤ ਨੂੰ ਅੱਜ 'ਆਤਮ-ਮੰਥਨ' ਦੀ ਅਵਸ਼ੱਕਤਾ ਹੈ ਕਿ ਕਿਵੇਂ ਪ੍ਰੀਸ਼ਰਮ, ਸ਼ਰਧਾਭਾਵ, ਨਿਰਮਲ ਜੀਵਨ-ਜਾਚ ਤੇ ਦੂਜਿਆਂ ਲਈ ਆਪਾ-ਵਾਰਨ ਦੇ ਗੁਣਾਂ ਨੂੰ ਅਮਲੀ ਜੀਵਨ 'ਚ ਅੰਗ-ਸੰਗ ਬਣਾਇਆ ਜਾ ਸਕੇ।

ਇਸ ਭਾਸ਼ਣ ਪ੍ਰਸਤੁਤੀ ਨੂੰ, ਮੁਆਫ਼ ਕਰਨਾ, ਮੈਂ ਕੁਝ ਨਿੱਜੀ ਹਵਾਲਿਆਂ ਨਾਲ ਪੂਰਾ ਕਰਨਾ ਚਾਹਾਂਗਾ। ਯਾਦ ਆਉਂਦਾ ਹੈ ਕਿ ਕਿਵੇਂ ਹੋਸ਼ ਸੰਭਾਲਦਿਆਂ ਹੀ ਪਵਿੱਤਰ ਗੁਰਪੁਰਬ 'ਕੱਤਕ ਦੀ ਪੂਰਨਮਾਸ਼ੀ, ਮੇਲਾ ਨਨਕਾਣੇ ਦਾ' ਚੇਤਨਤਾ 'ਚ ਇਕ ਮਧੁਰ ਉਤਸਵ ਦੇ ਤੌਰ 'ਤੇ ਦਰਜ ਹੋ ਗਿਆ ਸੀ। ਇਹ ਉਤਸਵ ਜੋ ਦੀਵਾਲੀ ਦੀ ਮੱਸਿਆ ਦੀ ਰਾਤ ਤੋਂ ਠੀਕ ਦੋ ਸਪਤਾਹ ਬਾਅਦ, ਪੂਰੇ ਖਿੜੇ ਚੰਦਰਮਾ ਦੀ ਚੌਦਵੀਂ ਰਾਤ ਨੂੰ, ਮਨਾਇਆ ਜਾਂਦਾ ਹੈ। ਇਹ ਕੋਈ ਦੂਰ ਭੂਤਕਾਲ ਦੀ ਮਿਥਿਹਾਸਕ ਘਟਨਾ ਬਾਰੇ ਨਹੀਂ ਸੀ, ਬਲਕਿ ਇਕ ਮਹਾਨ ਨੇਕ ਰੂਹ, ਮਹਾਂਪੁਰਸ਼ ਦੇ ਆਗਮਨ ਦਾ ਸੰਦੇਸ਼ ਲੈ ਕੇ ਆਉਂਦਾ ਸੀ ਜੋ ਕਿਸੇ ਵੱਡੇ ਅਮੀਰ ਖਾਨਦਾਨ; ਉੱਚੀ ਕੁੱਲ ਜਾਂ ਰਾਜ-ਘਰਾਣੇ ਦੀ ਪ੍ਰਤਿਨਿਧਤਾ ਨਹੀਂ ਸੀ ਕਰਦਾ। ਮੇਰੇ ਪਰਮ ਸਤਿਕਾਰਯੋਗ ਦਾਦੀ ਜੀ ਨੇ, ਜੋ ਹਮੇਸ਼ਾ ਹੀ ਭਜਨ ਬੰਦਗੀ ਦੇ ਬੋਲਾਂ ਨਾਲ ਜੁੜੇ ਰਹਿੰਦੇ ਸੀ, ਮੇਰੇ ਹੱਥਾਂ 'ਚ ਬੜੇ ਪਿਆਰ ਨਾਲ ਗੁਟਕਾ ਪਕੜਾ ਦਿੱਤਾ ਸੀ- ਜਿਉਂ ਹੀ ਮੈਂ ਗੁਰਮੁਖੀ ਦੇ ਅੱਖਰ 'ਉਠਾਉਣ'- ਪੜ੍ਹਨ ਦੇ ਯੋਗ ਹੋਇਆ ਸੀ। ਇਸ ਤਰ੍ਹਾਂ 'ਜਪੁਜੀ', 'ਰਹਿਰਾਸ', 'ਕੀਰਤਨ ਸੋਹਿਲਾ', 'ਆਨੰਦ' ਆਦਿ ਮੇਰੀ ਸੋਝੀ ਦਾ ਜਿਵੇਂ ਵਾਸਤਵਿਕ ਸੋਝੀ ਤੋਂ ਪਹਿਲਾਂ ਹੀ ਪਵਿੱਤਰ ਅੰਗ ਬਣ ਗਏ ਸਨ। ਮਈ 1951 'ਚ ਜਦੋਂ ਮੇਰੇ ਪਰਿਵਾਰ ਨੇ ਪਿੰਡ ਤੋਂ ਨੇੜੇ ਦੇ ਨਵੇਂ ਵਸੇ ਨਗਰ ਅਹਿਮਦਗੜ੍ਹ 'ਚ ਨਿਵਾਸ ਸਥਾਪਤ ਕੀਤਾ ਤਾਂ ਪਹਿਲੀ ਗੱਲ ਜਿਸਨੇ ਮੇਰੇ ਮਨ ਤੇ ਅਸਰ ਕੀਤਾ ਸੀ, ਉਹ ਸੀ ਰੇਲਵੇ ਰੋਡ ਤੇ ਬਣੇ ਨਵੇਂ ਗੁਰਦਵਾਰਾ ਸਾਹਿਬ ਦੀ ਸਾਹਮਣੇ ਵਾਲੀ ਬਾਹਰੀ ਸੜਕ ਵੱਲ ਪਸ਼ੂਆਂ ਦੇ ਪਾਣੀ ਲਈ ਬਣੀ ਵੱਡੀ ਖੇਲ਼ ਦੀ ਛੋਟੀ-ਲੰਬੀ ਦੀਵਾਰ ਦੇ ਵਿਚਕਾਰ ਸੰਗੇ-ਮਰਮਰ ਦਾ ਪੱਥਰ ਜਿਸ ਤੇ ਲਿਖਿਆ ਸੀ, ਉਪੰਜ ਸੌ ਰੁਪਏ ਸੇਵਾ ਕਰਾਈ, ਨਵਾਬ ਇਫ਼ਤਖਾਰ ਅਲੀ ਖਾਨ ਸਾਹਿਬ ਆਫ ਮਾਲੇਰਕੋਟਲਾ"। ਮੈਂ ਉਦੋਂ ਹੀ ਸਮਝ ਗਿਆ ਕਿ ਬਾਬਾ ਗੁਰੂ ਨਾਨਕ ਵਾਸਤਵ 'ਚ ਸਰਵ-ਸਾਂਝਾ ਹੈ ਤੇ ਬੱਚਿਆਂ ਦੀਆਂ ਖੇਡਾਂ ਦਾ ਵੀ ਉਨ੍ਹਾਂ ਦੇ ਨਾਂ ਨਾਲ ਸਬੰਧ ਹੈ, ਉਅੰਬਾਂ ਵਾਲੀ ਕੋਠਰੀ, ਅਨਾਰਾਂ ਵਾਲਾ ਵਿਹੜਾ; ਬਾਬੇ ਨਾਨਕ ਦਾ ਘਰ ਕਿਹੜਾ?" ਮੇਰੀ ਉਮਰ ਵਾਲਿਆਂ ਦੀ ਗਹਿਰੀ ਸੰਵੇਦਨਾ ਗੁਰੂ ਜੀ ਦੇ 500ਵੇਂ ਪ੍ਰਕਾਸ਼ ਉਤਸਵ ਨਾਲ ਜੁੜੀ ਹੋਈ ਹੈ। ਵੈਸੇ ਫਿਲਮ 'ਨਾਨਕ ਨਾਮ ਜਹਾਜ਼' ਦੀ ਭਰਪੂਰ ਕਾਮਯਾਬੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਵੀ ਫੌਰਨ ਮੇਰੇ ਮਨ 'ਚ ਆਉਂਦੀਆਂ ਹਨ।

ਸਤਿਕਾਰਯੋਗ ਮਿੱਤਰੋ, ਗੁਰੂ ਨਾਨਕ ਜੀ ਦੇ ਜਨਮ ਦੇ ਅਰਧ-ਸਹੰਸਰਸਦੀ ਤੇ ਅਰਧ-ਸ਼ਤਾਬਦੀ ਦੇ ਕਾਲ ਖੰਡ ਬਾਅਦ, ਜਦੋਂ ਆਪਾਂ ਆਪਣੇ ਦੇਸ ਤੇ ਸੰਸਾਰ ਵੱਲ ਇਕ ਉਕਾਬੀ ਝਾਤ ਮਾਰਦੇ ਹਾਂ, ਤਾਂ ਅਸੀਂ ਅਸਲੋਂ ਹੀ ਹੈਰਾਨ ਕਰ ਦੇਣ ਵਾਲੀਆਂ ਟੈਕਨੋਲੌਜੀਕਲ, ਸਮਾਜਕ ਤੇ ਮਨੋਵਿਗਿਆਨਕ ਤਬਦੀਲੀਆਂ ਦੇ ਸਨਮੁੱਖ ਹੋ ਕੇ ਜਿਵੇਂ ਸਾਡੀ ਸੁੱਧ-ਬੁੱਧ ਹੀ ਚਕਰਾ ਜਾਂਦੀ ਹੈ। ਮਾਨਵਤਾ ਨਿੱਤ ਨਵੀਆਂ ਚੁਣੌਤੀਆਂ ਤੇ ਗੌਰਵਪੂਰਣ ਪ੍ਰਾਪਤੀ ਵੱਲ ਲਗਾਤਾਰ ਵਧ ਰਹੀ ਹੈ ਅਨੇਕ ਐਸੇ ਮੁਕਾਮ ਵੀ ਨਜ਼ਰ ਆਉਣ ਲੱਗੇ ਹਨ ਜਿਨ੍ਹਾਂ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਮੈਂ ਕਦੀ ਸੋਚਿਆ ਵੀ ਨਹੀਂ ਸੀ ਕਿ ਮੇਰੀ ਤਕਦੀਰ 'ਚ ਦੇਸ ਦੀ ਸੇਵਾ ਕਰਦੇ ਹੋਏ ਦੁਨੀਆ ਦਾ ਭ੍ਰਮਣ ਕਰਨਾ ਹੋਵੇਗਾ। ਇਸ ਵਿਚ 777 ਦਿਨ ਦੀ ਉਸ ਸਰ-ਜ਼ਮੀਨ ਤੇ ਸੇਵਾ-ਤਪੱਸਿਆ ਵੀ ਹੋਵੇਗੀ, ਜਿਸਨੂੰ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ; ਜਿੱਥੇ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ 26 ਹੋਰ ਗੁਰੂ ਨਾਨਕ ਧਾਮ ਸਥਿਤ ਹਨ ਤੇ ਇਨ੍ਹਾਂ ਤੋਂ ਇਲਾਵਾ ਗੁਰੂ ਰਾਮ ਦਾਸ ਜੀ ਦਾ ਜਨਮ ਸਥਾਨ; ਅੱਠ ਅਸਥਾਨ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਅਤੇ 12 ਗੁਰੂ ਹਰਗੋਬਿੰਦ ਜੀ ਨਾਲ ਜੁੜੇ ਪਵਿੱਤਰ ਧਾਮਾਂ ਦਾ ਜ਼ਿਕਰ ਵੀ ਪਾਕਿਸਤਾਨ ਸਰਕਾਰ ਵਲੋਂ 1962 'ਚ ਪ੍ਰਕਾਸ਼ਿਤ ਦਸਤਾਵੇਜ਼ 'ਚ ਦਰਜ ਹੈ।

ਮੈਂ ਤੇ ਮੇਰੀ ਪਤਨੀ ਆਰਾਧਨਾ 12 ਮਾਰਚ 2012 ਨੂੰ ਡੇਰਾ ਬਾਬਾ ਨਾਨਕ ਦੇ ਨਗਰ 'ਚ ਘੁੰਮ-ਫਿਰ ਕੇ ਖੁੱਲ੍ਹੇ ਦਰਸ਼ਨ-ਦੀਦਾਰ ਕਰ ਸਕੇ। ਗੁਰੂ ਜੀ ਦੀ ਮਿਹਰ ਨਾਲ ਅਸੀਂ ਉਹ ਘਰ ਲੱਭਣ 'ਚ ਵੀ ਸਫਲ ਹੋਏ ਜਿਥੇ ਮੇਰੀ ਪਤਨੀ ਪੈਦਾ ਹੋਈ ਸੀ- ਸੱਤਰ ਵਰ੍ਹੇ ਪਹਿਲਾਂ! ਜਦੋਂ ਅਸੀਂ 'ਦੂਰਬੀਨ' ਰਾਹੀਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਕਰ ਰਹੇ ਸੀ ਤਾਂ ਅਸੀਂ ਇਹ ਬਿਲਕੁਲ ਨਹੀਂ ਸੀ ਸੋਚ ਸਕੇ ਕਿ ਸਿੱਖ ਪੰਥ ਦਾ ਚਿਰੋਕਾ ਇਤਿਹਾਸਕ ਸੁਪਨਾ 'ਸ੍ਰੀ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ' ਏਨੀ ਛੇਤੀ ਸਾਕਾਰ ਹੋ ਜਾਣ ਵਾਲਾ ਹੈ!



## ਸਵਰਗੀ ਅੰਬੈਸਡਰ ਬਾਲ ਆਨੰਦ, ਭਾਰਤੀ ਵਿਦੇਸ਼ ਸੇਵਾ (ਸੇਵਾ ਮੁਕਤ)

ਸਵਰਗੀ ਬਾਲ ਆਨੰਦ ਜੀ ਦੀ ਯਾਦ ਵਿਚ ਉਹਨਾਂ ਦਾ ਭੇਜਿਆ ਇਕ ਪੁਰਾਣਾ ਆਰਟੀਕਲ ਪਾਠਕਾਂ ਦੀ ਸੇਵਾ ਵਿਚ।

ਸਵਰਗੀ ਬਾਲ ਆਨੰਦ ਜੀ ਸੇਵਾ ਕਾਲ 'ਚ ਈਰਾਨ, ਮਾਲਦੀਵਜ਼, ਰੋਮਾਨੀਆ, ਸਪੇਨ , ਸਾਊਦੀ ਅਰਬ 'ਚ ਨਿਯੁਕਤ ਰਹੇ। ਡਿਪਟੀ ਹਾਈ ਕਮਿਸ਼ਨਰ, ਪਾਕਿਸਤਾਨ; ਰਾਜਦੂਤ ਪਨਾਮਾ, ਨਿਕਾਰਾਗੁਆ ਤੇ ਐਲਸਾਲਵਾਡੋਰ ਦੀ ਵੀ ਜੁੰਮੇਵਾਰੀ ਨਿਭਾਈ। ਰਾਜਦੂਤ ( ਪ੍ਰਥਮ) ਅਰਮੀਨੀਆ ਤੇ ਹਾਈ ਕਮਿਸ਼ਨਰ ਨਿਊਜ਼ੀ ਲੈਂਡ ਤੇ ਸਮੋਆ, ਕਿਰਿਬਾਸ ਤੇ ਨੌਰੂ ਦੀ ਵੀ ਜ਼ੁਮੇਂਵਾਰੀ ਨਿਭਾਈ।

ਪੁਸਤਕਾਂ: ਸੁੱਖ ਸੁਨੇਹੇ; ਨਵੇਂ ਨਿਬੰਧ ਤੇ Expressions of Freedom ਮੇਰੀ ਜੀਵਨ ਯਾਤਰਾ

- ਕੁਝ ਸਮਾਂ ਪਹਿਲਾਂ ਪ੍ਰਕਾਸ਼ਿਤ

## ਕਾਵਿ ਵਿਅੰਗ

# ਮਾਮਲਾ ਮਾਫੀਆਂ ਦਾ !

ਅਹੁਦੇ ਧਾਰਮਿਕ ਦੇਖ 'ਗੁਲਾਮ' ਹੋਏ
ਧਰਮੀਂ ਦਿਲਾਂ 'ਚ ਮੱਚਦੀ ਅੱਗ ਯਾਰੋ।
ਸਿਰ 'ਤੇ ਚੁੱਕਿਆ ਕੂੜ ਸਿਆਸਤਾਂ ਨੂੰ
ਸੱਚ ਧਰਮ ਦੀ ਭੁੱਲ ਗਈ ਪੱਗ ਯਾਰੋ।
ਦੇ ਕੇ ਮਾਫੀਆਂ ਕਰੀਆਂ ਸੀ ਰੱਦ ਮੁੜਕੇ
ਉਹ ਵੀ ਜਾਣਦਾ ਸਾਰਾ ਹੀ ਜੱਗ ਯਾਰੋ।
ਧਰਮਸਾਲ਼ਾ ਵਿੱਚ ਧਾੜਵੀ ਦੇਖ ਰਹਿੰਦੇ
ਠਾਕਰ ਦੁਆਰੇ ਵਿੱਚ ਵੱਸਦੇ ਠੱਗ ਯਾਰੋ।
ਪੜ੍ਹਕੇ ਖਬਰਾਂ ਅਜੋਕੀਆਂ ਆਉਣ ਚੇਤੇ
ਬਾਬੇ ਬੁੱਲ੍ਹੇ ਦੀਆਂ ਆਖੀਆਂ ਕਾਫੀਆਂ ਜੀ।
ਜਿਹਦੀ ਆਸ ਹੀ ਨਹੀਂ ਸੀ ਕਿਸੇ ਨੂੰ ਵੀ
ਉਹ ਵੀ ਲੈ ਗਏ ਦੇਖ ਲਉ ਮਾਫੀਆਂ ਜੀ !

**ਤਰਲੋਚਨ ਸਿੰਘ 'ਦੁਪਾਲ ਪੁਰ'**
91-78146-92724



# ਮੌਤ

ਆਖਰ ਨੂੰ ਤਾਂ ਸਭ ਨੇ ਮਰਨਾ।
ਐਵੇਂ ਚਿੰਤਾ ਕਰਿਆ ਨਾ ਕਰ।

ਜੀਊਣੇ ਦਾ ਤੂੰ ਕਰ ਕੋਈ ਹੀਲਾ,
ਮੌਤ ਤੋਂ ਐਵੇ ਡਰਿਆ ਨਾ ਕਰ।

ਜੋ ਹੋਣਾ ਹੈ, ਉਹ ਹੋ ਕੇ ਰਹਿਣਾ,
ਇਸਦੀ ਹਾਮੀ ਭਰਿਆ ਨਾ ਕਰ।

ਦਰਿਆ, ਨਦੀ, ਸਮੁੰਦਰ ਹੈਗੇ ,
ਰੇਤ 'ਚ ਐਵੇਂ ਤਰਿਆ ਨਾ ਕਰ।

ਜੀਊਣ ਦਾ ਹੋਕਾ ਦੇ ਤੂੰ ਸਭ ਨੂੰ,
ਮੌਤੋਂ ਪਹਿਲਾਂ ਮਰਿਆ ਨਾ ਕਰ।

ਸੰਘਰਸ਼ ਕਰੇਂਗਾ ਜਿੱਤ ਜਾਵੇਂਗਾ,
ਡਰ ਦੇ ਮਾਰੇ ਹਰਿਆ ਨਾ ਕਰ।

ਅੰਦਰਲਾ ਡਰ ਰੱਖ ਇਕ ਪਾਸੇ
ਧੁੱਪੇ ਬਹਿ ਕੇ ਠਰਿਆ ਨਾ ਕਰ।

ਆਖਰ ਨੂੰ ਤਾਂ ਸਭ ਨੇ ਮਰਨਾ।
ਐਵੇਂ ਚਿੰਤਾ ਕਰਿਆ ਨਾ ਕਰ।

ਮੈਂ ਕੌਣ / ਕੇਹਰ ਸ਼ਰੀਫ਼

ਮੈਂ ਹਾਂ ਕਿਸ ਦੇਸ ਦਾ ਵਾਸੀ
ਮੈਂ ਕਿਹੜੀ ਧਰਤ ਦਾ ਜਾਇਆ
ਓਹੀ ਅਸਮਾਨ ਦਿਸਦਾ ਹੈ
ਹਜ਼ਾਰਾਂ ਮੀਲ ਚੱਲ ਆਇਆ।

**– ਕੇਹਰ ਸ਼ਰੀਫ਼**



# ਸਾਈਕਲ 'ਤੇ ਸੈਰ




ਆਸ਼ੀ ਤੇ ਅਸ਼ਵਿਨ ਇੱਕੀ, ਬਾਈ ਸਾਲਾਂ ਦੇ ਇਹ ਦੋਵੇਂ ਨੌਜਵਾਨ ਹਮਜਮਾਤੀ ਹੋਣ ਦੇ ਨਾਲ ਨਾਲ ਪੱਕੇ ਮਿੱਤਰ ਵੀ ਹਨ। ਬਚਪਣ ਤੋਂ ਹੀ ਦੋਹਾਂ ਦੇ ਦਿਲਾਂ ਦਾ ਇਕੋ ਇਕ ਸੁਪਨਾ ਸੀ ਵੱਡੇ ਹੋ ਕੇ ਸਾਇਕਲ ਤੇ ਪੂਰਾ ਦੇਸ਼ ਘੁੰਮਣਾ। ਹਰ ਓਹ ਜਗ੍ਹਾ ਵੇਖਣੀ ਜਿਸ ਨੂੰ ਉਹ ਸਿਰਫ ਕਿਤਾਬਾਂ ਚ ਹੀ ਪੜ੍ਹਦੇ ਸਨ। ਹਰ ਰਾਜ ਦੇ ਖਾਣ ਪੀਣ, ਰਹਿਣ ਸਹਿਣ, ਉੱਠਣ ਬੈਠਣ ਦੇ ਨਾਲ ਉਸ ਰਾਜ ਦੀ ਹਰ ਖੂਬਸੂਰਤ ਜਗ੍ਹਾ ਦਾ ਨਜ਼ਾਰਾ ਆਪਣੀ ਅੱਖੀਂ ਵੇਖਣਾ।

ਆਪਨੇ ਐਸੇ ਸ਼ੌਂਕ ਨੂੰ ਪੂਰਾ ਕਰਨ ਲਈ ਇਹ ਦੋਵੇਂ ਦੋਸਤ ਘਰਦਿਆਂ ਦੀ ਸਹਿਮਤੀ ਅਤੇ ਆਪਣੇ ਯਾਰਾਂ ਦੋਸਤਾਂ ਦੀ ਹਲ਼ਾਸ਼ੇਰੀ ਨਾਲ ਇੱਕ ਜਨਵਰੀ 2022 ਨੂੰ ਨਿਕਲ ਪਏ ਆਪੋ ਆਪਨੇ ਸਾਈਕਲ ਤੇ ਇੰਡੀਆ ਘੁੰਮਣ ਲਈ ।

ਹਸਮੁੱਖ ਸੁਭਾਅ ਦੇ ਮਾਲਕ ਇਹਨਾਂ ਦੋਵੇਂ ਸਾਇਕਲ ਸਵਾਰਾ ਨਾਲ ਸ਼੍ਰੀ ਅਯਾਪਾ ਮੰਦਿਰ ਜਲੰਧਰ ਵਿੱਖੇ ਹੋਈ ਗਲਬਾਤ ਦੌਰਾਨ ਇਹਨਾਂ ਦਸਿਆ ਕਿ ਜਦੋਂ ਅਸੀਂ ਘਰੋਂ ਸਾਇਕਲ ਤੇ ਨਿਕਲੇ ਸੀ ਤਾਂ ਸਾਡੇ ਦੋਹਾਂ ਕੋਲ ਸਿਰਫ਼ 600 ਰੁਪਏ ਸਨ, ਪਰ ਰਸਤੇ ਵਿਚ ਹਰ ਰਾਜ ਦੇ ਲੋਕਾਂ ਵਲੋਂ ਹਰ ਤਰ੍ਹਾਂ ਦੀ ਸਾਡੀ ਮਦਦ ਕੀਤੀ ਗਈ ਸਾਡੀ ਹਰ ਉਸ ਜਰੂਰਤ ਨੂੰ ਪੂਰਾ ਕੀਤਾ ਗਿਆ ਜਿਸ ਦੀ ਸਾਨੂੰ ਲੋੜ ਸੀ, ਅੱਜ ਵੀ ਸਾਡੇ 600 ਰੁਪਏ ਦੇ ਓਹ ਨੋਟ ਸਾਡੇ ਕੋਲ ਉਸ ਤਰ੍ਹਾਂ ਹੀ ਪਏ ਹੋਏ ਹਨ ਜਿਵੇਂ ਅਸੀ ਘਰੋਂ ਚਲਣ ਲਗਿਆ ਰੱਖੇ ਸੀ।

ਇਥੇ ਇਹ ਵੀ ਗੱਲ ਦਸਣਯੋਗ ਹੈ ਕਿ ਸ਼੍ਰੀ ਅਯੱਪਾ ਮੰਦਿਰ ਕਮੇਟੀ ਜਲੰਧਰ ਵਲੋ ਵੀ ਇਹਨਾਂ ਸਾਈਕਲ ਸਵਾਰਾ ਦੀ ਹੌਂਸਲਾ ਅਫ਼ਜਾਈ ਲਈ ਨਗਦ ਰਾਸ਼ੀ ਦਾ ਪੁਰਸਕਾਰ ਦਿੱਤਾ ਗਿਆ।

ਹੁਣ ਤਕ ਇਹ ਸਾਇਕਲ ਸਵਾਰ ਕਰਨਾਟਕਾ, ਗੋਆ, ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ, ਹਿਮਾਚਲ ਅਤੇ ਜੰਮੂ ਕਸ਼ਮੀਰ ਤੋ ਹੁੰਦੇ ਹੋਏ 5 ਨਵੰਬਰ ਨੂੰ ਪੰਜਾਬ ਵਿੱਖੇ ਪੁੱਜੇ।

ਤਕਰੀਬਨ ਕੋਈ 8000 ਹਜ਼ਾਰ ਤੋਂ ਵੀ ਵੱਧ ਸਾਇਕਲ ਚਲਾਉਣ ਤੋਂ ਬਾਅਦ ਜਲੰਧਰ ਪੁੱਜਣ ਤੇ ਇਹਨਾਂ ਦਸਿਆ ਕਿ ਪੰਜਾਬ ਗਰੂਆ ਦੀ ਧਰਤੀ ਤੇ ਆਉਣ ਤੇ ਅਸੀਂ ਸਭ ਤੋਂ ਪਹਿਲਾਂ ਆਪਣਾ ਠਹਿਰਾਵ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਤਾ, ਜਿੱਥੇ ਰਹਿਕੇ ਸਾਡੇ ਮਨ ਨੂੰ ਬਹੁਤ ਸਕੂਨ ਮਿਲਿਆ ਅਤੇ ਕਈ ਸਾਲਾਂ ਦੀ ਸਾਡੀ ਇਸ ਸਥਾਨ ਦੇ ਦਰਸ਼ਨ ਕਰਨ ਦੀ ਇੱਛਾ ਵੀ ਪੂਰੀ ਹੋਈ। ਲਗਭਗ 14 ਰਾਜਾਂ ਵਿਚ ਹਰ ਰੋਜ 150 ਤੋ 200 ਕਿਲੋਮੀਟਰ ਸਾਇਕਲ ਚਲਾਉਣ ਦੀ ਸਮਰੱਥਾ ਰੱਖਣ ਵਾਲੇ ਇਹ ਨੌਜਵਾਨ ਮੁੰਡੇ ਆਪਣਾ ਇਕ ਆਸ਼ੀ ਵਾਲੌਗਰ ਨਾਮਕ ਯੂ ਟਿਊਬ ਚੈਨਲ ਵੀ ਚਲਾ ਰਹੇ ਹਨ।

ਜਿੱਥੇ ਤਕਰੀਬਨ 150 ਬਲੌਗ ਰਾਹੀਂ ਵੱਖ ਵੱਖ ਜਗ੍ਹਾ ਦੀ ਜਾਣਕਾਰੀ ਦੇ ਚੁੱਕੇ ਹਨ। ਭਵਿੱਖ ਵਿਚ ਭਾਰਤ ਤੋਂ ਇਲਾਵਾ ਆਸ਼ੀ ਤੇ ਅਸ਼ਵਿਨ ਗਵਾਂਢੀ ਮੁਲਖਾਂ ਦੀ ਵੀ ਸੈਰ ਸਾਈਕਲ ਤੇ ਹੀ ਕਰਨਾ ਚਾਹੁੰਦੇ ਹਨ।

**– ਬਲਦੇਵ ਸਿੰਘ ਬੇਦੀ, ਜਲੰਧਰ**

# 'ਸੇਵਾ ਬਨਾਮ ਸਜ਼ਾ'

ਸੇਵਾਦਾਰ ਗੁਰੂ ਘਰ ਜਾਕੇ,
ਸੇਵਾ ਕਰਨ ਲਈ ਤਾਂਘਦਾ ਏ।
ਕੋਈ ਲੰਗਰ ਬਣਾਵੇ ਕੋਈ ਵਰਤਾਵੇ,
ਕੋਈ ਭਾਂਡੇ ਇਥੇ ਮਾਂਜਦਾ ਏ।
ਕੋਈ ਜੁੱਤੀਆਂ ਇਥੇ ਸਾਫ਼ ਕਰਦਾ,
ਕੋਈ ਪੋਚੇ ਇਥੇ ਲਗਾਂਵਦਾ ਏ।
ਕੋਈ ਬਾਣੀ ਸੁਣੇ ਪੜ੍ਹੇ ਇਥੇ,
ਅਨੇਕਾਂ ਕੰਮਾਂ ਵਿੱਚ ਹੱਥ ਵਟਾਂਵਦਾ ਏ।
ਕੋਈ ਧਾਰਮਿਕ ਕੰਮਾਂ ਖਾਤਰ,
ਮਾਇਆ ਦੀ ਰਸ਼ੀਦ ਕਟਾਂਵਾਦਾ ਏ।
ਪਰ 'ਜਥੇਦਾਰ' ਅਪਰਾਧੀਆਂ ਨੂੰ ਮਾਫ਼ੀ ਖਾਤਰ,
ਇਹ 'ਸੇਵਾ' ਕਰਨ ਨੂੰ 'ਸਜ਼ਾ' ਬਤਾਂਵਦਾ ਏ।

**ਮੇਜਰ ਸਿੰਘ ਬੁਢਲਾਡਾ**
94176 42327



## ਹਾਸ ਵਿਅੰਗ

# ਜੰਗ ਜਾਰੀ ਹੈ



**ਮੰਗਤ ਕੁਲਜਿੰਦ**

ਕਾਮਰੇਡ ਜੰਗਜੂ ਸਿੰਘ 85 ਨੂੰ ਢੁਕ ਚੁਕਿਆ ਹੈ ਪਰ ਫਿਰ ਵੀ ਉਸ ਵਿੱਚੋਂ 'ਜੰਗ ਜਾਰੀ ਰੱਖਣ' ਦਾ ਉਤਸ਼ਾਹ ਖਤਮ ਨਹੀਂ ਹੋਇਆ. ਅੱਜ ਵੀ ਉਹ ਗੱਲ ਗੱਲ 'ਤੇ 'ਜੰਗ ਜਾਰੀ ਹੈ' ਦਾ ਪਾਠ ਨਿਰੰਤਰ ਕਰ ਰਿਹਾ ਹੈ. ਮਨੋਂ ਭਾਵੇਂ ਉਹ ਅੰਤਾਂ ਦਾ ਦੁੱਖੀ ਹੈ ਕਿ ਸਾਰੀ ਉਮਰ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਦਿਆਂ ਲੋਕਾਂ ਨੂੰ ਲੋਕ-ਮਾਰੂ ਸ਼ਕਤੀਆਂ ਦੇ ਵਿਰੁਧ ਲਾਮਬੰਦ ਕਰਨ ਦਾ ਹੋਕਾ ਦਿੰਦਾ ਰਿਹਾ ਪਰ ਲੋਕਾਈ ਨੇ ਜਾਗਣਾ ਤਾ ਕੀ ਸੀ ਬਲਕਿ ਦਿਨੋ ਦਿਨ 'ਕੌਮਾ' ਦੀ ਹਾਲਤ ਗ੍ਰਹਿਣ ਕਰੀ ਜਾ ਰਹੀ ਹੈ.ਹੁਣ ਭਾਵੇਂ ਸਰੀਰ ਦੇ ਸਾਰੇ ਹੀ ਅੰਗ ਜੰਗਜੂ ਸਿੰਘ ਨਾਲ ਮੂੰਹ ਵੱਟੀ ਖੜ੍ਹੇ ਹਨ ਪਰ ਜੀਭ ਅਜੇ ਵੀ ਰੋਂਦੀ ਪਿੱਟਦੀ ਸਾਥ ਦੇ ਰਹੀ ਹੈ-ਇਹ ਕਹਿੰਦਿਆਂ 'ਜੰਗ ਜਾਰੀ ਹੈ' ਵਿਡੰਬਨਾ ਇਹ ਹੈ ਕਿ ਅੱਜ ਤੋਂ ਕਈ ਦਹਾਕੇ ਪਹਿਲਾਂ ਬਾਕੀ ਪਾਰਟੀਆਂ ਦੇ ਜਿਹੜੇ ਲੀਡਰ ਜੰਗਜੂ ਸਾਹਮਣੇ ਅੱਖ ਉਚੀ ਕਰਕੇ ਨਹੀਂ ਸੀ ਝਾਕਦੇ- ਉਸਦੇ ਰੋਅਬ ਤੋਂ ਡਰਦਿਆਂ, ਅੱਜ ਸਾਹਮਣੇ ਆਉਂਦਿਆਂ ਹੀ 'ਜੰਗ ਜਾਰੀ ਹੈ ਕਾਮਰੇਡਾਂ' ਕਹਿ ਕੇ ਹੱਸਦਿਆਂ ਨਿਹੋਰਾ ਦਿੰਦੇ ਹਨ. ਦਿਖਾਵੇ ਅਦੇ ਲਈ ਪੈਰੀਂ ਹੱਥ ਕੀ ਗੋਡੇ ਵੀ ਨੱਪਦੇ ਹਨ ਪਰ ਮਨ 'ਚ ਬਾਗੋਬਾਗ ਹੋਏ ਮਨ 'ਚ ਦੁਹਰਾਈ ਵੀ ਜਾਂਦੇ ਨੇ, 'ਕਿਉਂ ਕਾਮਰੇਡਾ ਕੀ ਵਿਗਾੜ ਤਾਂ ਸਾਡਾ- ਸਾਰੀ ਉਮਰ ਨਾ ਆਪ ਐਸ਼ ਕੀਤੀ ਨਾ ਸਾਨੂੰ ਕਰਨ ਦਿੱਤੀ.ਆਹ ਵੇਖ ਲੈ ਤੇਰੀ ਜੰਤਾ' ਜੀਹਦੇ ਲਈ ਮਰ ਮਿਟਣ ਨੂੰ ਤਿਆਰ ਰਹਿੰਦਾ ਸੈਂ ਫਿਰਦੀ ਐ ਨਾ ਸਾਡੇ ਮਗਰ ਦੁੰਮ ਹਿਲਾਉਂਦੀ।' ਪਰ ਹੌਂਸਲਾਂ ਉਹ ਅਜੇ ਵੀ ਨਹੀਂ ਹਾਰਦਾ 'ਕੋਈ ਗੱਲ ਨਹੀਂ, ਕਿੰਨੀਆਂ ਪੁੱਠੀਆਂ ਸਿੱਧੀਆਂ ਹਵਾਵਾਂ ਵਗੀ ਜਾਣ, ਜੰਗ ਤਾਂ ਜਾਰੀ ਹੀ ਰਹੇਗੀ, ਮੈਂ ਨਾ ਰੱਖ ਸਕਿਆ ਤਾਂ ਹੋਰ ਕੋਈ ਯੋਧਾ ਪੈਦਾ ਹੋ ਜੂ।' ਕੋਈ ਨਾ ਕੋਈ ਵਿਰੋਧੀ ਪਾਰਟੀ ਵਾਲਾ ਹੱਸਦਾ ਹੱਸਦਾ ਕਹਿ ਵੀ ਜਾਂਦਾ, "ਕੋਈ ਨਾ ਕਾਮਰੇਡਾ, ਧਰਮ ਰਾਜ ਦੇ ਦਰਬਾਰ *ਚੋਂ ਕਿਸੇ ਹੋਰ ਨਵੇਂ ਕਾਮਰੇਡ ਨੂੰ ਭੇਜ ਦੇਂਈਂ, ਤੇਰਾ ਕੰਮ ਸੰਭਾਲ ਲਊ.' ਚੱਲੋ ਇਹ ਤਾਂ ਸਮਾਜ ਦਾ ਯਥਾਰਥ ਹੈ ਪਰ ਜੰਗ ਜਾਰੀ ਤਾਂ ਇਹਨਾਂ ਲੀਡਰਾਂ ਦੀ ਵੀ ਰਹਿੰਦੀ ਹੈ, ਜਦੋਂ ਮਨ ਵਿੱਚ ਲਾਲਸਾਵਾਂ, ਤ੍ਰਿਸ਼ਨਾਵਾਂ ਪੈਦਾ ਹੋ ਜਾਣ ਤਾਂ ਜੰਗ ਜਾਰੀ ਰੱਖਣੀ ਹੀ ਪੈਂਦੀ ਹੈ ਕਿਉਂਕਿ ਜਦੋਂ ਲੋਚਾ ਕੀਤੀ ਚੀਜ਼ ਨੂੰ ਪ੍ਰਾਪਤ ਕਰਨਾ ਹੁੰਦਾ ਹੈ ਉਦੋਂ ਜੰਗ ਆਪਣੇ ਆਪ ਨਾਲ ਲੜੋ ਜਾਂ ਕਿਸੇ ਹੋਰ ਨਾਲ. ਸਾਡੇ ਬਹੁਰੂਪੀਏ ਲੀਡਰ ਲੱਟੂ ਸਾਹਿਬ ਜੀ ਜੰਗ ਜਾਰੀ ਰੱਖਣ ਲਈ ਲੱਟੂ ਵਾਂਗ ਘੁੰਮਦੇ ਹੀ ਰਹਿੰਦੇ ਨੇ; ਸੁਭਾ ਜੇ ਉਹ ਵਿਰੋਧੀ ਪਾਰਟੀ ਦੇ ਅਖਾੜੇ *ਚ ਜਾਂਘੀਆਂ ਪਾਕੇ ਥਾਪੀਆਂ ਮਾਰ ਰਹੇ ਹੁੰਦੇ ਹਨ ਤਾਂ ਦੁਪਹਿਰ ਤੋਂ ਬਾਅਦ ਉਹ ਰਾਜ ਕਰ ਰਹੀ ਪਾਰਟੀ ਦਾ ਕਵਚ ਪਹਿਨ ਕੇ ਜੰਗ ਜਾਰੀ ਰੱਖੇ ਹੁੰਦੇ ਹਨ. ਇਹੀ ਨਹੀਂ ਰਾਤੀਂ ਉਹਨਾਂ ਨੂੰ ਵਿਸਕੀ ਦੀ ਕਿਸ਼ਤੀ 'ਤੇ ਸਵਾਰ ਹੋਇਆਂ ਰਾਤੀਂ ਡਿਊਟੀ ਕਰ ਰਹੀਆਂ ਅਬਲਾਵਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਜੰਗ ਜਾਰੀ ਰੱਖਣ ਤੋਂ ਵੀ ਗੁਰੇਜ਼ ਨਹੀਂ ਹੁੰਦਾ.ਪਰ ਜਦੋਂ ਇਹ ਜਨਾਬ ਘਰੇ ਸੁਭਾ ਸਵੇਰੇ ਕੁਰਸੀ ਦਾ ਨਾਂ ਲੈਂਦਿਆਂ ਅੱਖ ਖੋਲ੍ਹਦੇ ਹਨ ਤਾਂ ਉਦੋਂ ਵੀ ਮਨ ਵਿੱਚ ਇਹ ਜੰਗ ਚੱਲ ਰਹੀ ਹੁੰਦੀ ਹੈ ਕਿ ਭਾਗਭਰੀ ਦੇ ਸ਼ਬਦੀ ਜੰਗੀ ਹਥਿਆਰਾਂ ਤੋਂ ਕਿਵੇਂ ਬਚਿਆ ਜਾਵੇ- ਇਹ ਤਾਂ ਸ਼ੁਕਰ ਹੁੰਦਾ ਹੈ ਕਿ ਮੁਬਾਈਲ ਦੀ ਟੂੰ ਟੂੰ ਉਹਨਾਂ ਲਈ ਸੁਰੱਖਿਆ ਕਵਚ ਬਣ ਕੇ ਬਹੁੜਦੀ ਹੈ; ਫੋਨ ਉਪਰ ਆਪਣੇ ਕਿਸੇ ਚਮਚੇ ਦੀ ਗੱਲ ਦਾ ਜਵਾਬ ਦੇਣ ਦੀ ਬਜਾਇ ਆਪ ਹੀ ਉਚੀ ਤੋਂ ਉਚੀ ਲੀਡਰ-ਟੋਨ ਵਿੱਚ ਝਿੜਕਾਂ ਦੇ ਬਾਣ ਚਲਾਉਂਦੇ, ਫੋਨ ਕੰਨ ਨਾਲ ਲਾਈ, ਹੋਮ ਮਨਿਸਟਰੀ ਦੇ ਜੰਗ-ਏ-ਮੈਦਾਨ ਦੀ ਰੇਂਜ ਤੋਂ ਬਾਹਰ ਹੋ ਜਾਂਦੇ ਨੇ. ਵਿਚਾਰੇ ਅਫਸਰ ਲੋਕਾਂ ਦਾ ਹਾਲ ਏਦੂੰ ਵੀ ਭੈੜਾ ਹੁੰਦਾ ਹੈ.ਸਾਰੀ ਉਮਰ ਜੰਗ ਜਾਰੀ ਰੱਖਦਿਆਂ ਗੁਜ਼ਾਰ ਦਿੰਦੇ ਹਨ. ਅਸੀਂ ਸੋਚਦੇ ਹਾਂ ਬਈ ਬੜੀ ਮੌਜ਼ ਹੈ ਇਹਨਾਂ ਨੂੰ, ਐਸ਼ ਕਰਦੇ ਨੇ; 'ਮਨੀ ਵਨੀ ਫ਼ਨੀ' ਵਾਧੂ, ਚੌਧਰ ਸਿਰ ਤੋਂ ਪੈਰਾਂ ਤੱਕ,ਪਰ ਬਈ ਇਹ ਸੱਭ ਕੁਝ ਪ੍ਰਾਪਤ ਕਰਨ ਲਈ ਅਫਸਰਾਂ ਨੂੰ ਕਿੰਨੇ ਪਾਪੜ ਵੇਲਣੇ ਪੈਂਦੇ ਨੇ- ਅਸੀਂ ਕਲਪਨਾ ਵੀ ਨਹੀਂ ਕਰ ਸਕਦੇ.ਇਹ ਰੁਤਬੇ ਪ੍ਰਪਤ ਕਰਨ ਲਈ ਆਲਮੀ ਜੰਗ ਹੀ ਲੜਨੀ ਪੈਂਦੀ ਹੈ.ਆਪ ਤੋਂ ਉੱਚੇ ਸੱਭ ਅਫਸਰਾਂ, ਨੇਤਾਵਾਂ ਦੇ ਘਰੀਂ ਗੇੜੇ ਤੇ ਗੇੜਾ ਮਾਰਨਾ ਪੈਂਦਾ ਹੈ; ਤਿੱਥ ਤਿਉਹਾਰਾਂ ਦੀਆਂ ਤਾਰੀਖਾਂ ਟਿਪਸ ਤੇ ਰੱਖਣੀਆਂ ਪੈਂਦੀਆਂ ਹਨ। ਉਹਨਾਂ ਦੇ ਬੀਵੀ ਬੱਚਿਆਂ ਦੀਆਂ ਜਨਮ ਤਾਰੀਕਾਂ, ਮੁੰਡਨ ਤਾਰੀਖਾਂ ਮੈਰਿਜ ਐਨੀਵਰਸੀਆਂ ਆਦਿ ਦੀ ਲਿਸਟ ਮਨ ਦੇ ਸਟੋਰ *ਚ ਟਿਪ ਟਾਪ ਰੱਖਣੀ ਪੈਂਦੀ ਹੈ.ਸੰਤਾਂ ਬਾਬਿਆਂ ਦੇ ਗੋਡੇ ਨੱਪਣ ਲਈ ਸਰੀਰਾਂ ਨੂੰ ਅਥਾਹ ਕਸ਼ਟ ਦੇਣਾ ਪੈਂਦਾ ਹੈ.ਇੰਨਾ ਹੀ ਨਹੀਂ,ਆਪ ਤੋਂ ਹੇਠਲਿਆਂ ਉਪਰ ਬਾਜ਼-ਅੱਖ ਰੱਖਣੀ ਪੈਂਦੀ ਹੈ,ਇਕ ਇਕ ਜਣੇ ਦੀ ਕਮਾਈ ਦਾ ਪਾਈ ਪਾਈ ਦਾ ਹਿਸਾਬ ਰੱਖਣਾ ਪੈਂਦਾ ਹੈ ਇਸੇ ਲਈ ਦਿਨ, ਰਾਤ, ਉਠਦੇ, ਬੈਠਦੇ, ਸੌਂਦੇ, ਸਫਰ ਕਰਦੇ ਮਨ ਵਿੱਚ ਜੰਗ ਜਾਰੀ ਰੱਖਦੇ ਹਨ ਫਿਰ ਕਿਤੇ ਜਾਕੇ ਇਹ ਰੁਤਬੇ ਪ੍ਰਾਪਤ ਹੁੰਦੇ ਨੇ. ਰੁਤਬੇ ਪ੍ਰਾਪਤ ਕਰਕੇ ਜੰਗ ਫਿਰ ਵੀ ਜਾਰੀ ਰੱਖਣੀ ਪੈਂਦੀ ਹੈ ਕਿਉਂਕਿ ਸ਼ਰੀਕ-ਵਰੀਕ ਤਾਕ 'ਚ ਬੈਠੇ ਹੁੰਦੇ ਹਨ; ਉਹਨਾਂ ਦੀਆਂ ਚਾਲਾਂ ਨੂੰ ਪਕੜਣ 'ਤੇ ਉਹਨਾਂ ਦੇ ਬਰੇਕ ਫੇਲ੍ਹ ਕਰਨ ਲਈ ਜੰਗ ਜਾਰੀ ਰੱਖਣੀ ਹੀ ਪੈਂਦੀ ਹੈ।

ਸਹੀ ਪੁੱਛੋ ਤਾਂ ਜੰਗ ਜਾਰੀ ਰੱਖਣ 'ਚ, ਦੇਸ਼ ਆਜ਼ਾਦ ਹੋਣ ਤੋਂ ਬਾਅਦ ਹੁਣ ਤੱਕ ਬਣੀਆਂ ਸਾਡੀਆਂ ਸਰਕਾਰਾਂ ਦੇ ਮਨਿਸਟਰਾਂ, ਭ੍ਰਿਸ਼ਟਰਾਂ, ਧ੍ਰਿਤਸ਼ਟਰਾਂ ਕੁਝ ਵੀ ਕਹਿ ਲਉ ਸਮਨਾਮੀ ਹੀ ਹਨ,ਨੇ ਜੰਗ ਜਾਰੀ ਰੱਖਣ ਦਾ ਸੰਸਾਰ ਰੀਕਾਰਡ ਬਣਾਇਆ ਹੋਇਆ ਹੈ. ਕਦੇ ਗਰੀਬੀ ਵਿਰੁੱਧ, ਕਦੇ ਮਹਿੰਗਾਈ ਵਿਰੁਧ, ਕਦੇ ਅਣਪੜ੍ਹਤਾ ਵਿਰੁਧ, ਕਦੇ ਜਾਤ ਪਾਤ ਵਿਰੁਧ. ਸਦਾ ਹੀ ਅਲਾਮਤਾਂ ਵਿਰੁੱਧ ਜੰਗ ਜਾਰੀ ਰੱਖਦਿਆਂ ਕੁਰਸੀ ਪਾਉਣੀ ਅਤੇ ਬਚਾਉਣੀ ਦੇ ਸ਼ੁਭ ਕਾਰਜ ਨੂੰ ਨੇਪਰੇ ਚੜਾਉਣ ਵਿੱਚ ਆਪਣੇ ਆਪ ਨੂੰ ਸਮਰਪਿਤ ਕਰਦੇ ਆਏ ਹਨ।

ਚੱਲੋ ਛੱਡੋ ਜੀ.... ਵੱਡੇ ਲੋਕਾਂ ਦੀਆਂ ਵੱਡੀਆਂ ਮਿਰਚਾਂ^ ਇਹਨਾ ਦੇ ਤਾਂ ਹਰ ਕਾਰਜ ਵੱਖਰੇ ਹੀ ਹੁੰਦੇ ਹਨ. ਇੱਥੇ ਤਾਂ ਆਮ ਆਦਮੀ ਵੀ ਭਾਵੇਂ ਕਿਸੇ ਵੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ, ਜ਼ਿੰਦਗੀ ਦੀ ਗੱਡੀ ਦੀ ਧੂਹ ਘਸੀਟ ਕਰੀ ਜਾਂਦਾ ਹੈ, ਉਹ ਵੀ ਚੌਵੀਂ ਘੰਟੇ, ਸੱਤ ਦਿਨ, ਜੰਗ ਜਾਰੀ ਰੱਖੇ ਹੋਏ ਹੈ; ਕਿਤੇ ਆਪਣੇ ਆਪ ਨਾਲ ਕਿਤੇ ਹੋਰ ਵਿਅਕਤੀ ਨਾਲ, ਕਿਤੇ ਸਮਾਜ ਨਾਲ ਕਿਤੇ ਦੋਸਤਾਂ ਨਾਲ, ਕਿਤੇ ਦੁਸ਼ਮਣਾਂ ਨਾਲ ਕਿਤੇ ਜ਼ਨਾਨੀ ਨਾਲ, ਕਿਤੇ ਬੱਚਿਆਂ ਨਾਲ ਇੱਥੋਂ ਤੱਕ ਕਿ ਉਸਨੇ ਜੀਹਨੂੰ ਕਦੇ ਵੇਖਿਆ ਤੱਕ ਨਹੀਂ ਕੇਵਲ ਸੁਣਿਆ ਹੀ ਹੈ ਜਾਣੀ ਕਿ ਸ੍ਰਿਸ਼ਟੀ ਦੇ ਸਿਰਜਣਹਾਰੇ ਰੱਬ ਨਾਲ ਵੀ ਆਢਾ ਲਾਈ ਰੱਖਦਾ ਹੈ.ਜ਼ਿੰਦਗੀ ਦੀਆਂ ਲਾਲਸਾਵਾਂ ਜਦ ਪੂਰੀਆਂ ਨਹੀਂ ਹੁੰਦੀਆਂ ਤਾਂ ਬੈਠਾ ਹੋਇਆ ਮਨ ਵਿੱਚ ਕੁਲਝੀ ਜਾਊ, 'ਰੱਬਾ ਕਬੱਬਾ' ਜੇ ਕਿਤੇ 'ਕੱਲਾ ਟੱਕਰ ਜੇ ਨਾ ਇਕੇਰਾਂ.... ਤੇਰੇ ਟੋਟੇ ਟੋਟੇ ਕਰ ਦਊਂ" ਰੱਬ ਵਿਚਾਰਾ ਤਾਂ ਪਹਿਲਾਂ ਹੀ ਟੋਟੇ ਟੋਟੇ ਹੋਇਆ ਪਿਆ ਹੈ ਜੇ ਨਹੀਂ ਯਕੀਨ ਤਾਂ ਵੇਖ ਲਉ ਕਿਸੇ ਵੀ ਧਾਰਮਿਕ ਸਥਾਨ 'ਤੇ ਜਾ ਕੇ, ਜੇ ਕਿਤੋਂ ਵੀ ਸਾਬਤਾ ਰੱਬ ਲੱਭ ਜੇ' ਪਰ ਆਪਾਂ ਨੂੰ ਕੀ- ਆਪਾਂ ਤਾਂ ਜੰਗ ਜਾਰੀ ਰੱਖਣੀ ਹੈ.. ਰੱਬ ਭਾਵੇਂ ਇਕ ਰਵੇ ਭਾਵੇਂ ਅਰਬਾਂ ਖਰਬਾਂ ਹੋ ਜੇ. ਜੇ ਆਦਮੀ ਚੌਵੀਂ ਘੰਟੇ ਜੰਗ ਜਾਰੀ ਰੱਖ ਸਕਦਾ ਹੈ ਤਾਂ ਔਰਤਾਂ ਭਲਾ ਕਿਵੇਂ ਪਿੱਛੇ ਰਹਿ ਸਕਦੀਆਂ ਹਨ। ਆਫਟਰਆਲ ਉਹ ਵੀ ਬੰਦੇ ਦੇ ਬਰਾਬਰ ਦੀਆਂ ਸ਼ਰੀਕ ਹਨ: ਅੱਧ ਦੀਆਂ ਭਾਈਵਾਲ' ਨਾਲੇ ਇਹਨਾਂ ਦੀ ਜੰਗ ਜਾਰੀ ਦਾ ਟਾਰਗੈਟ ਆਪਣੇ ਆਪ ਤੋਂ ਬਿਨ੍ਹਾਂ ਬ੍ਰਹਿਮੰਡ ਦੀ ਹਰ ਜ਼ਨਾਨੀ ਅਤੇ ਇਕੋ ਇਕ ਪਤੀ ਦੇਵ ਨਾਂ ਦਾ ਪ੍ਰਾਣੀ ਹੁੰਦਾ ਹੈ. ਦੂਜੀਆਂ ਔਰਤਾਂ ਨਾਲ ਜਾਰੀ ਜੰਗ ਕਦੇ ਵੀ, ਕਿਸੇ ਵੀ ਨਤੀਜੇ 'ਤੇ ਨਹੀਂ ਪਹੁੰਚੀ ਅਤੇ ਨਾ ਹੀ ਪਹੁੰਚਣ ਦੇ ਆਸਾਰ ਨਜ਼ਰ ਆਉਂਦੇ ਹਨ। ਪੀਰ, ਪੈਗੰਬਰ, ਦੇਵੀ, ਦੇਵਤੇ, ਸੰਤ, ਮਹਾਤਮਾ ਇੱਥੋਂ ਤੱਕ ਕਿ ਖੁਦ ਪ੍ਰਮਾਤਮਾ ਨੇ ਵਾਰ ਵਾਰ ਯਤਨ ਕਰਕੇ ਵੇਖ ਲਏ ਪਰ ਹਰ ਵਾਰ ਉਹਨਾਂ ਨੂੰ 'ਫੇਰ ਸਹੀ' ਕਹਿ ਕੇ ਪਾਸਾ ਵੱਟਣਾ ਪਿਆ।

ਜਿੱਥੋਂ ਤੀਕਰ ਪਤੀ ਦੇਵ ਨਾਮਕ ਪ੍ਰਾਣੀ ਦਾ ਸਵਾਲ ਹੈ ਉਹਦਾ ਨਤੀਜਾ ਤਾਂ ਜੰਗ ਜਾਰੀ ਹੋਣ ਤੋਂ ਪਹਿਲਾਂ ਹੀ ਆ ਜਾਂਦੈ, ਵਿਚਾਰਾ ਪਹਿਲਾਂ ਹੀ ਹਥਿਆਰ ਸੁੱਟ ਦਿੰਦਾ ਹੈ ਪਰ ਔਰਤ ਫਿਰ ਵੀ ਇਸ ਜਿੱਤੀ ਹੋਈ ਜੰਗ ਦੇ ਉਦੇਸ਼ ਨੂੰ ਪ੍ਰੈਕਟਿਸ ਦੇ ਤੌਰ *ਤੇ ਵਰਤਦੀ ਰਹਿੰਦੀ ਹੈ।

'ਕੀ ਆਪਾਂ ਵੀ ਔਰਤਾਂ ਮਗਰ ਪੈ ਗਏ' ਇੱਥੇ ਤਾਂ ਬੁਢਿਆਂ ਤੋਂ ਲੈਕੇ ਬੱਚਿਆਂ ਤੱਕ ਵੀ ਆਪਣੀ ਆਪਣੀ ਪਹੁੰਚ ਮੁਤਾਬਿਕ ਜੰਗ ਜਾਰੀ ਰੱਖੇ ਹੋਏ ਹਨ. ਕੋਈ ਨਵਾਂ ਸਮਾਰਟਫੋਨ ਲੈਣ ਲਈ ਕੋਈ ਹਵਾ ਨਾਲ ਗੱਲਾਂ ਕਰਣ ਵਾਲੀ ਕਾਰ ਲੈਣ ਲਈ, ਮੁੰਡਾ ਸੋਹਣੀ ਸੁਨੱਖੀ ਗਰਲ ਫਰੈਂਡ ਜਾਂ ਅਰਧੰਗਣੀ ਪ੍ਰਾਪਤ ਕਰਨ ਲਈ, ਮੁਟਿਆਰ ਐਕਟਰਾਂ ਵਰਗਾ ਸੋਹਣਾ ਗੱਭਰੂ ਜਵਾਨ ਪਤੀ ਜਾਂ ਬੁਆਏ ਫਰੈਂਡ ਪ੍ਰਾਪਤ ਕਰਨ ਲਈ। ਅੱਜ ਕੱਲ ਤਾਂ ਮੁੰਡੇ^ਖੁੰਡੇ ਇੱਥੋਂ ਤੱਕ ਕਿ ਕੁੜੀਆਂ ਵੀ ਆਪਣੇ ਸਰੀਰ ਨੂੰ ਹੌਲਾ ਫੁੱਲ ਬਣਾਕੇ ਰੱਖਣ ਲਈ ਨਸ਼ੇ ਦੀ ਪ੍ਰਾਪਤੀ ਲਈ ਜੰਗ ਜਾਰੀ ਰੱਖਦੇ ਹਨ। ਬਚਦੇ ਕਬੀਲਦਾਰ ਵੀ ਨਹੀਂ ਕੋਈ ਬੁਢੇ ਬੁੱਢੀ ਤੋਂ ਖਹਿੜਾ ਛੁਡਵਾਉਣ ਲਈ ਅਤੇ ਬੁਢੀਆਂ ਨੂੰਹਾਂ ਤੋਂ ਪਿੱਛਾ ਛੁਡਵਾਉਣ ਲਈ ਜੰਗ ਜਾਰੀ ਰੱਖਦੀਆਂ ਹਨ.ਪਰ ਛੱਡੋ ਯਾਰ' ਜੰਗਜੂ ਸਿੰਘ ਦੇ ਕਹਿਣ ਮੁਤਾਬਿਕ ਜ਼ਿੰਦਗੀ ਜਿਉਣ ਲਈ, ਆਪਣੇ ਆਪ ਨੂੰ ਸਥਾਪਿਤ ਕਰਨ ਲਈ, ਜੰਗ ਜਾਰੀ ਰੱਖਣੀ ਹੀ ਪੈਂਦੀ ਹੈ *ਤੇ ਰੱਖਣੀ ਵੀ ਚਾਹੀਦੀ ਹੈ। ਜ਼ਿੰਦਗੀ 'ਚ ਖੜਕਾ-ਦੜਕਾ ਹੁੰਦਾ ਰਹੇ. ਸਿਹਤ ਨੂੰ ਕਾਇਮ ਰੱਖਣ ਅਤੇ ਮਾਨਵ ਨੂੰ ਜਾਗਰੂਕ ਰੱਖਣ ਲਈ ਜ਼ਰੂਰੀ ਵੀ ਹੈ. ਪਾਣੀ ਤਾਂ ਪਹਾੜਾਂ ਤੋਂ ਰੁੜਦਾ ਮੈਦਾਨੀ ਇਲਾਕੇ 'ਚ ਮਸਤ ਚਾਲ ਚੱਲਦਿਆਂ ਆਪਣੀ ਜੰਗ ਜਾਰੀ ਰੱਖਦਿਆਂ ਹੀ ਵਧੀਆ 'ਤੇ ਪਵਿੱਤਰ ਰਹਿੰਦਾ ਹੈ, ਖੜ੍ਹਾ ਪਾਣੀ ਤਾਂ ਗੰਧਲ ਹੀ ਜਾਂਦੈ..... ਇਹ ਤੁਹਾਨੂੰ ਵੀ ਪਤੈ.....

**ਸਿਆਟਲ (ਯੂ.ਐਸ.ਏ) 1 425 286 0163, ਭਾਰਤ 91 94177 53892**

# ਕਲਮ ਤੇ ਤੇਗ਼ ਦੇ ਧਨੀ : ਬਾਬਾ ਦੀਪ ਸਿੰਘ ਜੀ ਸ਼ਹੀਦ

ਬਾਬਾ ਦੀਪ ਸਿੰਘ ਜੀ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ।ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ , ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ।ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ। ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।



ਡਾ.ਚਰਨਜੀਤ ਸਿੰਘ ਗੁਮਟਾਲਾ
0019375739812

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੁੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਸ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।



17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ ਸੀ । ਬਾਬਾ ਦੀਪ ਸਿੰਘ ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

ਅਹਿਮਦ ਸ਼ਾਹ ਦੁਰਾਨੀ ਜੋ ਸਿੱਖਾਂ ਦੇ ਸਖ਼ਤ ਵਿਰੁੱਧ ਸੀ ਅਤੇ ਸਿੱਖਾਂ ਨੂੰ ਖ਼ਤਮ ਕਰਨ ਉੱਤੇ ਤੁਲਿਆ ਹੋਇਆ ਸੀ, ਆਪਣੇ 1757 ਈ: ਦੇ ਹਿੰਦੁਸਤਾਨ ਦੇ ਹਮਲੇ ਵੇਲੇ ਦਿੱਲੀ ਤੋਂ ਵਾਪਿਸ ਜਾਂਦਾ ਹੋਇਆ ਕੁਝ ਦੇਰ ਲਈ ਲਾਹੌਰ ਠਹਿਰਿਆ। ਉਸ ਨੇ ਅੰਮ੍ਰਿਤਸਰ ਸ਼ਹਿਰ ਨੂੰ ਲੁੱਟਿਆ ਅਤੇ ਸ਼ਹਿਰ ਦੀਆਂ ਇਮਾਰਤਾਂ ਨੂੰ ਢਾਹਿਆ। ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਅਸਥਾਨ ’ਤੇ ਪੁੱਜੀ ਤਾਂ ਆਪ ਦੇ ਦਿਲ ’ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ ’ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ ’ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ ’ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਹ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉੱਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ 13 ਨਵੰਬਰ 1757 ਈ ਨੂੰ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ ’ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ’ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤਾਂ ਵੱਲੋ ਆਪ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਮ ਮਨਾਇਆ ਜਾ ਰਿਹ ਹੈ।

## ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਬਖਸਿਆ ਨਹੀਂ ਜਾਵੇਗਾ- ਐਸਐਚਓ ਨਰੇਸ਼ ਕੁਮਾਰੀ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)-** ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਨਾਲ ਹੀ ਗੰਨ ਕਲਚਰ ਨੂੰ ਖਤਮ ਕਰਨਾ ਮੇਰਾ ਅਹਿਮ ਨਿਸ਼ਾਨਾ ਹੈ ਤੇ ਇਸ ਕਾਰਜ ਲਈ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਮਾਜ ਸੇਵੀ ਸੰਸਥਾਵਾਂ ਪੁਲਿਸ ਦਾ ਸਹਿਜੋਗ ਦੇਣ ਤਾਂ ਜੋ ਇਲਾਕੇ ਦੀ ਅਮਨ ਸ਼ਾਂਤੀ ਨੂੰ ਬਹਾਲ ਰੱਖਿਆ ਜਾ ਸਕੇ ਇਨਾ ਵਿਚਾਰਾਂ ਦਾ ਪ੍ਰਗਟਾਵਾ ਪੁਲਿਸ ਥਾਣਾ ਔੜ ਦੇ ਨਵਨਿਯੁਕਤ ਐਸਐਚਓ ਮੈਡਮ ਨਰੇਸ਼ ਕੁਮਾਰੀ ਨੇ ਅਹੁਦਾ ਸੰਭਾਲਣ ਉਪਰੰਤ ਗੱਲਬਾਤ ਕਰਦਿਆ ਕੀਤਾ ਉਨਾਂ ਕਿਹਾ ਕਿ ਅਗਰ ਤੁਹਾਡੇ ਪਿੰਡ ਜਾਂ ਮੁਹੱਲੇ ਚ ਕੋਈ ਨਸ਼ੇ ਦੀ ਤਸਕਰੀ ਕਰਦਾ ਹੈ ਜਾਂ ਸਮਾਜ ਵਿਰੋਧੀ ਅਨਸਰ ਘੁੰਮ ਰਹੇ ਹਨ ਉਨਾਂ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿਓ ਤਾਂ ਜੋ ਉਸ ਨੂੰ ਫੜਿਆ ਜਾ ਸਕੇ ਤੇ ਇਲਾਕੇ ਚ ਨਜਾਇਜ ਮਾਇਨਿੰਗ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਵੇਗੀ ਉਨਾਂ ਨਸ਼ੇ ਦੇ ਸੋਦਾਗਰਾਂ ਤੇ ਲੁੱਟਾਂ ਖੋਹਾਂ ਨੂੰ ਅੰਜਾਮ ਵਾਲੇ ਮਾੜੇ ਅਨਸਰਾਂ ਨੂੰ ਸਖਤ ਚੇਤਾਵਨੀ ਦਿਤੀ ਕਿ ਉਹ ਮਾੜੇ ਕੰਮਾ ਤੋਂ ਬਾਜ ਆ ਜਾਣ ਅਗਰ ਕਿਤੇ ਉਹ ਅੜਿੱਕੇ ਆ ਗਏ ਤਾਂ ਉਨਾਂ ਖਿਲਾਫ ਕਾਨੂੰਨ ਮੁਤਾਬਕ ਸਖਤ ਕਾਰਵਾਈ ਹੋਵੇਗੀ ਤੇ ਕਿਸੇ ਦੀ ਸਿਫਾਰਸ਼ ਤੇ ਛੱਡਿਆ ਨਹੀਂ ਜਾਵੇਗਾ ਉਨਾਂ ਕਿਹਾ ਕਿ ਜਿਹੜੇ ਨੋਜਵਾਨ ਨਸ਼ਿਆਂ ਦੇ ਆਦੀ ਹਨ ਉਹ ਬੇਝਿਜਕ ਸਾਡੇ ਨਾਲ ਸੰਪਰਕ ਕਰਨ ਕਿਉਕਿ ਪੰਜਾਬ ਸਰਕਾਰ ਸ਼ਹਿਰਾਂ ਵਿੱਚ ਨਸ਼ਾ ਛੁਡਾਊ ਕੇਂਦਰ ਖੋਲੇ ਹਨ ਉਥੇ ਜਾਕੇ ਆਪਣਾ ਨਸ਼ਾ ਛੁਡਾ ਸਕਦੇ ਹਨ ਤੇ ਉਨਾਂ ਕਿਹਾ ਕਿ ਪੰਚਾਇਤਾਂ ਅਤੇ ਇਲਾਕੇ ਦੇ ਲੋਕ ਪੰਜਾਬ ਪੁਲਿਸ ਦਾ ਸਹਿਜੋਗ ਦੇਣ ਅਸੀ ਹਮੇਸ਼ਾਂ ਤੁਹਾਡੇ ਨਾਲ ਹਾਂ ਤੇ ਤੁਹਾਡੇ ਸਹਿਜੋਗ ਦੀ ਲੋੜ ਹੈ।



## ਸਾਈਬਰ ਕ੍ਰਾਈਮ ਤੋਂ ਚੌਕਸ ਰਹਿਣ ਸਬੰਧੀ ਲੈਕਚਰ ਕਰਵਾਇਆ



**ਧੂਰੀ (ਦਲਜੀਤ ਕੌਰ)-** ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ ਬਾਲ ਕ੍ਰਿਸ਼ਨ ਦੀ ਅਗਵਾਈ ਵਿੱਚ ਐਨ ਐਸ ਐਸ ਵਿਭਾਗ ਅਤੇ ਰੈਡ ਰਿਬਨ ਕਲੱਬ ਨੇ ਸਾਈਬਰ ਕ੍ਰਾਈਮ ਵਿਸ਼ੇ ’ਤੇ ਲੈਕਚਰ ਕਰਵਾਇਆ। ਐਨ ਐਸ ਐਸ ਪ੍ਰੋਗਰਾਮ ਅਫ਼ਸਰ ਡਾ. ਊਸ਼ਾ ਰਾਣੀ ਅਤੇ ਰੈਡ ਰਿਬਨ ਕਲੱਬ ਦੇ ਕਨਵੀਨਰ ਡਾ ਅਸ਼ੋਕ ਕੁਮਾਰ ਨੇ ਦੱਸਿਆ ਕਿ ਸਾਈਬਰ ਕ੍ਰਾਈਮ ਐਸ ਐਸ ਪੀ ਦਫ਼ਤਰ ਸੰਗਰੂਰ ਤੋਂ ਪਹੁੰਚੇ ਪੰਜਾਬ ਪੁਲਿਸ ਦੇ ਇੰਸਪੈਕਟਰ ਹਰਜੋਤ ਕੌਰ ਨੇ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਦੇ ਸਹੀ ਢੰਗ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਜਿਲ੍ਹਾ ਸਾਂਝ ਕੇਂਦਰ ਤੋਂ ਇੰਸਪੈਕਟਰ ਸਿਮਰਨਜੋਤ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਸਾਈਬਰ ਕ੍ਰਾਈਮ ਇੱਕ ਵੱਡੀ ਚਣੌਤੀ ਦੇ ਰੂਪ ਵਿੱਚ ਉੱਭਰ ਰਿਹਾ ਹੈ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਸਤਰਕ ਰਹਿ ਕੇ ਕਰਨੀ ਸਮੇਂ ਦੀ ਲੋੜ ਹੈ। ਵੱਖ ਵੱਖ ਸਾਈਬਰ ਕ੍ਰਾਈਮ ਨਾਲ ਸਬੰਧਤ ਘਟਨਾਵਾਂ ਦੇ ਜ਼ਿਕਰ ਨਾਲ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਣ ਸਬੰਧੀ ਬਹੁਮੁੱਲੀ ਜਾਣਕਾਰੀ ਦਿੱਤੀ।

ਮਹਿਮਾਨਾਂ ਲਈ ਧੰਨਵਾਦੀ ਸ਼ਬਦ ਡਾ. ਹਰਪ੍ਰੀਤ ਸਿੰਘ ਵੱਲੋਂ ਪੇਸ਼ ਕੀਤੇ ਗਏ ਤੇ ਅੰਤ ਵਿੱਚ ਆਏ ਮਹਿਮਾਨਾਂ ਨੂੰ ਕਾਲਜ ਪ੍ਰਿੰਸੀਪਲ ਤੇ ਸਟਾਫ਼ ਵੱਲੋਂ ਸਨਮਾਨ ਚਿੰਨ ਨਾਲ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਕ ਦੀ ਭੂਮਿਕਾ ਡਾ. ਜਸਬੀਰ ਸਿੰਘ ਵੱਲੋਂ ਨਿਭਾਈ ਗਈ।

ਇਸ ਮੌਕੇ ਹਵਾਲਦਾਰ ਗੁਰਵਾਜ ਸਿੰਘ, ਹਵਾਲਦਾਰ ਪਰਮਜੀਤ ਸਿੰਘ ਤੋਂ ਇਲਾਵਾ ਕਾਲਜ ਸਟਾਫ਼ ਵਿੱਚੋਂ ਡਾ. ਹਰਵਿੰਦਰ ਸਿੰਘ, ਡਾ. ਰਾਕੇਸ਼ ਕੁਮਾਰ, ਡਾ. ਚਮਕੌਰ ਸਿੰਘ, ਡਾ. ਅਮਿਤਾ ਜੈਨ, ਡਾ. ਸੰਜੀਵ ਦੱਤਾ, ਗੁਰਬਖਸ਼ੀਸ ਸਿੰਘ, ਅਮਨਦੀਪ ਕੌਰ, ਡਾ. ਸੁਖਜਿੰਦਰ ਰਿਸ਼ੀ, ਮਾਲਵਿੰਦਰ ਕੌਰ, ਅਤੇ ਪ੍ਰਭਜੋਤ ਕੌਰ ਮੌਜੂਦ ਸਨ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬੇਟੀ ਰਵਿਨੂਰ ਕੌਰ ਦੇ ਜਨਮ ਦਿਨ 'ਤੇ ਵੱਡਾ ਜਸ਼ਨ ਮਨਾ ਕੇ ਬੇਟੀਆਂ ਦੇ ਮਾਣ ਵਿਚ ਕੀਤਾ ਵਾਧਾ

ਬੇਟੀ ਰਵਿਨੂਰ ਕੌਰ ਦੇ ਜਨਮ ਦਿਨ 'ਤੇ ਵੱਡੇ ਸਮਾਗਮ ਦਾ ਆਯੋਜਨ ਸਮਾਜ ਵਿੱਚ ਬੇਟਾ ਬੇਟੀ ਦੇ ਫ਼ਰਕ ਨੂੰ ਮਿਟਾਉਣ ਦਾ ਸੰਦੇਸ਼ ਦੇ ਗਿਆ। ਚੌਹਾਨ ਫ਼ਾਰਮ ਪਚਰੰਗਾ ਭੋਗਪੁਰ ਵਿਖੇ ਬਿਨਪਾਲਕੇ ਨਿਵਾਸੀ ਸ਼ਾਂਤੀ ਰਾਣੀ ਤੇ ਚਰਨਜੀਤ ਸਿੰਘ ਵੱਲੋਂ ਆਪਣੀ ਬੇਟੀ ਅਤੇ ਪ੍ਰਿਆਂਸ਼ੂ ਤੇ ਏਂਜਲ ਵਲੋਂ ਆਪਣੀ ਭੈਣ ਰਵਿਨੂਰ ਕੌਰ ਦੇ ਜਨਮਦਿਨ 'ਤੇ ਉਸ ਨੂੰ ਵੱਡੀ ਪਾਰਟੀ ਦਾ ਤੋਹਫਾ ਪ੍ਰਦਾਨ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਾਮਲ ਮਹਿਮਾਨਾਂ ਨੇ ਚਾਹ ਪਾਣੀ ਉਪਰੰਤ ਪੰਜਾਬੀ ਸੱਭਿਆਚਾਰਕ ਮਿਸ਼ਨਰੀ ਪ੍ਰੋਗਰਾਮ ਦਾ ਆਨੰਦ ਮਾਣਿਆ। ਬਾਲੀਵੁਡ ਗਾਇਕ ਅਮਰ ਅਰਸ਼ੀ ਨਰਿੰਦਰਜੋਤ, ਆਸ਼ੂ ਸਿੰਘ, ਸੋਨੀ ਸਾਗਰ ਅਤੇ ਗੀਤਕਾਰ ਮਹਿੰਦਰ ਸੰਧੂ ਮਹੇੜੂ ਨੇ ਇਸ ਸਮਾਗਮ ਵਿੱਚ ਆਪਣੇ ਗੀਤਾਂ ਰਾਹੀਂ ਧੀਆਂ ਦੇ ਪਿਆਰ ਅਤੇ ਸਤਿਕਾਰ ਦਾ ਵਰਣਨ ਕੀਤਾ। ਉਨ੍ਹਾਂ ਨੇ ਸਮਾਜ ਵਿੱਚ ਬੇਟੀਆਂ ਨੂੰ ਬੇਟਿਆਂ ਤੋਂ ਅਗਲੀ ਕਤਾਰ ਵਿੱਚ ਖੜ੍ਹਨ ਦਾ ਸੰਦੇਸ਼ ਦਿੱਤਾ। ਤਾਲੀਆਂ ਦੀ ਗੂੰਜ ਵਿੱਚ ਰਵਿਨੂਰ ਕੌਰ ਨੇ ਕੇਕ ਕੱਟਿਆ ਸਾਰਿਆਂ ਨੇ ਬੇਟੀ ਦੇ ਜਨਮਦਿਨ ਦੀਆਂ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਪਰਿਵਾਰ ਵੱਲੋਂ ਮਹਿਮਾਨਾਂ ਨੂੰ ਕਿਸੇ ਪ੍ਰਕਾਰ ਦੇ ਸ਼ਗਨ, ਤੋਹਫੇ ਦੀ ਬਜਾਏ ਬੇਟੀ ਨੂੰ ਕੇਵਲ ਅਸੀਸ ਦੇਣ ਦੀ ਬੇਨਤੀ ਕੀਤੀ ਗਈ ਸੀ। ਇਸ ਮੌਕੇ ਵੱਡੀ ਗਿਣਤੀ ਵਿਚ ਸ੍ਰੀ ਗੁਰੂ ਰਵਿਦਾਸ ਅਤੇ ਡਾ. ਅੰਬੇਡਕਰ ਸਭਾਵਾਂ ਦੇ ਬੁੱਧੀਜੀਵੀਆਂ ਅਤੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਪਸ਼ੂ ਪਾਲਣ ਵਿਭਾਗ ਦੇ ਅਫਸਰ ਅਤੇ ਡਾਕਟਰ ਸਾਹਿਬਾਨ, ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਅਧਿਆਪਕ ਸਾਹਿਬਾਨ, ਰਿਸ਼ਤੇਦਾਰਾਂ ਅਤੇ ਨਗਰ ਨਿਵਾਸੀਆਂ ਨੇ ਇਸ ਸਮਾਗਮ ਵਿਚ ਵੱਡੀ ਸ਼ਮੂਲੀਅਤ ਕੀਤੀ ਅਤੇ ਪਰਿਵਾਰ ਦੇ ਇਸ ਮਹਾਨ ਉੱਦਮ ਦੀ ਸਰਾਹਨਾ ਕੀਤੀ। ਸੱਭਿਆਚਾਰ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਸਨਮਾਨਤ ਕੀਤਾ ਗਿਆ। ਚਰਨਜੀਤ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।





















# ਖਵਾਜ਼ਾ ਫ਼ਰਦ ਫ਼ਕੀਰ (1720-1790)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਫਰਦ ਫਕੀਰ ਅਠਾਰਵੀਂ ਸਦੀ ਦਾ ਮਸ਼ਹੂਰ ਸ਼ਰਹੀ ਦਰਵੇਸ਼ ਸੂਫੀ ਕਵੀ ਹੋਇਆ ਹੈ, ਜਿਸਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਅਤੇ ਅਨਿਆਏ ਦੇ ਵਿਰੁੱਧ ਆਵਾਜ਼ ਉਠਾਈ। ਇਸ ਫਕੀਰ ਦੇ ਕੋਲ ਸਾਰੇ ਵਰਗਾਂ, ਜਾਤਾਂ ਦੇ ਸੇਵਕ ਆਉਂਦੇ ਸਨ। ਉਹ ਜੁਲਾਹਿਆਂ ਤੇ ਨਾਈਆਂ ਦਾ ਪੀਰ ਸੀ। ਉਹ ਆਮ ਜਨ ਸਧਾਰਨ ਵਿਚ ਹਰਮਨ ਪਿਆਰਾ ਸੀ। ਮੌਲਾ ਬਖ਼ਸ਼ ਕੁਸ਼ਤਾ ਫਰਦ ਬਾਰੇ ਲਿਖਦੇ ਹਨ ਕਿ ਬੜੇ ਨੇਕ ਤੇ ਸਲਾਹ ਬਜ਼ੁਰਗ ਇਨਸਾਨ ਦਰਵੇਸ਼ ਸਨ। ਲੋਕਾਂ ਨੂੰ ਇਲਮ ਪੜ੍ਹਾਉਂਦੇ, ਅਰਬੀ, ਫਾਰਸੀ, ਫਕਾ, ਅਦੀਸ ਦੇ ਮਾਹਿਰ ਸਨ। ਅਰਬੀ ਫਾਰਸੀ ਦੇ ਮਾਹਿਰ ਹੋਣ ਕਰਕੇ ਸ਼ਿਅਰਾਂ ਵਿਚ ਫਾਰਸੀ ਦੇ ਲਫਜ਼ ਤੇ ਅਰਬੀ ਆਇਤਾਂ ਕਲਾਮ ਵਿਚ ਰਵਾਨਗੀ ਪੁਖਤਗੀ, ਉੱਚ ਖਿਆਲ ਤੇ ਸੋਜ਼ ਹੈ। ਉਹ ਝੂਠ ਤੋਂ ਦੂਰ ਇਕ ਨੇਕ ਸਾਦਾ ਤੇ ਮੁਹੱਬਤ ਦੀ ਜ਼ਿੰਦਗੀ ਦੇ ਹਾਮੀ ਸਨ। ਕਿੱਸਾ ਸੈਲਫ ਮਲੂਕ ਦੇ ਕਰਤਾ ਮੀਆਂ ਮੁਹੰਮਦ ਬਖ਼ਸ਼ ਇਨ੍ਹਾਂ ਬਾਰ ਲਿਖਦੇ ਹਨ:

ਫਰਦ ਫਕੀਰ ਹੋਇਆ ਕੋਈ ਖਾਸਾ, ਮਰਦ ਸਫਾਈ ਵਾਲਾ।
ਫਿਕਾਅ ਅੰਦਰ ਵੀ ਚੁਸਤ ਸੁਖਨ ਹੈ, ਇਸ਼ਕ ਅੰਦਰ ਖੁਸ਼ਹਾਲਾ।
ਬਾਬ-ਓ-ਬਾਬ ਫਕਰ ਦੇ ਅੰਦਰ ਵੜਿਆ ਨਾਲ ਸੰਭਾਲੇ।
ਬੈਂਤ ਤਰਾਜ਼ੂ ਤੌਲ ਬਣਾਇਓਸ ਮੱਸਲੇ ਦਸਿਉਸੁ ਨਾਲੇ।

ਫਰਦ ਦੇ ਜੀਵਨ ਬਾਰੇ ਲਿਖਤੀ ਜਾਂ ਮੌਖਿਕ ਤੱਥ ਨਹੀਂ ਮਿਲਦੇ।ਉਸ ਦੀਆਂ ਪ੍ਰੰਪਰਾਵਾਂ ਗੁਜਰਾਤ ਜ਼ਿਲ੍ਹੇ (ਪਾਕਿਸਤਾਨ) ਨਾਲ ਜੁੜੀਆਂ ਹਨ। ਉਹ ਗੁਜਰਾਤ ਦੇ ਕਿਸੇ ਪਿੰਡ ਦਾ 1720 ਦਾ ਜੰਮਪਲ ਹੈ। ਗੁਜਰਾਤ ਜਿੱਥੇ ਦਫ਼ਤਰੀ ਪ੍ਰਸ਼ਾਸਨਿਕ ਤੌਰ 'ਤੇ ਪ੍ਰਸਿੱਧ ਹੈ, ਉਥੇ ਇਸਦਾ ਸਿੱਖ ਧਰਮ ਨਾਲ ਨੇੜੇ ਦਾ ਸਬੰਧ ਹੈ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਮੁੜੇ ਤਾਂ ਇਸੇ ਸ਼ਹਿਰ ਵਿਚ ਬਿਰਾਜਮਾਨ ਹੋਏ। ਆਪਜੀ ਦੀ ਯਾਦ ਵਿਚ ਕਾਬਲੀ ਦਰਵਾਜ਼ੇ ਇਕ ਗੁਰਦੁਆਰਾ ਹੈ। ਸਿੱਖ ਫੌਜ ਅਤੇ ਅੰਗਰੇਜ਼ਾਂ ਦੀ ਆਖਰੀ ਜੰਗ 21 ਫਰਵਰੀ 1849 ਨੂੰ ਗੁਜਰਾਤ ਵਿਖੇ ਹੋਈ। ਫਰਦ ਆਪਣੀਆਂ ਰਚਨਾਵਾਂ ਰਾਹੀਂ ਆਪਣੀ ਜਾਣਕਾਰੀ ਦਿੰਦਾ ਹੈ। ਆਪਣੇ ਕਾਵਿ ਕਾਸਬ-ਨਾਮਾ ਵਿਚ ਲਿਖਦਾ ਹੈ।

ਯਾਰਾਂ ਸੈ ਤਰੇਸਠ ਬਰਸਾ ਸੰਨ ਨਬੀ ਦਾ ਆਇਆ।
ਇਹ ਰਸਾਲਾ ਕਾਮਿਲ ਹੋਯਾ, ਹੁਕਮ ਧੁਰਾਹੋ ਪਾਇਆ।

ਭਾਵ ਪੈਗੰਬਰ ਦੇ ਯੁੱਗ ਦੇ ਗਿਆਰਾਂ ਸੌ ਅਤੇ ਸਠਵੇਂ ਸਾਲ ਹੈ ਆਉਣਾ ਅਤੇ ਇਹ ਕਿਤਾਬ ਉਸ ਕ੍ਰਮ ਅਨੁਸਾਰ ਮੁਕੰਮਲ ਹੈ ਜੀ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਉਸਨੇ ਏ. ਐਚ. 1163 (1751) ਵਿਚ ਕਿਤਾਬ ਖਤਮ ਕੀਤੀ, ਉਸ ਵੇਲੇ ਉਸਦੀ ਉਮਰ 30-40 ਸਾਲ ਹੋਵੇਗੀ ਕਿਉਂਕਿ ਆਪਣੇ ਜੁਲਾਹੇ ਚੇਲੇ ਦੇ ਕਹਿਣ ਤੇ ਕਾਸਬ-ਨਾਮਾ ਲਿਖਿਆ ਹੈ। ਲੰਮੇ ਅਧਿਐਨ ਤੋਂ ਬਾਅਦ ਉਸ ਉਮਰ ਵਿਚ ਆਪਣੇ ਚੇਲੇ ਬਣਾਉਣ ਦੇ ਯੋਗ ਹੋਇਆ ਹੋਵੇਗਾ। ਇਸ ਲਈ ਉਸਨੇ ਫਕੀਰੀ ਦਾ ਪ੍ਰਚਾਰ ਉਸ ਉਮਰ ਵਿਚ ਕੀਤਾ ਹੈ। ਡਾ. ਲਾਜਵੰਤੀ ਜੀ ਨੇ ਫਰਦ ਦਾ ਸਮਾਂ 1720-1790 ਮੰਨ ਲਿਆ ਹੈ।

ਉਸਦੀਆਂ ਰਚਨਾਵਾਂ ਵਿਚ: ਬਾਰਾਂ ਮਾਹ, ਸੀਹਰਫੀ ਕਸਬ-ਨਾਮਾ, ਬਫਿੰਦਗਾ ਦਰਿਆ-ਏ-ਮਾਰਫਤ। ਇਕ ਹੋਰ ਰਚਨਾ ਰੋਸ਼ਨ ਦਿਲ ਇਸਦੀ ਆਖੀ ਜਾਂਦੀ ਹੈ, ਪਰ ਕਈ ਵਿਦਵਾਨ ਇਸਨੂੰ ਮੌਲਵੀ ਅਬਦ ਅਲਾ ਦੀ ਰਚਨਾ ਮੰਨਦੇ ਹਨ।

ਉਹ ਆਪਣੀਆਂ ਰਚਨਾਵਾਂ ਵਿਚ ਬੁਰਾਈ ਤੋਂ ਬਚ ਕੇ ਜੀਵਨ ਸੰਵਾਰਨ ਦਾ ਹੋਕਾ ਦਿੰਦਾ ਹੈ ਕਿ ਪਾਪਾਂ ਦਾ ਹਿਸਾਬ ਰੱਬ ਮੰਗੇਗਾ ਤਦ ਮਨੁੱਖ ਪਛਤਾਵੇਗਾ।

ਆਖਿਰ ਰੋਸ਼ਨ ਜਾਰ ਜਾਰ ਹੋ ਸਨ ਮੰਦੇ ਹਾਲ।
ਫਰਦਾ ਲੇਖਾ ਲੈਸ਼ੀਆ ਰੱਬ ਕਾਦਰ ਜਲ ਜਲਾਲ।

ਰੱਬ ਨੂੰ ਰਾਜ਼ੀ ਕਰਨ ਦੀ ਜੁਗਤ ਦੱਸਦਾ ਹੈ ਕਿ ਪੰਜ ਵਖਤ ਨਮਾਜ਼ ਪੜ੍ਹ, ਰੋਜ਼ੇ ਰੱਖ ਮੱਕੇ ਦੇ ਹਜ ਜਾ ਧਰਮ ਵਿਚ ਪੱਕਾ ਹੈ।

ਹੇ ਰਾਜ਼ੀ ਕਰ ਤੂੰ ਰੱਬ ਨੂੰ ਰੋਜ਼ਾ ਹਜ ਜਕਾਤ।
ਕਲਮਾ ਤਈਅਬ ਆਖਣਾ ਪੰਜੇ ਵਕਤ ਸਲਾਤ।
ਕਰਨੀ ਤਰਕ ਹਰਾਮ ਥੀ ਖਾਵਣ ਢੂੰਡ ਹਲਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜਲੁ ਜਲਾਲ।

ਫਰਦ ਦੇ ਜੀਵਨ ਬਾਰੇ ਲਿਖਤੀ ਜਾਂ ਮੌਖਿਕ ਤੱਥ ਨਹੀਂ ਮਿਲਦੇ। ਉਸ ਦੀਆਂ ਪ੍ਰੰਪਰਾਵਾਂ ਗੁਜਰਾਤ ਜ਼ਿਲ੍ਹੇ (ਪਾਕਿਸਤਾਨ) ਨਾਲ ਜੁੜੀਆਂ ਹਨ। ਉਹ ਗੁਜਰਾਤ ਦੇ ਕਿਸੇ ਪਿੰਡ ਦਾ 1720 ਦਾ ਜੰਮਪਲ ਹੈ। ਗੁਜਰਾਤ ਜਿੱਥੇ ਦਫ਼ਤਰੀ ਪ੍ਰਸ਼ਾਸਨਿਕ ਤੌਰ 'ਤੇ ਪ੍ਰਸਿੱਧ ਹੈ, ਉਥੇ ਇਸਦਾ ਸਿੱਖ ਧਰਮ ਨਾਲ ਨੇੜੇ ਦਾ ਸਬੰਧ ਹੈ। ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਮੁੜੇ ਤਾਂ ਇਸੇ ਸ਼ਹਿਰ ਵਿਚ ਬਿਰਾਜਮਾਨ ਹੋਏ। ਆਪਜੀ ਦੀ ਯਾਦ ਵਿਚ ਕਾਬਲੀ ਦਰਵਾਜ਼ੇ ਇਕ ਗੁਰਦੁਆਰਾ ਹੈ। ਸਿੱਖ ਫੌਜ ਅਤੇ ਅੰਗਰੇਜ਼ਾਂ ਦੀ ਆਖਰੀ ਜੰਗ 21 ਫਰਵਰੀ 1849 ਨੂੰ ਗੁਜਰਾਤ ਵਿਖੇ ਹੋਈ। ਫਰਦ ਆਪਣੀਆਂ ਰਚਨਾਵਾਂ ਰਾਹੀਂ ਆਪਣੀ ਜਾਣਕਾਰੀ ਦਿੰਦਾ ਹੈ। ਆਪਣੇ ਕਾਵਿ ਕਾਸਬ-ਨਾਮਾ ਵਿਚ ਲਿਖਦਾ ਹੈ।

ਡਾ. ਲਾਜਵੰਤੀ ਫਰਦ ਫਕੀਰ ਦੀ ਕਾਵਿ ਪ੍ਰਤਿਭਾ ਬਾਰੇ ਉੱਚ ਵਿਚਾਰ ਨਹੀਂ ਰੱਖਦੇ। ਉਹਦੀ ਕੱਟੜਤਾ ਉਸਦੇ ਸੂਫੀ ਹੋਣ ਦੇ ਨਾਮ ਤੇ ਵੱਟਾ ਹੈ, ਜਦ ਉਹ ਹਿੰਦੂਆਂ ਨੂੰ ਨਿੰਦਦਾ ਹੈ।

ਲਾਮ ਲਾਮੋ ਲਾਹਨਤ ਕਾਫਰਾਂ ਹੋਰ ਕਰਾੜਾ ਦੇਹ।
ਰਾਮ ਕ੍ਰਿਸ਼ਨ ਅਵਤਾਰ ਤੇ ਵਿਅੰਗ ਕਸਦਾ ਹੈ।
ਜਿਹੜੇ ਇਸ਼ਮ ਖੁਦਾਇ ਦੇ ਲਿਖੇ ਅੰਦਰ ਨੱਸ
ਉਹੇ ਨਾ ਭੁਲਾਵਨਾ ਰਾਮ ਕ੍ਰਿਸ਼ਨ ਸਿਰ ਭੱਸ।

ਉਹ ਹਿੰਦੂਆਂ ਨੂੰ ਨਸੀਹਤ ਦਿੰਦਾ ਹੈ ਕਿ ਬਾਕੀ ਸਾਰੇ ਝੂਠੇ ਰਾਹ ਛੱਡ ਕੇ ਇਸਲਾਮ ਕਬੂਲ ਕਰ ਲਵੋ।

ਮਨ ਮੁਹੰਮਦ ਮੁਸਤਫਾ ਲੰਘੀ ਪਹਿਲੇ ਪੂਰ।
ਚਹੁੰਆ ਯਾਰਾਂ ਦੀ ਦੋਸਤੀ ਮੰਨ ਨਬੀ ਦੀ ਆਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜਲ ਜਲਾਲ।

ਜੇਕਰ ਤੂੰ ਭਵਸਾਗਰ ਨੂੰ ਪਾਰ ਕਰਨਾ ਹੈ ਤਾਂ ਮੁਹੰਮਦ ਦੇ ਰਾਹ ਤੇ ਆ ਜਾ ਨਹੀਂ ਤਾਂ ਉਹ ਤੇਰੇ ਪਾਪਾਂ ਦਾ ਹਿਸਾਬ ਕਰੇਗਾ। ਤੈਨੂੰ ਨਰਕ ਵਿਚ ਸੁੱਟ ਦੇਵੇਗਾ।

ਉਹ ਸ਼ਰੀਅਤ ਦੇ ਚਾਰ ਪੜਾਵਾਂ ਨੂੰ ਪਛਾਣਦਾ ਹੈ। 1. ਸ਼ਰੀਅਤ, 2. ਤਰੀਕਤ, 3. ਹਕੀਕਤ, 4. ਮਾਰਫ਼ਤ

ਅਵਲ ਕਾਸਿਬ ਵਿਚ ਸੁਰਾ ਦੇ ਖੱਡੀ ਕਦਮ ਟਿਕਾਏਂ।
ਰਾਹ ਤਰੀਕ ਕਸਬ ਦਾ ਜਾਣੇ, ਤਾਂ ਹੱਥ ਪਾਏਂ।
ਚਸ਼ਮ ਹਕੀਕਤ ਦੇ ਵਲ ਰੱਖਕੇ, ਟੁਰੇ ਨਾ ਉਲਟੀ ਚਾਲ।
ਨਾ ਮਾਰਫ਼ਤ ਦਿਲ ਨੂੰ ਧੋ ਕੇ ਹੋਵੇ ਜਾਨ ਸੁਖਾਲ।

ਸਭ ਤੋਂ ਪਹਿਲਾਂ ਤੂੰ ਸ਼ਰਾ ਦੇ ਰਾਹ ਤੇ ਪੱਕੇ ਪੈਰੀ ਚੱਲ। ਸੂਫੀ ਦਾ ਰਾਹ ਚੰਗੀ ਤਰ੍ਹਾਂ ਜਾਣ ਕੇ ਤੀਸਰੇ ਪੜਾਅ ਤੇ ਮੰਨ ਨੂੰ ਕਾਬੂ ਰੱਖ ਹੱਕ ਤੇ ਰਹਿ। ਆਪਣਾ ਮਨ ਸਾਫ ਕਰਕੇ ਚੌਥੇ ਪੜਾਅ ਮਾਰਫ਼ਤ ਵੱਲ ਜਾ। ਜਿੱਥੇ ਤੈਨੂੰ ਮੁਕਤੀ ਮਿਲੇਗੀ। ਤੇਰੀ ਯੋਗਤਾ ਭਰੋਸੇ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਰੁੱਖੇਪਣ ਦੀ ਹੋਵੇ।

ਲਾਮ ਲੱਖਾਂ ਪੜ੍ਹਦੇ ਆਦਮੀ ਡੰਗਰਾਂ ਵਾਂਗ ਕੁਰਾਨ।
ਖਾਵਣ ਕਿਉਂ ਹਰਾਮ ਨੂੰ ਹੱਕ ਪਰਾਇਆ ਜਾਣ।
ਤਸਬੀਰ ਖਿਰਕਾ ਮੁਕਰ ਦਾ ਅੱਗੇ ਅੰਦਰ ਜਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਉਹ ਦੁਨਿਆਵੀ ਸੁੱਖਾਂ ਦੀ ਨਿੰਦਾ ਕਰਦਾ ਹੈ। ਅਸਥਿਰ ਅਤੇ ਵਿਅਰਥ ਨੂੰ ਤਿਆਗ ਦੇਣ ਦੀ ਸਲਾਹ ਦਿੰਦਾ ਹੈ। ਸੰਸਾਰ ਵਿਚ ਚੰਗੇ ਕੰਮ ਕਰਨ ਦੀ ਸਲਾਹ ਦਿੰਦਾ ਹੈ।

ਅਲਫ ਅਲਾ ਬਿਨ ਗਾਫਲਾ ਫਿਰਿਉਂ ਸਾਰਾ ਜੱਗ।
ਰਾਹ ਭੁਲਾਇਉਈ ਹੱਕ ਦਾ ਦੁਨੀਆਂ ਪਿੱਛੇ ਲੱਗ।
ਦੁਨੀਆਂ ਕੌੜੀ ਚਾਰ ਦਿਨ ਰਾਹ ਸ਼ਰਾ ਦਾ ਭਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਕਾਲ ਜਲਾਲ।

ਤੂੰ ਦੁਨੀਆਂ ਵਿਚ ਉਦੇਸ਼ ਰਹਿਤ ਭਟਕਦਾ ਹੈਂ। ਸੰਸਾਰੀ ਲੋਕਾਂ ਦੇ ਪਿੱਛੇ ਲੱਗ ਕੇ ਰੱਬ ਦਾ ਨਾਮ ਭੁੱਲ ਗਿਆ ਹੈ। ਸੰਸਾਰ ਦੇ ਸੁਖ ਅਸਥਾਈ ਹਨ ਅਤੇ ਭਰਮ ਪੂਰਨ ਹਨ। ਤੂੰ ਸ਼ਰਾ ਦੇ ਰਾਹ ਚੱਲ, ਤੇਰੇ ਕੰਮਾਂ ਦਾ ਹਿਸਾਬ ਰੱਬ ਲਵੇਗਾ।

ਵੈਸ਼ਨਵਾਦ ਅਧੀਨ ਪਤਨੀ ਭਗਤੀ ਦਾ ਪ੍ਰਭਾਵ ਦੱਸਿਆ ਹੈ। ਜੋ ਬਾਰਾਮਾਹ ਵਿਚ ਲਿਖਿਆ ਹੈ। ਪਰ ਰਚਨਾ ਦਰਿਆਈ ਮਾਰਫ਼ਤ ਵਿਚ ਉਲਟ ਲਿਖਿਆ ਹੈ ਕਿ ਉਹ ਇਸ਼ਕ ਮਿਜਾਜੀ ਨੂੰ ਇਕ ਪਾਪ ਸਮਝਦਾ ਹੈ। ਲਿਖਦਾ ਹੈ:

ਕਰ ਤੌਬਾ ਇਸ਼ਕ ਮਿਜਾਜ਼ ਥੀਨ
ਪੜ੍ਹ ਸਬਕ ਹਕਾਨੀ ਰਾਜ ਥੀਨ

ਆਪਣੇ ਪਿਆਰ ਨੂੰ ਤਿਆਗਣ ਲਈ ਸੁਚੇਤ ਹੋ ਕੇ ਸੰਕਲਪ ਕਰੋ। ਸ਼ਾਨਦਾਰ ਸੁੰਦਰਤਾ ਅਤੇ ਆਪਣੇ ਅਤੀਤ ਤੇ ਤੌਬਾ ਕਰੋ। ਆਚਰਣ ਸ਼ੁੱਧ ਕਰਨ ਦੇ ਸੱਚੇ ਭੇਦ ਨੂੰ ਜਾਣੋ।

ਬਾਰਾਮਾਹ ਵਿਚ ਇਸੇ ਦਾ ਖੰਡਨ ਕਰਦਾ ਹੈ ਅਤੇ ਜੁਲੇਖਾ ਨੂੰ ਯੂਸਫ ਨਾਲ ਆਦਰਸ਼ ਪ੍ਰੇਮੀ ਵਜੋਂ ਸਵੀਕਾਰ ਕਰਦਾ ਹੈ।

ਮੈਂ ਵਾਂਗ ਜੁਲੇਖਾਂ ਪੁੱਛਦੀ।
ਗਲ ਯੂਸਫ ਮਿਸਰ ਬਾਜ਼ਾਰ ਦੀ।

ਮੈਂ ਉਸੇ ਪ੍ਰਮਾਤਮਾ ਬਾਰੇ ਪੁੱਛਦਾ ਹਾਂ, ਜਿਵੇਂ ਜੁਲੇਖਾਂ ਨੇ ਯੂਸਫ ਬਾਰੇ ਮਿਸਰ ਦੇ ਬਾਜ਼ਾਰ ਵਿਚ ਪੁੱਛਿਆ ਹੈ। ਬਾਰਾਮਾਹ ਵਿਚ ਉਹ ਔਰਤ ਦਾ ਬਰਾਬਰ ਦਾ ਸ਼ੁੱਧਤਾ ਦਾ ਦਰਜਾ ਦੱਸਦਾ ਹੈ।

ਭਾਵੇਂ ਉਹ ਇਕ ਸੂਫੀ ਕਿਹਾ ਜਾਂਦਾ ਹੈ ਪਰ ਜਿਹੜੇ ਸੂਫੀ ਆਪਣੇ ਮੱਤ ਵਿਚ ਸੱਚੇ ਨਹੀਂ ਹਨ, ਦਾ ਪ੍ਰਚਾਰ ਕਰਦਾ ਹੈ ਕਿ:

ਬਾਹਰ ਬਾਣਾ ਸੂਫੀਆਂ ਅੰਦਰ ਦਗਾ ਕਮਾਏ
ਫਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ

ਜਾਂ ਅੱਗੇ ਹੋਰ ਕਹਿੰਦਾ ਹੈ:

ਮੀਮ-ਮੀਮੋ ਮੁਲ ਵਿਕਾਉਂਦੀ ਅੱਜ ਫਕੀਰੀ ਹੱਟ।
ਇਕ ਪੈਸੇ ਦੀ ਉਨ ਲੈ ਗਲ ਨੂੰ ਸੇਹਲੀ ਵੱਟ।
ਗਿਰੀ ਰੰਗ ਲੈ ਕੱਪੜੇ ਖੋਲ੍ਹ ਸਿਰੇ ਦੇ ਵਾਲ।
ਫਰਦਾ ਲੇਖਾ ਲੈਸੀਆ ਰੱਬ ਕਾਦਰ ਜੁਲ ਜਲਾਲ।

ਫਕੀਰੀ ਅੱਜ ਹੱਟੀਆਂ ਤੇ ਮੁੱਲ ਵਿਕਦੀ ਹੈ। ਇਕ ਪੈਸੇ ਦੀ ਉਨ ਲੈ ਸੇਲੀ ਵਟ ਕੇ ਗਲੇ ਦੁਆਲੇ ਬੰਨ ਲੈ। ਗੇਰੂ ਰੰਗ ਦੇ ਕੱਪੜੇ ਪਾ ਕੇ ਸਿਰ ਦੇ ਵਾਲ ਖੋਲ੍ਹ ਲੈ। ਪਰ ਇਸ ਭੇਖ ਦਾ ਹਿਸਾਬ ਉਹ ਸੱਚਾ ਰੱਬ ਲਵੇਗਾ।

ਫਰਦ ਦੇ ਜ਼ਮਾਨੇ ਵਿਚ ਕਲਾ ਦਾ ਵਿਕਾਸ ਨਹੀਂ ਹੋਇਆ। ਔਰੰਗਜੇਬਦੀ 1707 ਵਿਚ ਮੌਤ ਹੋਈ ਤਾਂ ਪੰਜਾਬ ਵਿਚ 1739-1770 ਤੱਕ ਰਾਜਨੀਤਿਕ ਉਥਲ-ਪੁਥਲ ਰਹੀ। ਨਾਦਰ ਦੇ 1739 ਦੇ ਹਮਲੇ ਅਤੇ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ 1748 ਵਿਚ ਸ਼ੁਰੂ ਹੋਏ। ਦਿੱਲੀ ਤਖਤ ਦੇ ਮੁਗਲ ਅਤੇ ਦੁਰਾਨੀ ਰਾਜਗੱਦੀ ਲਈ ਸੰਘਰਸ਼ ਕਰ ਰਹੇ ਸਨ। ਇਸ ਤਰ੍ਹਾਂ ਅਰਾਜਕਤਾ ਫੈਲ ਗਈ। ਇਸ ਸਮੇਂ ਸਿੱਖਾਂ ਕੋਲ ਆਪਣੀ ਤਾਕਤ ਵਧਾਉਣ ਦਾ ਸੁਨਹਿਰੀ ਮੌਕਾ ਸੀ। ਉਹ ਸ਼ਾਸ਼ਕਾਂ ਲਈ ਵੱਡੀ ਚੁਣੌਤੀ ਸਨ। ਮਰਾਠਾ ਅਤੇ ਦੁਰਾਨੀ ਦੀਆਂ ਝੜੱਪਾਂ ਜਾਰੀ ਸਨ। ਮਰਾਠੇ1761 ਵਿਚ ਹਾਰ ਗਏ। ਹੁਣ ਮੁਕਾਬਲਾ ਕਮਜ਼ੋਰ ਹੋ ਰਹੇ ਦੁਰਾਨੀਆਂ ਅਤੇ ਚੜ੍ਹਦੀਕਲਾ ਵਾਲੇ ਸਿੱਖਾਂ ਵਿਚਕਾਰ ਸੀ। ਸੰਨ 1770 ਵਿਚ ਸਿੱਖਾਂ ਦਾ ਪੰਜਾਬ ਤੇ ਕਬਜਾ ਹੋ ਗਿਆ। ਕੁਝ ਹੀ ਸਾਲਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਸਥਾਪਤ ਹੋ ਗਿਆ। ਜੋ 12 ਅਪ੍ਰੈਲ 1801 ਤੋਂ 27 ਜੂਨ 1839 ਤੱਕ ਰਿਹਾ।

ਅਜਿਹੇ ਅਸ਼ਾਂਤ ਸਮੇਂ ਵਿਚ ਜਦ ਸਿੱਖ ਰਾਜ ਤੋਂ ਪਹਿਲਾਂ ਵੱਖ-ਵੱਖ ਦਾਅਵੇਦਾਰਾਂ ਵੱਲੋਂ ਰਾਜਗੱਦੀ ਲਈ ਸੰਘਰਸ਼ ਚਲਦੇ ਰਹੇ ਤਾਂ ਕਲਾ ਦਾ ਵਿਕਾਸ ਨਹੀਂ ਹੋ ਸਕਿਆ। ਵੱਖ-ਵੱਖ ਭਾਈਚਾਰਿਆਂ ਵਿਚ ਸਹਿਣਸ਼ੀਲਤਾ ਦੀ ਘਾਟ ਸੀ। ਆਪਸੀ ਸਾਂਝੀਵਾਲਤਾ ਨੂੰ ਠੇਸ ਪਹੁੰਚੀ ਸੀ।ਅਜਿਹੇ ਅਨਿਸਚਿਤ ਸਮੇਂ ਵਿਚ ਵੱਖ-ਵੱਖ ਪੀਰਾਂ ਵੱਲੋਂ ਪ੍ਰਚਾਰ ਕੀਤਾ ਗਿਆ। ਉਹਨਾਂ ਨੇ ਆਪਣੇ ਬਚਾਅ ਲਈ ਵੀ ਯਤਨ ਕੀਤੇ। ਸੂਫੀਵਾਦ ਪ੍ਰਸਿੱਧ ਹੋਇਆ, ਜਿਸਨੇ ਲੋਕਾਂ ਵਿਚ ਮੁੜ ਉਤਸ਼ਾਹ ਭਰਿਆ। ਫਰਦ ਦੀ ਵੱਡੀ ਭੂਮਿਕਾ ਰਹੀ ਹੈ।

ਫਰਦ ਦੀਆਂ ਰਚਨਾਵਾਂ ਕਈ ਨਿੱਜੀ ਤੌਰ ਤੇ ਪਾਠਕਾਂ ਕੋਲ ਹਨ ਅਤੇ ਕਈ ਸੰਸਕਰਣ ਲਾਇਬ੍ਰੇਰੀਆਂ ਵਿਚ ਉਪਲਬਧ ਹਨ। ਉਸਦਾ ਕਾਵਿ ਸਾਹਿਤ ਵਿਚ ਉਪਯੋਗੀ ਹੈ।

# ਗਵੱਈਆਂ ਤੇ ਜਰਨੈਲਾਂ ਦਾ ਗਵਾਹ ਹਰਿਆਣਾ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ-ਵਰਿੰਦਰ ਸਿੰਘ ਨਿਆਣਾ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਕ ਲੁਧਿਆਣਾ**
**ਪੰਨੇ: 120, ਮੁੱਲ:225**

ਵਰਿੰਦਰ ਸਿੰਘ ਨਿਮਾਣਾ ਇਕ ਸਾਹਿਤਕਾਰ ਤੋਂ ਪਹਿਲਾਂ ਇਕ ਗਹਿਰ ਗੰਭਰਿ ਪਾਠਕ ਹੈ।ਉਹਨਾਂ ਨੇ ਜੋ ਵੀ ਸਿ-ਰਜਿਆ ਹੈ ਉਸ ਪਿੱਛੇ ਇਕ ਖਾਸ ਕਿਸਮ ਦਾ ਅਧਿਆਨ ਹੈ। ਜਿਸ ਜਰੀਏ ਉਹ ਅਣਫੋਲੇ ਅਤੇ ਅਣਛੋਹੇ ਪੰਨਿਆ ਨੂੰ ਪਾਠਕਾਂ ਦੇ ਰੂ-ਬ-ਰੂ ਕਰਦੇ ਹਨ। ਹੱਥਲੀ ਪੁਸਤਕ 'ਗਵੱਈਆਂ ਤੇ ਜਰਨੈਲਾਂ ਦਾ ਗਵਾਹ ਹਰਿਆਣਾ' ਇਸ ਗੱਲ ਦਾ ਪ੍ਰਮਾਣ ਹੈ। ਜਿਸ ਪੁਸਤਕ ਦੀ ਰਚਨਾ ਵਾਸਤੇ ਉਸਨੇ ਦਰਜਨਾਂ ਪੁਸਤਕਾਂ ਦਾ ਅਧਿਐਨ ਕੀਤਾ ਹੈ। ਬਾਅਦ ਵਿਚ ਹਰਿਆਣਾ ਦੇ ਰੌਚਕ ਅਤੇ ਇਤਿਹਾਸਕ ਦ੍ਰਿਸਟੀਕੋਣ ਤੋਂ ਅਹਿਮ ਤੇ ਨਿਰਾਲੇ ਕਿੱਸਿਆਂ ਨੂੰ ਪੁਸਤਕ ਵਿਚ ਸ਼ਾਮਲ ਕੀਤਾ ਹੈ।ਉਹਨਾਂ ਦੀ ਪਲੇਠੀ ਪੁਸਤਕ 'ਸੰਧੂਰੀ ਅੰਬੀਆਂ' ਨੂੰ ਪਾਠਕਾਂ ਨੇ ਭਰਪੂਰ ਹੁੰਗਾਰਾ ਦਿੱਤਾ ਸੀ। ਇਸੇ ਹੁਲਾਰੇ ਸਦਕਾ ਹੱਥਲੀ ਪੁਸਤਕ ਦੀ ਤਾਮੀਰ ਹੋਈ ਸੀ।

ਇਤਿਹਾਸਕ ਵੇਰਵਿਆਂ ਅਨੁਸਾਰ ਮਹਾਨ ਸੰਗੀਤਕਾਰ ਪੰਡਿਤ ਹਰੀ ਦਾਸ ਦੇ ਨਾਮ ਤੇ ਹਰਿਆਣੇ ਦਾ ਨਾਮਕਰਣ ਹੋਇਆ ਦੱਸਿਆ ਜਾਂਦਾ ਹੈ। ਉਹਨਾਂ ਦੇ ਮਹਾਨ ਸ਼ਾ-ਗਰਦਾਂ ਵਿਚ ਤਾਨਸੈਨ ਅਤੇ ਬੈਜੂ ਬਾਵਰਾ ਦਾ ਨਾਮ ਦਰਜ ਹੈ। ਇਹ ਕਸਬਾ ਅਕਬਰ ਅਤੇ ਗਜ਼ਨਵੀ ਦੇ ਸਮੇਂ ਵੀ ਘੁੱਗ ਵਸਦਾ ਸੀ ਤੇ ਯਾਦੈ ਵੰਸ਼ ਦੀ ਰਿਆਸਤ ਦਾ ਹਿੱਸਾ ਰਿਹਾ। ਨਾਰੂ ਰਾਜਪੂਤਾਂ ਤੇ ਧੜਵੈਲ ਰਾਣਾ ਦਿਲਚਾ ਦੀ ਰਿਆਸਤ 'ਚ ਹ-ਰਿਆਣਾ ਸਮੇਤ 750 ਪਿੰਡ ਸ਼ਾਮਲ ਸਨ। ਹੁਸ਼ਿਆਰਪੁਰ ਵਿਚ 22 ਬਸੀਆਂ ਅਤੇ 23 ਵਾਂ ਹਰਿਆਣਾ ਜਾਂ ਕੁੱਝ ਇਲਾਕਿਆਂ ਵਿਚ 23ਵਾਂ ਬਹਾਰਪੁਰ ਵੀ ਲਿਖਿਆ ਜਾਂਦਾ ਹੈ। ਸਿੱਖ ਮਿਸਲਾਂ ਵੇਲੇ ਅਦੀਨਾ ਬੇਗ ਦੀ ਮੌਤ ਤੋਂ ਬਾਅਦ ਕਰੋੜ ਸਿੰਘੀਆਂ ਮਿਸਲ ਦੇ ਸਰਦਾਰ ਬਘੇਲ ਸਿੰਘ ਨੇ ਜਦੋਂ ਹੁਸ਼ਿਆਰਪੁਰ ਦਾ ਬਹੁਤਾ ਇਲਾਕਾ ਜਿੱਤ ਕੇ ਬਿਸਤ ਜਲੰਧਰ ਤੇ ਕਬਜ਼ਾ ਕੀਤਾ ਤਾਂ ਉਸਨੇ ਆਪਣਾ ਹੈਡ ਕੁਆਟਰ ਹਰਿਆਣੇ ਨੂੰ ਬਣਾਇਆ। ਇਸ ਤਰ੍ਹਾਂ ਇਹ ਕਸਬਾ ਕਿਸੇ ਜਮਾਨੇ ਵੱਡੇ ਨਗਰਾਂ ਵਿਚ ਸ਼ਾਮਲ ਸੀ। ਜਿਸਦਾ ਕਾਰਨ ਇਥੋਂ ਦੀ ਭੂਗੋਲਿਕ ਖੂਬਸੂਰਤੀ ਅਤੇ ਇਥੇ ਵਸਦੇ ਮਹਾਨ ਕਿਰਤੀ, ਕਿਸਾਨ, ਗਵੱਈਏ, ਨਚਾਰ ਅਤੇ ਕਬਲ ਸਨ।ਭਾਵ ਇਸ ਸ਼ਹਿਰ ਵਿਚ ਹਰ ਪ੍ਰਕਾਰ ਦੇ ਹੁਨਰ ਦੇ ਮਾਲਕ ਵਸਦੇ ਸਨ। ਜਿਨ੍ਹਾਂ ਦੀ ਕਲਾ ਦੀ ਧੁੰਮ ਆਲੇ ਦੁਆਲੇ ਦੂਰ ਦੁਰੇਡੇ ਤਕ ਪਈ ਹੋਈ ਸੀ।




ਲੇਖਕ ਨੇ ਪਾਸਤਕ ਨੂੰ ਵੰਨ-ਸੁਵੰਨਤਾ ਪ੍ਰਦਾਨ ਕਰਨ ਲਈ ਕਸਬੇ ਨਾਲ ਸਬੰਧਤ ਸਭ ਪਹਿਲੂਆਂ ਨੂੰ ਵਿਚਾਰਿਆ ਤੇ ਨਿਖਾਰਿਆ ਹੈ। ਇਥੇ ਵਸਦੇ ਆਮ ਲੋਕਾਂ ਤੋਂ ਸ਼ੁਰੂ ਹੋ ਕੇ ਮਹਾਨ ਅਤੇ ਅਮੀਰ ਲੋਕਾਂ ਦੀ ਵੀ ਚਰਚਾ ਕੀਤੀ ਗਈ ਹੈ। ਰਾਜੇ ਮਹਾਰਾਜਿਆਂ ਦੁਆਰਾ ਉਸਾਰੀਆਂ ਗਈਆਂ ਮਸਜਿਦਾਂ, ਬਾਉਲੀਆਂ ਅਤੇ ਮੰਦਰਾਂ ਦਾ ਵੀ ਜ਼ਿਕਰ ਸ਼ਾਮਲ ਹੈ। ਹਰਿਆਣਾ ਦੇ ਸਿੱਖ ਰਾਜ ਨਾਲ ਸੰਬੰਧਤ ਗਦਰ ਲਹਿਰ ਵਿਚ ਇਲਾਕੇ ਲਈ ਮੂਹਰੀ ਭੂਮਿਕਾ, ਸਮਾਜਿਕ ਤੇ ਆਰਥਕ ਜੀਵਨ, ਕੰਧ ਚਿੱਤਰਕਾਰੀ, 'ਮੈਂ ਤੇ ਹਰਿਆਣਾ, ਕਵਿਤਾ ਤੇ ਹਰਿਆਣਾ ਆਦਿ ਵਿਸ਼ਿਆਂ ਬਾਰੇ ਬੜੀ ਪ੍ਰਭਾਵਸ਼ਾਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਸਰੋਤ ਪੁਸਤਕਾਂ ਵਿਚ ਖੋਜੀ ਚਿੰਤਕ ਵਿਜੈ ਬੰਬੇਲੀ, ਪ੍ਰਿ: ਤੇਜਾ ਸਿੰਘ ਅਤੇ ਗੰਡਾ ਸਿੰਘ ਦਾ ਜ਼ਿਕਰ ਵਾਰ ਵਾਰ ਹੋਇਆ ਹੈ।ਹਰਿਆਣੇ ਦੇ ਆਲੇ-ਦੁਆਲੇ ਦੀਆਂ ਖਾਸ ਬਾਤਾਂ ਨੇ ਪੁਸਤਕ ਦਾ ਘੇਰਾ ਵਿਸ਼ਾਲ ਕਰ ਦਿੱਤਾ ਹੈ।ਇਨਾਮੀ ਅੰਬਾਂ ਦੇ ਬਾਗ, ਵਿੱਦਿਅਕ ਅਦਾਰੇ, ਸੜਕਾਂ ਅਤੇ ਜਨ-ਜੀਵਨ ਵਿਚ ਸ਼ਾਮਲ ਖਾਣ ਪੀਣ ਦੀਆਂ ਵਸਤਾਂ ਅਤੇ ਬਨਸਪਤੀ ਦਾ ਵੇਰਵਾ ਇਸ ਪੁਸਤਕ ਦੀ ਮਹੱਤਤਾ ਵਿਚ ਵਾਧਾ ਕਰਦਾ ਹੈ।

ਰੌਚਕ ਕਿੱਸਿਆ ਨਾਲ ਸ਼ਿੰਗਾਰੀ ਪੁਸਤਕ ਖੋਜੀਆਂ ਲਈ ਇਕ ਰਾਹ ਦਸੇਹੇ ਦਾ ਕੰਮ ਕਰਦੀ ਹੈ ਵਿਦਿਆਰਥੀਆਂ ਲਈ ਤਾਂ ਇਹ ਪੁਸਤਕ ਬੀਤੇ ਅਤੇ ਵਰਤਮਾਨ ਦਾ ਸੁਮੇਲ ਕਰਦੀ ਹੋਈ ਪ੍ਰਤੀਤ ਹੁੰਦੀ ਹੈ।ਅਧੁਨਿਕ ਸਮੇਂ ਤਕ ਪੁੱਜਣ ਦੀ ਗਾਥਾ ਦਾ ਬਿਰਤਾਂਤ ਰੌਚਕ ਸ਼ੈਲੀ ਵਿਚ ਉਪਲੱਬਧ ਹੈ। ਲੇਖਕ ਦੀ ਖੋਜੀ ਬਿਰਤੀ ਕਰਕੇ ਹੀ ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਬਣ ਸਕੀ ਹੈ। ਮਹਾਨ ਹਸਤੀਆਂ ਦੇ ਜੀਵਨ ਸੰਗ੍ਰਾਮ ਤੋਂ ਸਾਨੂੰ ਜਿੱਥੇ ਇਨਸਾਨੀਅਤ ਦੇ ਰਾਹੇ ਤੁਰਨ ਦੀ ਪ੍ਰੇਰਨਾ ਮਿਲਦੀ ਹੈ ਉਥੇ ਉਚੀਆ ਮੰਜ਼ਿਲਾਂ ਪ੍ਰਾਪਤ ਕਰਨ ਲਈ ਦ੍ਰਿੜਤਾ ਅਤੇ ਨਿਸ਼ਚਾ ਕਰਨ ਦੀ ਸ਼ਕਤੀ ਵੀ ਮਿਲਦੀ ਹੈ। ਇਹ ਪ੍ਰੇਰਨਾਦਾਇਕ, ਇਤਿਹਾਸਕ ਅਤੇ ਸਰਬਾਂਗੀ ਗਿਆਨ ਵਾਲੀ ਪੁਸਤਕ ਹਰ ਸਕੂਲ ਵਿਚ ਉਪਲਬਧ ਹੋਵੇ ਤਾਂ ਇਸਦਾ ਮਨੋਰਥ ਸਾਰਥਕ ਹੋਵੇਗਾ।ਕਿੰਨਾ ਚੰਗਾ ਹੁੰਦਾ ਜੇਕਰ ਪੁਸਤਕ ਵਿਚ ਇਤਿਹਾਸਕ ਸਥਾਨਾਂ, ਵਿਦਵਾਨਾ ਦੀਆਂ ਕੁੱਝ ਤਸਵੀਰਾਂ ਛਾਪ ਦਿੱਤੀਆਂ ਜਾਂਦੀਆਂ। ਵਰਿੰਦਰ ਨਿਮਾਣਾ ਤੋਂ ਅਜੇ ਹੋਰ ਵੀ ਰੌਚਕ ਤੇ ਗਿਆਨ ਭਰਪੂਰ ਪੁਸਤਕਾਂ ਦੀਆਂ ਉਮੀਦਾਂ ਹਨ।



ਬਲਜਿੰਦਰ ਮਾਨ


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649


















# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

**WASH, LUBE, BRAKES**

Call:

650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust